# ਚਿਰਾਗ

ਅਪ੍ਰੈਲ-ਜੂਨ 2003

**April -June 2003**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ  -44-  ਅਪ੍ਰੈਲ-ਜੂਨ 2003

# ਚਿਰਾਗ (ਤਿਮਾਹੀ)

ਅਪ੍ਰੈਲ-ਜੂਨ, 2003

ਸੰਪਾਦਕ : ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ

◆ ਸੰਪਾਦਕੀ ਟਿੱਪਣੀ : ਮਾਣ ਸਨਮਾਨ ਦੀ ਗੱਲ
◆ ਕਹਾਣੀ : ਭਾਰ ਮੁਕਤ (ਸੁਰਜੀਤ ਬਰਾੜ (ਡਾ.) ਕਿੱਕਰਾਂ ਦੀ ਛਾਂ (ਜਸਵੀਰ ਕਲਸੀ)
◆ ਮੁਲਾਕਾਤ : ਪਾਬਲੋ ਨੇਰੂਦਾ ਨਾਲ ਮੁਲਾਕਾਤ (ਦੇਵਿੰਦਰ ਸਤਿਆਰਥੀ)
◆ ਨਜ਼ਮਾਂ : ਜਸਬੀਰ ਕੇਸਰ, ਮਹਾਸ਼ਵਰ ਤਿਵਾੜੀ (ਹਿੰਦੀ ਕਵਿਤਾ) ਵਰਿੰਦਰ ਪ੍ਰੀਹਾਰ, ਵਿਸ਼ਾਲ, ਗੁਰਦਿਆਲ ਪੱਲ੍ਹਾ, ਮਲਵਿੰਦਰ, ਹਰਭਜਨ ਸਿੰਘ ਹੁੰਦਲ, ਹਰਵਿੰਦਰ ਭੰਡਾਲ
◆ ਗ਼ਜ਼ਲਾਂ : ਦੇਵ ਰਾਊਕੇ, ਪੰਮਦੀਪ, ਹਰਪਿੰਦਰ ਰਾਣਾ
◆ ਮੁਲਾਂਕਣ : ਸ਼ੈਖ਼ ਬਦਰਉਦੀਨ ਦੀ ਵਾਰ (ਹਰਭਜਨ ਸਿੰਘ ਹੁੰਦਲ), ਕਾਫ਼ਰ ਮਸੀਹਾ ਦਾ ਗਲਪੀ ਸੰਗਠਨ (ਡਾ. ਸੁਖਵਿੰਦਰ ਸਿੰਘ ਰੰਧਾਵਾ/ਚੋਣਵੀ ਕਵਿਤਾ-ਨਾਜ਼ਿਮ ਹਿਕਮਤ; ਡਾ. ਚਮਨ ਲਾਲ)
◆ ਨੇਰੂਦਾ ਦੇ ਨਿਬੰਧ : ਘਰ ਵਾਪਸੀ ਦੀਆਂ ਸੁਗੰਧੀਆਂ
◆ ਵਾਦ ਵਿਵਾਦ : ਮਾਰਕਸਵਾਦ ਦੀ ਪ੍ਰਸੰਗਤਾ ਤੇ ਉੱਤਰ ਆਧੁਨਿਕਤਾਵਾਦ (ਡਾ. ਭੀਮ ਇੰਦਰ ਸਿੰਘ)
◆ ਵਾਘਿਉਂ ਪਾਰ : ਗ਼ਜ਼ਲ (ਮਸਊਦ ਅਹਿਮਦ ਚੌਧਰੀ), ਬੋਲੀ, ਪਛਾਣ ਤੇ ਵਿਸ਼ਵੀਕਰਨ (ਆਰਫ ਤਬੱਸਮ)
◆ ਪੁਸਤਕ ਪੜਚੋਲ : ਅੰਨਦਾਤਾ, ਲੀਹੋਂ ਪਰ੍ਹੇ (ਸੁਰਜੀਤ ਗਿੱਲ), ਕਤਰਾ ਕਤਰਾ ਨੂਰ, ਚੁੱਪ ਦੇ ਖ਼ਿਲਾਫ਼ (ਸੁਲੱਖਣ ਸਰਹੱਦੀ), ਜਾਣੇ ਅਣਜਾਣੇ ਸਫ਼ਰ (ਡਾ. ਸੁਖਪਾਲ ਸਿੰਘ ਥਿੰਦ) ਨੀਰੋ ਦੀ ਬੰਸਰੀ (ਨਵਜੋਤ ਹੁੰਦਲ), ਅਸੀਂ ਕਾਲੇ ਲੋਕ ਸਦੀਂਦੇ (ਗੁਰਨਾਮ ਢਿੱਲੋਂ)
◆ ਪੁਸਤਕ ਪ੍ਰਾਪਤੀ :

*Postal Address :*
*Harbhajan Singh Hundal,*
*V. Fatu Chak,*
*P.O. Dhilwan,*
*Distt. Kapurthala-144804*
*(Pb.) India.*
*Phone No. 01822-273188*

| ਚੰਦਿਆਂ ਦਾ ਵੇਰਵਾ | : | |
|---|---|---|
| ਦੇਸ਼ ਵਾਰਸ਼ਿਕ | : | 50 ਰੁ. |
| ਇਕ ਪਰਚਾ | : | 15 ਰੁ. |
| ਸੰਸਥਾਵਾਂ (ਵਾਰਸ਼ਿਕ) | : | 70 ਰੁ. |
| --------- | | |
| ਬਦੇਸ਼, ਯੂ. ਕੇ. | : | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : | 300 ਰੁ. |

ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ ਦੇ ਨਾਂ ਭੇਜੇ ਜਾਣ

ਚਿਰਾਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

*ਪ੍ਰਕਾਸ਼ਨ ਮਿਤੀ : ਅਪ੍ਰੈਲ 2003*



## ਮਾਣ ਸਨਮਾਨ ਦੀ ਗੱਲ

ਸਾਹਿਤ ਇਕ ਸਮਾਜਿਕ ਕਾਰਜ ਹੈ। ਸਾਹਿਤਕਾਰ ਆਪਣੇ ਨਿਜੀ ਅਨੁਭਵ, ਚਿੰਤਨ ਤੇ ਕਲਾ ਚੇਤਨਾ ਰਾਹੀਂ ਸਾਹਿਤ ਦੀ ਰਚਨਾ ਕਰਦਾ ਹੈ। ਉਹ ਸਧਾਰਨ ਗੱਲ ਨੂੰ ਆਪਣੀ ਕਲਾ ਰਾਹੀਂ ਖਾਸ ਬਣਾ ਕੇ ਪੇਸ਼ ਕਰਦਾ ਹੈ। ਚੰਗਾ ਤੇ ਉੱਚਾ ਸਾਹਿਤ ਸਮਾਜਕ ਪ੍ਰੀਵਰਤਨ ਦਾ ਸਾਧਨ ਵੀ ਬਣਦਾ ਹੈ। ਪ੍ਰੰਤੂ ਜਮਾਤੀ ਸਮਾਜ ਵਿਚ ਸਾਹਿਤ ਵੀ ਜਮਾਤੀ ਹੁੰਦਾ ਹੈ। ਉਹ ਇਕ ਜਾਂ ਦੂਜੀ ਜਮਾਤ ਦਾ ਪੱਖ ਪੂਰਦਾ ਹੈ। ਹਾਕਮ ਧਿਰਾਂ ਸਾਹਿਤ ਦੇ ਇਸ ਕਰਤੱਵ ਤੋਂ ਪੂਰੀ ਤਰ੍ਹਾਂ ਚੇਤਨ ਹੁੰਦੀਆਂ ਹਨ। ਉਹ ਸਾਹਿਤ ਨੂੰ ਆਪਣੇ ਹੱਕ ਵਿਚ ਭੁਗਤਾਉਣ ਤੇ ਵਿਰੋਧ ਵਿਚ ਜਾਣੋਂ ਰੋਕਣ ਲਈ ਬਹੁਤ ਹੱਥ-ਕੰਡੇ ਵਰਤਦੀ ਹੈ। ਇਸ ਮੰਤਵ ਲਈ ਮਾਨਾਂ ਸਨਮਾਨਾਂ ਦਾ ਚੋਗਾ ਬਿਖੇਰਦੀ ਹੈ। ਆਪਣੇ ਪੱਖੀਆਂ ਦੇ ਘਟੀਆ ਸਾਹਿਤ ਨੂੰ ਉੱਚ ਕੋਟੀ ਦਾ ਦੱਸ ਕੇ ਵਡਿਆਉਂਦੀ ਹੈ। ਲੋਕ ਪੱਖੀ ਤੇ ਉਚਤਮ ਸਾਹਿਤ ਨੂੰ ਗੁੰਮਨਾਮੀ ਦੀ ਮੌਤ ਮਾਰਨ ਦਾ ਯਤਨ ਕਰਦੀ ਹੈ। ਜਾਂ ਆਪਣੇ ਪਾਲਤੂ ਵਿਦਵਾਨਾਂ ਤੇ ਆਲੋਚਕਾਂ ਪਾਸੋਂ ਫਤਵੇ ਦਵਾਉਂਦੀ ਹੈ। ਕਦੇ-ਕਦੇ ਲੋਕਾਂ ਨੂੰ ਗੁੰਮਰਾਹ ਕਰਨ ਤੇ ਆਪਣੀ ਨਿਰਪੱਖਤਾ ਦੀ ਡਫਲੀ ਖੜਕੌਣ ਲਈ ਕਿਸੇ ਲੋਕ ਪੱਖੀ ਕਿਰਤ ਨੂੰ ਵੀ ਸਨਮਾਨਤ ਕਰਨ ਲਈ ਮਜਬੂਰ ਹੋ ਜਾਂਦੀ ਹੈ।

ਪੁਰਾਣੇ ਸਮੇਂ ਵਿਚ ਵੱਡੇ ਜਗੀਰਦਾਰ ਤੇ ਰਾਜੇ ਆਪਣੇ ਦਰਬਾਰ ਵਿਚ ਪਾਲਤੂ ਲੇਖਕ ਤੇ ਕਲਾਕਾਰ ਰੱਖਿਆ ਕਰਦੇ ਹਨ। ਜਿਹੜੇ ਉਹਨਾਂ ਦਾ ਮਨ ਪ੍ਰਚਾਵਾ ਤੇ ਚਾਪਲੂਸੀ ਕਰਦੇ ਸਨ ਜਾਂ ਉਹਨਾਂ ਦੀ ਠਾਠ ਬਾਠ ਦੀਆਂ ਤਸਵੀਰਾਂ ਬਣਾਉਂਦੇ ਸਨ। ਇਸ ਬਦਲੇ ਉਹਨਾਂ ਨੂੰ ਚੰਗੇ ਟੁਕੜੇ ਮਿਲਦੇ ਸਨ। ਅੱਜ ਦੇ ਸਰਮਾਏ ਦੇ ਯੁੱਗ ਵਿਚ ਸ਼ਹਿਰੀ ਮੱਧ ਵਰਗ ਨੇ ਜਾਇਜ਼ ਨਾਜਾਇਜ਼ ਢੰਗਾਂ ਨਾਲ ਸਰਮਾਇਆ ਇਕੱਠਾ ਕੀਤਾ ਹੈ। ਕਿਸਾਨੀ ਵਿਚੋਂ ਇਕ ਤਬਕਾ ਪਰਦੇਸੀ ਜਾ ਕੇ ਧਨੀ ਹੋ ਗਿਆ ਹੈ। ਉਹਨਾਂ ਵਿਚੋਂ ਬਹੁਤੇ ਆਪਣੀ ਇਸ ਨੇਕ ਕਮਾਈ ਨੂੰ ਧਰਮ ਮੰਦਰ ਉਸਾਰਨ ਤੇ ਅਖੌਤੀ ਧਾਰਮਿਕ ਪੁਰਖਾਂ ਨੂੰ ਵੱਧ ਮਾਇਕ ਸਹੂਲਤਾਂ ਦੇ ਕੇ ਆਪਣਾ ਲੋਕ ਤੇ ਪਰਲੋਕ ਦੋਨੋਂ ਸੰਵਾਰਨ ਦਾ ਯਤਨ ਕਰਦੇ ਹਨ। ਉਹਨਾਂ ਵਿਚੋਂ ਕੁਝ ਕੁ ਆਪਣੇ ਕਿਸੇ ਗੁੰਮਨਾਮ ਵੱਡ-ਵਡੇਰੇ ਦੇ ਨਾਂ 'ਤੇ ਮਾਨ ਸਨਮਾਨ ਦੇਣ ਦਾ ਐਲਾਨ ਕਰ ਦਿੰਦੇ ਹਨ। ਉਹਨਾਂ ਨੂੰ ਆਪ ਸਾਹਿਤ ਜਾਂ ਕਿਸੇ ਕਲਾ ਨਾਲ ਕੋਈ ਲਗਾਉ ਨਹੀਂ ਹੁੰਦਾ, ਪ੍ਰੰਤੂ ਪਬਲੀਸਿਟੀ ਰਾਹੀਂ ਕੁਝ ਅਖੌਤੀ ਬੁਧੀਜੀਵੀ ਕਿਸਮ ਦੇ ਪੂਛਾਂ ਵਾਲੇ ਜਾਨਵਰ ਆਪਣੇ ਉਦਾਲੇ ਇਕੱਠੇ ਕਰ ਲੈਂਦੇ ਹਨ। ਡਾਲਰਾਂ ਤੇ ਪੌਂਡਾਂ ਦਾ ਝਲਕਾਰਾ ਦੇ ਕੇ ਪੂਛਾਂ ਦਾ ਜਾਇਜ਼ਾ ਲੈਂਦੇ ਹਨ। ਲੰਮੀ ਪੂਛ ਤੇ ਹਿਲਾਉਣ ਦੇ ਢੰਗ ਦੀ ਪਰਖ ਕਰਕੇ ਉਹਨਾਂ ਨੂੰ ਆਪਣੇ ਗੜਵਈ ਥਾਪ ਲੈਂਦੇ ਹਨ। ਉਹ ਅੱਗੇ ਫਿਰ ਇਨਾਮ ਸਨਮਾਨਾਂ ਦਾ ਡੌਰੂ ਖੜਕਾ ਕੇ ਆਪਣੇ ਵਰਗੇ ਹੋਰਨਾਂ ਦਾ ਨਾਚ ਦੇਖਦੇ ਹਨ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਅੱਜ ਕੱਲ੍ਹ ਇਹੋ ਕੁਝ ਵਾਪਰ ਰਿਹਾ ਹੈ। ਇਸ ਨਾਲ ਸਾਹਿਤਕ ਮਾਹੌਲ ਹੋਰ ਵੀ ਗੰਧਲਾ ਹੋ ਗਿਆ ਹੈ। ਪੂਛਾਂ ਹਿਲਾਉਣ, ਲਾਲਾਂ ਸਿੱਟਣ ਵਾਲੇ ਅਸਾਹਿਤਕਾਰਾਂ ਦੀ ਗਿਣਤੀ ਕਾਫੀ ਵਧ ਗਈ ਤੇ ਵਧ ਰਹੀ ਹੈ ਅਤੇ ਮਾਨਾਂ ਸਨਮਾਨਾਂ ਅਤੇ ਉਹਨਾਂ ਦੀ ਗੱਲ ਇਕ ਮਜ਼ਾਕ ਬਣ ਗਈ ਹੈ।

ਸਰਕਾਰੀ ਤੇ ਗੈਰ ਸਰਕਾਰੀ ਇਨਾਮਾਂ ਸਨਮਾਨਾਂ ਦੀ ਵੰਡ ਸਮੇਂ ਜਿਥੇ ਸਾਹਿਤਕਾਰ ਦੀ ਪੂਛ ਮਾਰਨ ਦੀ ਸਮਰੱਥਾ ਦਾ ਖਿਆਲ ਰੱਖਿਆ ਜਾਂਦਾ ਹੈ, ਉਥੇ ਉਸਦੀ ਜਾਤ, ਗੋਤ ਤੇ ਧਾਰਮਿਕ ਵਿਸ਼ਵਾਸਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾਂਦਾ। ਜਲੰਧਰ ਰਹਿੰਦਾ ਇਕ ਕਹਾਣੀਕਾਰ ਦਿਲਚਸਪ ਤੱਥ ਪੇਸ਼ ਕਰਦਾ ਹੈ। ਉਹਦੇ ਕਥਨ ਅਨੁਸਾਰ ਸਾਹਿਤ ਅਕਾਦਮੀ ਦੇ ਪੰਜ ਇਨਾਮਾਂ ਵਿਚੋਂ ਚਾਰ ਇਕ ਵਿਸ਼ੇਸ਼ ਜਾਤ ਦੇ ਸਾਹਿਤਕਾਰਾਂ

ਨੂੰ ਦਿੱਤੇ ਗਏ ਹਨ ਅਤੇ ਪੰਜਵਾਂ ਵੀ legwork ਰਾਹੀਂ ਹੋਰ ਨੂੰ ਮਿਲਿਆ ਹੈ। ਇਸੇ ਤਰ੍ਹਾਂ ਭਾਸ਼ਾ ਵਿਭਾਗ ਦੇ ਇਨਾਮ ਵੀ ਚਾਪਲੂਸੀ ਨਾਲ ਪ੍ਰਾਪਤ ਕੀਤੇ ਗਏ।

ਜਿਹੜੇ ਗਿੱਠ ਮੁਠੀਏ ਅਲੇਖਕ ਵੱਡੇ ਇਨਾਮਾਂ ਬਾਰੇ ਸੋਚ ਨਹੀਂ ਸਕਦੇ, ਜਿਹੜੇ ਆਪਣੀ ਔਕਾਤ ਉਥੋਂ ਤੱਕ ਪੁੱਜਣ ਦੀ ਨਹੀਂ ਰੱਖਦੇ, ਉਹ ਆਪਣੇ ਵਰਗੇ ਕੁਝ ਹੋਰਨਾਂ ਨੂੰ ਇਕੱਠੇ ਕਰਕੇ ਅਖੌਤੇ ਮਾਨ ਸਨਮਾਨ ਲੈ ਦੇ ਕੇ, ਅਖਬਾਰਾਂ ਵਿਚ ਖਬਰਾਂ ਤੇ ਤਸਵੀਰਾਂ ਛਪਵਾ ਕੇ ਆਪਣਾ ਰਾਂਝਾ ਰਾਜ਼ੀ ਕਰ ਲੈਂਦੇ ਹਨ। ਅੱਜ ਅਖਬਾਰਾਂ ਦੇ ਥਾਂ ਥਾਂ ਬੈਠੇ ਪੱਤਰ ਪ੍ਰੇਰਕ ਜਿਥੇ ਇਕ ਸਾਧਾਰਨ ਵਿਅਕਤੀ ਨੂੰ ਆਪਣੀ ਕਲਮ ਨਾਲ ਮਹਾਨ ਬਣਾ ਦਿੰਦੇ ਹਨ, ਉਹਨਾਂ ਲਈ ਕਿਸੇ ਨੂੰ ਮਹਾਨ ਲੇਖਕ, ਕਲਾਕਾਰ ਤੇ ਗਾਇਕ ਬਨਾਉਣਾ ਕੋਈ ਔਖਾ ਨਹੀਂ ਹੈ। ਇਸ ਮਹਿੰਗਾਈ ਦੇ ਯੁੱਗ ਵਿਚ ਵੀ ਬਹੁਤਾ ਖਰਚ ਨਹੀਂ ਕਰਵਾਉਂਦੇ। ਸਰਫੇ ਨਾਲ ਸਾਰ ਲੈਂਦੇ ਹਨ। ਉਂਝ ਕਿਸੇ ਅਖਬਾਰ ਦੇ ਸਾਹਿਤਕ ਐਡੀਟਰ ਜਾਂ ਰੇਡੀਓ ਤੇ ਟੈਲੀਵਿਜ਼ਨ 'ਤੇ ਕੰਮ ਕਰਦੇ ਕਿਸੇ ਕਾਰਿੰਦੇ ਨੂੰ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਬਣਾ ਕੇ ਵੀ ਇਹ ਕੰਮ ਕਾਫੀ ਸੌਖਾ ਹੋ ਜਾਂਦਾ ਹੈ। ਵੈਸੇ ਜੇਕਰ ਉਪਰਲੀ ਆਮਦਨ ਚੋਖੀ ਹੋਵੇ ਤੇ ਕਿਤਾਬ ਛਪਵਾਉਣ ਤੇ ਯਾਰ ਲੋਕਾਂ ਨੂੰ ਸ਼ੁਗਲ ਪਾਣੀ ਕਰਾਉਣ ਜੋਗੀ ਹੋਵੇ ਤਾਂ ਰੰਗ ਚੋਖਾ ਚੜ੍ਹ ਜਾਂਦਾ ਹੈ ਤੇ ਸਨਮਾਨ ਵੀ ਵਿਚੇ ਹੋ ਜਾਂਦਾ ਹੈ।

ਇਹ ਸਾਰਾ ਕੁਝ ਹੋਣ ਉਪਰੰਤ ਅਸੀਂ ਇਸ ਗੱਲ ਦਾ ਰੌਲਾ ਪਾਉਂਦੇ ਹਾਂ ਕਿ ਲੋਕ ਪੁਸਤਕਾਂ ਨਹੀਂ ਪੜ੍ਹਦੇ। ਸਾਹਿਤਕਾਰਾਂ ਦੀ ਕੋਈ ਪੁੱਛ ਨਹੀਂ ਹੈ। ਇਹ ਸਾਰਾ ਕੁਝ ਸਾਡੀ ਬੌਧਿਕ ਕੰਗਾਲੀ ਦਾ ਸਿੱਟਾ ਹੈ। ਅੱਜ ਪ੍ਰਤੀਬੱਧ ਤੇ ਲੋਕ ਪੱਖੀ ਸਾਹਿਤਕਾਰ, ਜਿਹੜੇ ਸਾਹਿਤ ਨੂੰ ਸਮਾਜਿਕ ਤਬਦੀਲੀ ਲਈ ਵਰਤਣ ਦੇ ਇੱਛਕ ਹਨ, ਉਹਨਾਂ ਨੂੰ ਹੋਰ ਭ੍ਰਿਸ਼ਟ ਕੁਰੀਤੀਆਂ ਵਿਰੁੱਧ ਸੰਘਰਸ਼ ਦੇ ਨਾਲ ਸਾਹਿਤ ਅੰਦਰਲੀ ਇਸ ਸਥਿਤੀ ਨੂੰ ਤਬਦੀਲ ਕਰਨ ਲਈ ਵੀ ਸੰਘਰਸ਼ ਕਰਨਾ ਚਾਹੀਦਾ ਹੈ।

*—ਸੰਪਾਦਕੀ ਮੰਡਲ*

## *ਵਾਘਿਉਂ ਪਾਰ*

### ਗ਼ਜ਼ਲ / *ਮਸਊਦ ਅਹਿਮਦ ਚੌਧਰੀ*

ਮੰਨਿਆ ਵੱਖ ਕਦੇ ਨਹੀਂ ਹੁੰਦਾ ਨੌਹਾਂ ਨਾਲੋਂ ਮਾਸ।
ਐਪਰ ਨਹੀਂ ਭਰੱਪਣ ਆਇਆ ਸਕਿਆਂ ਦਾ ਵੀ ਰਾਸ।
ਭਾਵੇਂ ਜੱਗ 'ਤੇ ਜੰਮਣ ਲੱਖਾਂ ਮਾਝੇ ਗਾਮੇ ਲੋਕ
ਕਿਸੇ ਮੁਹੰਮਦ ਬਿਨ ਕਾਸਮ ਦੀ ਫੇਰ ਵੀ ਮੈਨੂੰ ਆਸ।
ਇਨਸਾਨਾਂ ਦੀਆਂ ਗਰਜਾਂ ਦੇ ਖੂਹ ਓੜਕ ਨੂੰ ਭਰ ਜਾਣ,
ਹਿਰਸ ਹਵਸ ਦੇ ਦੋਜ਼ਖ ਦੀ ਨਹੀਂ ਬੁਝਦੀ ਕਦੇ ਪਿਆਸ।
ਕਰ ਨਹੀਂ ਸਕਦਾ ਨਾ ਸਹੀ, ਐਪਰ ਮੂੰਹੋਂ ਤੇ ਚੰਗਾ ਬੋਲ
ਮੋਹ ਲੈਂਦੇ ਜੱਗ ਜਿਨ੍ਹਾਂ ਦੀਆਂ ਗੱਲਾਂ ਦੇ ਵਿਚ ਮਿਠਾਸ।
ਬੰਦਿਆਂ ਦੀ ਕੋਈ ਥੋੜ ਨਹੀਂ ਏਥੇ ਨਾ ਦੌਲਤ ਦੀ ਘਾਟ,
ਲੋਭੀ ਲੋਕਾਂ ਰਲ਼ ਕੇ ਕੀਤਾ ਮੁਲਕ ਦਾ ਸਤਿਆਨਾਸ।
ਇੰਝ ਦੇ ਭਲਾ ਮੁਆਸ਼ਰੇ ਕਿਵੇਂ ਜਗ ਤੇ ਇੱਜ਼ਤ ਪਾਣ,
ਮੁੱਕ ਜਾਵੇ ਜਿਨ੍ਹਾਂ ਦੇ ਅੰਦਰੋਂ ਬੰਦਿਆਂ ਦਾ ਅਹਿਸਾਸ।
ਨਾਨਕ ਬਾਣੀ ਸੱਚੀ ਜਾਣੀ ਭੁਲ ਕੇ ਵੀ ਨਾ ਭੁੱਲ,
"ਚਾਤਰ ਕੇ ਹਮ ਗੁਰੂ ਹੈਂ ਭਾਈ ਮੂਰਖ ਕੇ ਹਮ ਦਾਸ"
ਕੋਈ ਤੇ ਏਸ ਮਸਊਦ ਨੂੰ ਦੱਸੇ ਇਹ ਆਦਤ ਕੋਈ ਚੰਗੀ ਨਾ
ਹਸਦੀ ਵਸਦੀ ਧਰਤੀ ਉੱਤੇ ਰਹਿਣਾ ਸਦਾ ਉਦਾਸ।



## ਲੰਮੀ ਨਜ਼ਮ

### ਸੋਨੇ ਦੀ ਖਾਣ ਤੇ ਸਪਾਰਟੈਕਸ

(ਬਹੁਕੌਮੀ ਕੰਪਨੀਆਂ ਦੇ ਨਾਂ)/ਜਸਬੀਰ 'ਕੇਸਰ'

ਕੰਮ ਅਠਾਰਾਂ ਘੰਟੇ
ਤੇ ਉਜਰਤ ਅਠਾਈ ਹਜ਼ਾਰ
ਏਅਰ ਕੰਡੀਸ਼ਨ,
ਕੂਲਰ, ਪੱਖੇ,
ਨਰਮ, ਗੁਦਗੁਦੇ ਕੁਰਸੀਆਂ ਸੋਫ਼ੇ
ਕਿੰਨੀ ਆਰਾਮਦੇਹ ਹੈ
ਇਹ ਸੋਨੇ ਦੀ ਖਾਣ
ਤੇ ਕਿੰਨਾ ਰਹਿਮ ਦਿਲ ਹੈ
ਇਸ ਖਾਣ ਦਾ ਮਾਲਕ !
ਕਿੰਨਾ ਪਤਾ ਹੈ ਉਸਨੂੰ
ਮੇਰੀਆਂ ਤਮਾਮ ਲੋੜਾਂ ਦਾ।
ਇਸ ਲਈ
ਜੇ ਮੈਂ ਸੁੱਤਾ-ਜਾਗਦਾ
ਉੱਠਦਾ-ਬਹਿੰਦਾ
ਇਹ ਸੋਚਦਾ ਰਹਿੰਦਾ ਹਾਂ
ਕਿ ਕਿਵੇਂ ਇਸ ਖਾਣ ਵਿਚੋਂ
ਵੱਧ ਤੋਂ ਵੱਧ ਸੋਨਾ ਕੱਢ ਕੇ
ਮਾਲਕ ਦੇ ਹੱਥ ਫੜਾਵਾਂ
ਤਾਂ ਕੀ ਗਲਤ ਕਰਦਾ ਹਾਂ ?
ਮੈਂ !
ਅੱਜ ਦਾ ਸਪਾਰਟੈਕਸ !

ਹਾਂ !
ਮੈਂ ਅੱਜ ਦਾ ਸਪਾਰਟੈਕਸ
ਭਲਾ ਕਿਉਂ ਕਰਾਂਗਾ ਬਗਾਵਤ ?
ਤੇ ਕਿਉਂ ਲੜਾਂਗਾ
ਆਪਣੇ ਅਨੰਦਾਤਾ
ਆਪਣੇ ਧਨਦਾਤਾ ਨਾਲ ?

ਧਨਦਾਤਾ !
ਜਿਸ ਨੂੰ ਨਹੀਂ ਗਿਣਤੀ
ਸੁਨਹਿਰੇ, ਰੁਪਹਿਰੇ
ਚਮਕਦੇ, ਖਣਕਦੇ ਸਿੱਕਿਆਂ ਦੀ
ਤੇ ਜਿਸ ਨੂੰ
ਆਪ ਨਹੀਂ ਪਤਾ
ਕਿ ਸਿੱਕਿਆਂ ਦਾ ਅੰਬਾਰ
ਕਿੱਡਾ ਕੁ ਹੈ ?
ਪਰ ਜੋ
ਉਸ ਅੰਬਾਰ ਵਿਚੋਂ
ਬਸ ਇਕ ਮੁੱਠੀ
ਮੈਨੂੰ ਚੜ੍ਹੇ ਮਹੀਨੇ ਸੌਂਪ ਦਿੰਦਾ ਹੈ।
ਬੱਸ ਇਕ ਹੀ ਮੁੱਠੀ
ਜੋ ਮੇਰੇ ਬੀਵੀ-ਬੱਚੇ,
ਮਾਤਾ-ਪਿਤਾ, ਭੈਣ-ਭਰਾ
ਸਭ ਦੀਆਂ ਲੋੜਾਂ ਪੂਰਨ ਲਈ
ਬਹੁਤ ਕਾਫ਼ੀ ਹੈ।

ਕਿੰਨਾ ਗਿਆਨੀ ਹੈ ਮੇਰਾ ਮਾਲਕ
ਕਿ ਜਾਣਦਾ ਹੈ
'ਚਿੜੀ ਚੋਂਚ ਭਰ ਲੇ ਗਈ
ਨਦੀ ਨਾ ਘਟਿਓ ਨੀਰ'
ਉਹ ਕਿਹੜਾ ਕੋਈ
ਪੁਰਾਣਾ ਕੰਜੂਸ ਧਨ-ਕੁਬੇਰ ਹੈ
ਕਿ ਦਾਸ ਨੂੰ ਝਾਕਣ ਨਾ ਦੇਵੇ
ਦੌਲਤ ਦੇ ਢੇਰ ਵੱਲ।
ਬੜਾ ਸੂਖਮ ਚਿਤ ਹੈ ਉਹ
ਜੋ ਜਾਣਦਾ ਹੈ
ਕਿ ਸੋਨੇ ਦੀ ਮਹੀਨ ਜਿਹੀ
ਜ਼ੰਜੀਰ ਹੀ ਕਾਫ਼ੀ ਹੈ
ਸੋਨੇ ਦੀ ਖਾਣ ਵੱਲ
ਖਿੱਚੇ ਆਉਣ ਲਈ।

ਇਹ ਦਾਸ-ਪ੍ਰਥਾ ਦਾ ਜ਼ਮਾਨਾ ਨਹੀਂ ਜਨਾਬ !
ਕਿ ਕੋਈ ਜ਼ਾਲਮ ਦਲਾਲ
ਸੈਂਕੜੇ ਦਾਸਾਂ ਨੂੰ
ਇਕ ਮੋਟੀ ਲੋਹੇ ਦੀ ਜ਼ੰਜੀਰ ਵਿਚ ਬੰਨ੍ਹ ਕੇ
ਮੰਡੀ ਵਿਚ
ਵਿਕਣ ਲਈ ਲਿਆ ਖਲ੍ਹਾਰੇ।
ਇਹ ਤਾਂ ਯੁਗ ਹੀ
ਮੰਡੀ ਦਾ ਹੈ
ਖੁੱਲ੍ਹੀ ਮੰਡੀ ਦਾ ਯੁਗ
ਇਥੇ ਹਰ ਸ਼ਖਸ

ਅਪਣਾ ਮੁੱਲ ਆਪ ਵੱਟਦਾ ਹੈ
ਤੇ ਦੂਜੇ ਦਾ ਮੁੱਲ ਤਾਰਦਾ ਹੈ।
ਇਹ ਬਾਜ਼ਾਰ ਦਾ ਯੁਗ ਹੈ
ਤੇ ਬਾਜ਼ਾਰ ਵਿਚ ਖੜ੍ਹਾ ਹੈ
ਵਿਕਣ ਲਈ
ਤਿਆਰ-ਬਰ-ਤਿਆਰ
ਹਰ ਕਾਮਾ, ਹਰ ਕਾਰੀਗਰ
ਹਰ ਬੁੱਧੀਜੀਵੀ, ਹਰ ਕਲਾਕਾਰ।

ਬਾਜ਼ਾਰ ਦੇ ਇਸ ਯੁਗ ਵਿਚ
ਸੋਨੇ ਦੀ ਖਾਣ
ਤੇ ਸਪਾਰਟੈਕਸ ਦਾ ਰਿਸ਼ਤਾ
ਬਹੁਤ ਸਿੱਧਾ ਤੇ ਸਵੈਇੱਛਿਤ ਹੈ।
ਤੇ ਸਵੈਇੱਛਿਤ ਰਿਸ਼ਤੇ ਵਿਚ
ਬਗਾਵਤ ਲਈ ਕੋਈ ਥਾਂ ਨਹੀਂ ਹੁੰਦੀ।

ਮੈਂ ਅੱਜ ਦਾ ਸਪਾਰਟੈਕਸ
ਭਲਾ ਕਿਉਂ ਕਰਾਂਗਾ ਬਗਾਵਤ ?

ਹਾਂ!
ਮੈਂ ਇਹ ਵੀ
ਚੰਗੀ ਤਰ੍ਹਾਂ ਜਾਣਦਾ ਹਾਂ
ਕਿ ਇਸ ਏਅਰਕੰਡੀਸ਼ਨਡ
ਸੋਨੇ ਦੀ ਖਾਣ ਵਿਚ ਬੈਠਾ
ਮੈਂ ਇਕ ਗਲੈਡੀਏਟਰ ਹਾਂ।
ਤੇ ਭਾਵੇਂ ਮੈਂ
ਰੋਮ ਦੇ ਸੇਠਾਂ ਦੇ ਮਨੋਰੰਜਨ ਲਈ
ਨੰਗੇ ਧੜ ਅਖਾੜੇ ਵਿਚ
ਲੜਨ ਤੇ ਮਰਨ ਦੀ
ਖੇਡ ਨਹੀਂ ਖੇਡ ਰਿਹਾ।
ਪਰ ਮੈਂ ਜਾਣਦਾ ਹਾਂ
ਕਿ ਮੇਰਾ ਲਹੂ
ਡੁੱਲ੍ਹਦਾ ਭਾਵੇਂ ਨਹੀਂ
ਸੁਕਦਾ ਜ਼ਰੂਰ ਹੈ।
ਤੇ ਤੁਬਕਾ ਤੁਬਕਾ
ਰੋਜ਼ ਸੁਕਦਾ ਹੈ।
ਮੈਂ ਇਹ ਵੀ ਜਾਣਦਾ ਹਾਂ
ਕਿ ਭਾਵੇਂ ਮੈਂ ਮਾਰੂਥਲ ਵਿਚ
ਤਿਹਾਇਆ ਨਹੀਂ ਮਰਾਂਗਾ
ਪਰ ਇਸ ਏਅਰਕੰਡੀਸ਼ਨ ਦੀ
ਨਰਮ, ਗੁਦਗੁਦੀ ਠੰਡ ਦੀ ਅੱਗ ਵਿਚ
ਜਵਾਨੀ ਢਲਣ ਤੋਂ ਬਹੁਤ ਪਹਿਲਾਂ
'ਬਰਨ ਆਊਟ' ਹੋ ਕੇ
ਖਿੰਗਰ ਬਣ ਜਾਵਾਂਗਾ।

ਪਰ ਜਨਾਬ!
ਇਹ ਜਮਹੂਰੀਅਤ ਦਾ ਯੁਗ ਵੀ ਤਾਂ ਹੈ!
ਤੇ ਮੇਰੇ ਪਿੱਛੇ
'ਬਰਨ ਆਊਟ' ਹੋਣ ਲਈ
ਸਪਾਰਟੈਕਸਾਂ ਦੀ ਲੰਬੀ ਕਤਾਰ
ਤਿਆਰ ਖੜ੍ਹੀ ਹੈ।
ਮੈਂ ਉਨ੍ਹਾਂ ਲਈ ਵੀ ਤਾਂ
ਥਾਂ ਖਾਲੀ ਕਰਨੀ ਹੈ
ਕਿਉਂਕਿ
ਸੋਨੇ ਦੀ ਖਾਣ ਦਾ ਰਾਹ
ਅਜੇ ਵੀ
ਬਹੁਤ ਭੀੜਾ ਹੈ।
ਅਜੇ ਵੀ
ਬੜਾ ਭੀੜਾ ਹੈ।

*ਹਿੰਦੀ ਕਵਿਤਾ*

## ਖ਼ਬਰ ਰੱਖਣਾ

*—ਮਹੇਸ਼ਵਰ ਤਿਵਾੜੀ*

ਬਿੱਲੀ ਜਦ ਈਮਾਨ ਸਿਖਾਵਣ ਲੱਗੇ
ਖ਼ਬਰ ਰੱਖਣਾ
ਨ੍ਹੇਰੀ ਤੁਹਾਨੂੰ ਗੀਤ ਸੁਣਾਵਣ ਲੱਗੇ
ਖ਼ਬਰ ਰੱਖਣਾ
ਰੋਟੀ ਦੀ ਜੇ ਯਾਦ ਤੁਹਾਨੂੰ
ਆਉਂਦੀ ਹੋਵੇ
ਨੀਂਦ ਤਦੋਂ ਦੇ ਥਪਕੀ
ਘੂਕ ਸੁਲਾਵਣ ਲੱਗੇ
ਖ਼ਬਰ ਰੱਖਣਾ
ਪਾਇਆ ਹੋਇਆ ਕੁੜਤਾ ਸੀਂ ਕੇ
ਜੀ ਲੈਣ ਦੀ ਆਦਤ
ਜਦ ਕੋਈ ਸਮਝਾਵਣ ਲੱਗੇ
ਖ਼ਬਰ ਰੱਖਣਾ
ਭੁੱਖ-ਮਰੀ ਜਾਂ ਸਿਖਰ ਦੁਪਹਿਰਾ
ਹੋਵੇ ਜੇਠ ਦਾ
ਜਦ ਕੋਈ ਘਰ ਨੂੰ ਸੰਨ੍ਹ ਲਗਾਵਣ ਲੱਗੇ
ਖ਼ਬਰ ਰੱਖਣਾ



## ਘਰ /ਵਰਿੰਦਰ ਪਰਿਹਾਰ

ਉਹਨੇ ਘਰ ਬਣਾਇਆ
ਉਨ੍ਹਾਂ ਢਾਹ ਦਿੱਤਾ

ਉਹਨੇ ਫੇਰ ਘਰ ਬਣਾਇਆ
ਉਨ੍ਹਾਂ ਫੇਰ ਢਾਹ ਦਿੱਤਾ।

ਉਹਨੇ ਕਾਗਜ਼ 'ਤੇ ਘਰ ਦੀ ਤਸਵੀਰ ਬਣਾਈ
ਪੂਰੇ ਜੋਸ਼ ਨਾਲ ਹਵਾ 'ਚ ਲਹਿਰਾਈ

ਓਹ ਚੌਂਕੇ
ਉਸ ਵੱਲ ਵਧੇ

ਉਹਨੇ ਤਸਵੀਰ ਹਵਾ ਵਿਚ ਉਡਾਈ

ਓਹ ਰੁਕੇ
ਸੁਰੱਖਿਅਤ ਦੂਰੀ 'ਤੇ ਖਲੋ
ਓਹ ਹੱਸੇ
ਜ਼ੋਰ-ਜ਼ੋਰ
ਉੱਚੀ ਉੱਚੀ ਹੱਸੇ

ਓਹ ਵੀ ਉਨ੍ਹਾਂ ਦੇ ਨਾਲ ਹੱਸਣ ਲੱਗਾ
ਫ਼ਿਜ਼ਾ ਹਾਸਿਆਂ ਨਾਲ ਭਰ ਗਈ
ਵੀਹ
ਪੱਚੀ
ਪੰਜਾਹ
ਸੌ
ਹਜ਼ਾਰ ਵਰ੍ਹਿਆਂ ਬਾਅਦ
ਉਨ੍ਹਾਂ ਵਿਚੋਂ ਕੋਈ ਵੀ
ਉਨ੍ਹਾਂ ਥਾਵਾਂ 'ਤੇ ਨਹੀਂ ਹੈ ਹੁਣ
ਪਰ ਉਹ ਹੱਸਦੇ ਨੇ ਕਿਤੇ
ਸਾਰੇ ਉੱਚੀ ਉੱਚੀ ਹੱਸਦੇ ਨੇ।

ਜਾਪਦੇ
ਦੋਵੇਂ ਜੇਤੂ
ਇਕ ਦੂਜੇ ਤੋਂ
ਅਜੇ ਵੀ ਡਰਦੇ ਨੇ।

*ਨਜ਼ਮ*

## ਵਿਸ਼ਾਲ

ਕੁਝ ਤਾਂ ਰੁਕ
ਏਨੀ ਜਲਦੀ ਵੀ ਕੀ ਭਲਾ
ਏਹੀ ਮੌਸਮ ਤਾਂ ਸਾਡੇ ਨੇ
ਬੀਤ ਗਏ ਤਾਂ ਫਿਰ ਬੀਤ ਗਏ
ਕਦੇ ਕੋਈ ਇੱਛਾ ਨਹੀਂ ਸੀ
ਨਾ ਜਾਗੀ ਸੀ
ਕੋਈ ਭੁੱਖ
ਨਾ ਕੋਈ ਰੂਹ ਦਾ ਦੁੱਖ
ਤੂੰ ਸੀ
ਦੂਰ ਦੂਰ
ਤੂੰ ਸੀ ਕੋਲ ਕੋਲ
ਜੁਲਫ਼ ਆਪਣੀ ਸੁਆਰ
ਰਾਤ ਵੀ ਹੈ ਉਤਰ ਆਈ
ਥੋੜ੍ਹਾ ਕੁ ਹੋਰ ਨੇੜੇ ਆ
ਗੀਤ ਹੀ ਸੰਗੀਤ ਹੈ
ਸੰਗੀਤ ਹੀ ਗੀਤ ਹੈ
ਕੋਈ ਤਾਰ ਛੇੜ
ਮੈਨੂੰ ਮੇਰੇ ਸਾਹਾਂ ਨਾਲ ਸੁਣ
ਜੇ ਤੂੰ ਮੇਰਾ ਅੱਜ ਹੈਂ
ਤਾਂ ਮੈਂ ਤੇਰਾ ਭਲਕ ਹਾਂ
ਤੂੰ ਮੇਰਾ ਦਿਨ ਸੰਧੂਰੀ
ਮੈਂ ਤੇਰੀ ਰਾਤ ਅਧੂਰੀ
ਤੂੰ ਮੇਰਾ ਜੇ ਅੰਬਰ ਹੈਂ
ਮੈਂ ਹੰਸਾਂ ਦੀ ਡਾਰ
ਏਨੇ ਸਾਰੇ ਪਲਾਂ 'ਚੋਂ
ਆਪਾਂ ਇਕ ਪਲ ਤਾਂ ਫੜ ਲਈਏ
ਬੀਤ ਚੱਲੀ ਰਾਤ 'ਤੇ
ਇਕ ਚੁੰਮਣ ਤਾਂ ਧਰ ਦਈਏ
ਮੇਰੇ ਮਨ ਦੀ ਨੁੱਕਰ 'ਚ
ਜਿਹੜੇ ਖਿੜੇ ਨੇ ਫੁੱਲ
ਉਸ ਫੁੱਲ ਦੀ ਮਹਿਕ ਨਾਲ
ਸਾਂਝ ਆਪਾਂ ਪਾ ਲਈਏ
ਬੀਤ ਗਏ ਮੌਸਮ ਦੀ
ਯਾਦ ਤਾਂ ਆਖ਼ਿਰ ਆਏਗੀ
ਇਹੀ ਸਾਡੇ ਮੌਸਮ ਨੇ
ਬੀਤ ਗਏ ਤਾਂ ਬੀਤ ਗਏ

## ਆਓ ਲੱਭੀਏ / *ਗੁਰਦਿਆਲ ਪੱਲ੍ਹਾ*

ਆਓ ਲੱਭੀਏ ਆਪਾਂ ਵੀ
ਇਕ ਹੋਰ ਨਵਾਂ ਹੇਮ ਕੁੰਟ
ਚਿਰਾਂ ਤੋਂ ਗੁਆਚਾ
ਬਰਫਾਂ ਵਿਚ ਖੁੱਭਿਆ
ਸਿੱਖਾਂ ਦਾ ਤੱਪ ਅਸਥਾਨ
ਕਹਿਣ ਨੂੰ ਪਿਛਲੇ ਜਨਮ ਦਾ
ਧਰਮ ਗੁਰੂ ਉਥੇ ਹੀ ਕਿਧਰੇ
ਬੈਠਾ ਹੋਊ ਭਗਤੀ ਵਿਚ ਲੀਨ
ਯੁੱਗਾਂ ਯੁੱਗਾਂ ਤੋਂ
ਬਰਫ਼ ਹੋਈ ਅੱਗ ਵਾਂਗ
ਆਪਣੇ ਆਪ ਤੋਂ ਬੇ-ਖਬਰ
ਯਾਤਰਾ ਇਹ ਸਫਲ ਨਹੀਂ
ਅਨੰਦਪੁਰ ਤੋਂ ਹੇਮਕੁੰਟ
ਜਾਂ ਹੇਮ ਕੁੰਟ ਤੋਂ ਅਨੰਦਪੁਰ
ਲੋਕਾਈ ਤੋਂ ਸਮਾਧੀ ਤੱਕ
ਜਾਂ ਸਮਾਧੀ ਤੋਂ ਲੋਕਾਈ ਤੱਕ
ਇਹ ਤਾਂ ਸਫ਼ਰ ਹੈ
ਖੰਡਾਂ ਦਾ ਬ੍ਰਹਿਮੰਡਾਂ ਦਾ
ਸੰਖ ਤੋਂ ਅਸੰਖ ਸਮਿਆਂ ਦਾ
ਵਰ੍ਹਿਆਂ ਦਾ ਸਦੀਆਂ ਦਾ
ਤੇ ਕਈ ਕਈ ਉਮਰਾਂ ਦਾ
ਯਾਤਰਾ ਬਾਕੀ ਹੈ
ਸਮਾਧੀ ਆਸਣ ਪੁੱਠੇ ਪੈਰੀਂ
ਪਲ ਪਲ ਮਰਨਾ
ਪਲ ਪਲ ਭੁਰਨਾ
ਕਮਜ਼ੋਰ ਰੂਹਾਂ ਦੇ ਵਾਸਤੇ
ਕਦੀ ਟੁੱਟਣਾ ਕਦੇ ਜੁੜਨਾ
ਜ਼ਿਹਨ ਜਿਹਨਾਂ ਦੇ
ਆਇਆ ਨਹੀਂ ਕਦੇ ਫੁਰਨਾ।
ਸੁਪਨਿਆਂ ਦੇ ਬੀਜ
ਵੀਰਾਨ ਪਰਬਤ
ਸੋਚਾਂ ਦੀਆਂ ਲਾਸ਼ਾਂ ਤੇ ਉੱਗੇ
ਆਪੋ ਆਪਣੀ ਪਹਿਚਾਣ ਭੁਲ ਗਏ
ਜਨਮ ਦਰ ਜਨਮ
ਭਟਕ ਰਹੇ ਹਨ
ਰੂਹ ਆਪਣੀ ਦੀ ਮੁਕਤੀ ਓਹਲੇ
ਬਰਫਾਂ ਵਿਚ ਬਰਫ਼
ਪੱਥਰਾਂ ਵਿਚ ਪੱਥਰ
ਦੀਨ ਦਇਆ ਦੀ ਯਾਤਰਾ ਭੁੱਲ ਗਏ
ਦੇਹ ਦੀ ਨੁੱਕਰੇ
ਦਫ਼ਨ ਕੀ ਹੋਏ
ਮਰਨ ਜੀਣ ਦੀ ਜਗਿਆਸਾ ਰੁਲ ਗਏ।
ਮੈਂ ਤੋਂ
ਮੈਂ ਤੱਕ ਦੀ ਯਾਤਰਾ
ਲੱਭ ਨਾ ਸਕੀ
ਧਰਮ ਗੁਰੂ ਦਾ ਗਵਾਚਿਆ ਰੂਪ
ਲਟ ਲਟ ਕਰਦਾ
ਬਰਫ਼ਾਂ ਵਿਚ ਡੁੱਬਾ
ਤਰਲ ਤਰਲ ਹੋਇਆ ਸਰੂਪ।
ਆਓ ਲਭੀਏ
ਹੇਮ ਕੁੰਟ ਨਵਾਂ ਇਕ ਹੋਰ!
ਹੇਮ ਕੁੰਟ ਨਵਾਂ ਇਕ ਹੋਰ!!

## ਕੁਝ ਨਿੱਕੀਆਂ ਕਵਿਤਾਵਾਂ / *ਮਲਵਿੰਦਰ*

1. ਰੂਹਾਂ ਦੇ ਰਾਜੇ
ਬਣਦੇ ਨੇ
ਸ਼ਹਿਨਸ਼ਾਹ ਵਕਤ ਦੇ।
2. ਗੀਤਾਂ ਦੇ ਝਰਨੇ
ਨੁਮਾਇਸ਼ 'ਚ ਧਰਕੇ
ਉਹ ਮਿੱਟੀ ਵਿਚ ਰੁਲ ਗਏ।
3. ਮੈਂ...ਮੈਂ ਹੀ ਰਹਿੰਦਾ
ਛੱਡ ਨਾਤੇ ਸਾਰੇ
ਜੇ ਦਰਿਆ ਬਣ ਵਹਿੰਦਾ।
4. ਉਨ੍ਹਾਂ ਪ੍ਰਦੂਸ਼ਣ ਹੂੰਝ
ਪਲਾਸਟਿਕ ਦੇ ਲਿਫ਼ਾਫ਼ੇ 'ਚ ਬੰਨਿਆਂ
ਬਣੇ ਆਕਾਰ ਨੂੰ ਹਵਾ 'ਚ ਉਛਾਲਿਆ
ਨਿਕੇ ਵਿਗਿਆਨੀ
5. ਇਕ ਗੇਂਦ ਉਨ੍ਹਾਂ ਵੱਲ ਲਪਕਿਆ
ਖੇਡ 'ਚ ਮਸਤ ਹੋ ਗਏ।
5. ਤਾਰਾਂ ਛੇੜਦੇ
ਹੱਥਾਂ ਦੇ ਵਿਚ
ਸਾਜ਼ ਨਹੀਂ ਹੈ।
6. ਤੇਰੀ ਹੋਂਦ
ਚੁਫੇਰੇ ਮੇਰੇ
ਖ਼ੁਸ਼ਬੂ ਖ਼ੁਸ਼ਬੂ।

*—ਮਾਰਫਤ ਹੋਸਟਲ ਸੁਪਰਡੈਂਟ, ਸਰੂਪ ਰਾਣੀ*
*ਸਰਕਾਰੀ ਕਾਲਜ, ਅੰਮ੍ਰਿਤਸਰ*



*ਕਹਾਣੀ*

## ਭਾਰ ਮੁਕਤ / *ਸੁਰਜੀਤ ਬਰਾੜ (ਡਾ.)*

ਤਰਲੋਚਨ! ਨੰਬਰਦਾਰ ਨਛੱਤਰ ਸਿੰਘ ਦਾ ਪੁੱਤਰ। ਸਫ਼ੈਦਪੋਸ਼ ਸੰਤਾ ਸਿੰਘ ਦਾ ਪੋਤਰਾ। ਵੈਰਸੀ ਗਿੱਲਾਂ ਦਾ ਮੁੰਡਾ। ਨਛੱਤਰ ਸਿੰਘ ਅਕਸਰ ਆਪਣੇ ਖਾਨਦਾਨ ਬਾਰੇ ਹੁੱਭ ਕੇ ਦੱਸਦਾ ਕਿ ਉਨ੍ਹਾਂ ਦਾ ਪਿਛੋਕੜ ਮਹਾਰਾਜੇ ਬਿਨੈਪਾਲ ਨਾਲ ਜਾ ਮਿਲਦਾ ਹੈ। ਨਛੱਤਰ ਸਿੰਘ ਕੋਲ 25 ਕਿਲੇ ਜ਼ਮੀਨ ਸੀ। ਖਰਾਂਟ ਨੰਬਰਦਾਰ ਕਹਾਉਂਦਾ ਸੀ। ਨੱਕ 'ਤੇ ਮੱਖੀ ਨਹੀਂ ਬਹਿਣ ਦਿੰਦਾ ਸੀ। ਹਮੇਸ਼ਾ ਬੰਦੂਕ ਆਪਣੇ ਕੋਲ ਰੱਖਦਾ। ਗਿੱਲ ਜੱਟ ਪਹਿਲਾਂ ਕਹਾਉਂਦਾ ਹੋਰ ਕੁਝ ਪਿੱਛੋਂ। ਜੇ ਕਿਸੇ ਨਾਲ ਕਿਸੇ ਗੱਲੋਂ ਖਹਿਬੜ ਪੈਂਦਾ ਤਾਂ ਇਹ ਗੱਲ ਜ਼ਰੂਰ ਕਹਿੰਦਾ—'ਅਸੀਂ ਜੱਟ ਬਾਬੇ ਹੁੰਨੇ ਆਂ। ਪਹਿਲਾਂ ਪੰਗਾਂ ਪਾਉਂਦੇ ਨੀਂ, ਜੇ ਕੋਈ ਮੱਲੋ ਮੱਲੀ ਪਾ ਲੇ ਫਿਰ ਪਿੱਛੇ ਹੱਟਦੇ ਨੀਂ'—ਛੋਲੇ ਚਬਾ ਦੇਈਦੇ ਛੋਲੇ........ਲੱਤ ਹੇਠ ਦੀ ਲੰਘਾਏ ਬਿਨਾਂ ਅਗਲੇ ਦਾ ਖਹਿੜਾ ਨਹੀਂ ਛੱਡੀਦਾ.......।'

ਨਛੱਤਰ ਸਿੰਘ ਦੇ ਦੋ ਪੁੱਤਰ ਸਨ। ਲਛਮਣ ਵੱਡਾ ਸੀ ਅਤੇ ਤਰਲੋਚਨ ਛੋਟਾ। ਲੜਕੀ ਕੋਈ ਨਹੀਂ ਸੀ। ਲਛਮਣ ਤਾਂ ਦਸ ਜਮਾਤਾਂ ਹੀ ਪਾਸ ਕਰ ਸਕਿਆ। ਕਾਲਜ ਇੱਕ ਸਾਲ ਲੱਗਿਆ ਵੀ ਸੀ ਪਰ ਫੇਲ੍ਹ ਹੋਇਆ, ਮੁੜ ਕਾਲਜ ਦਾ ਮੂੰਹ ਨਹੀਂ ਦੇਖਿਆ। ਤਰਲੋਚਨ ਬੜਾ ਹੋਣਹਾਰ ਮੁੰਡਾ ਸੀ, ਬਹੁਤ ਹੁਸ਼ਿਆਰ। ਪੰਜਵੀਂ 'ਚ ਉਸਨੇ ਜ਼ਿਲੇ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਅੱਠਵੀਂ-ਦਸਵੀਂ 'ਚ ਵੀ ਮੈਰਿਟ ਲਿਸਟ 'ਚ ਆਉਂਦਾ ਰਿਹਾ। ਮੈਂ ਉਹਦੇ ਜਿੰਨਾ ਹੁਸ਼ਿਆਰ ਨਹੀਂ ਸਾਂ ਪਰੰਤੂ ਉਸਦਾ ਮੁਕਾਬਲਾ ਜ਼ਰੂਰ ਕਰਦਾ। ਮੇਰੀ ਵੀ ਵੈਸੇ ਤਾਂ ਪੰਜਵੀਂ ਤੋਂ ਲੈ ਕੇ ਐੱਮ.ਏ. ਤੱਕ ਫਸਟ ਡਵੀਜ਼ਨ ਸੀ। ਐੱਮ.ਫਿਲ. 'ਚੋਂ ਮੇਰਾ 'ਏ' ਗਰੇਡ ਸੀ ਪਰ ਫਿਰ ਵੀ ਉਸਦੇ ਬਰਾਬਰ ਨਾ ਪਹੁੰਚ ਸਕਿਆ। ਅਸੀਂ ਪਹਿਲੀ ਕਲਾਸ ਤੋਂ ਲੈ ਕੇ ਗਿਆਰਵੀਂ ਤੱਕ ਇਕੱਠੇ ਪੜ੍ਹੇ ਸਾਂ। ਬੜੇ ਪੱਕੇ ਦੋਸਤ ਸਾਂ ਇਕ-ਦੂਜੇ ਬਿਨਾਂ ਅਸੀਂ ਰਹਿ ਨਹੀਂ ਸਕਦੇ ਸਾਂ। ਰਾਤ ਨੂੰ ਵੀ ਅਸੀਂ ਇਕੱਠੇ ਪੜ੍ਹਦੇ। ਜੀਹਦੇ ਘਰ ਹੋਣਾ ਉਸੇ ਦੇ ਘਰ ਅੰਨ ਪਾਣੀ ਖਾ ਲੈਣਾ। ਸਾਡੇ ਘਰ ਭਾਵੇਂ ਵੱਖ-ਵੱਖ ਪੱਤੀਆਂ 'ਚ ਸਨ ਪਰ ਫਿਰ ਵੀ ਪਰਿਵਾਰਾਂ ਦਾ ਸਾਡੇ ਕਰਕੇ ਇਕ ਦੂਜੇ ਦੇ ਘਰ ਆਉਣ ਜਾਣ ਸੀ। ਅਸੀਂ ਇਕ ਦੂਜੇ ਦੀ ਖੁਸ਼ੀ ਗਮੀ 'ਚ ਵੀ ਸ਼ਾਮਲ ਹੁੰਦੇ।

ਗਿਆਰਵੀਂ 'ਚ ਅਸੀਂ ਨਾਨ-ਮੈਡੀਕਲ ਦੇ ਵਿਸ਼ੇ ਰੱਖੇ ਸਨ। ਉਸਨੇ 80% ਅੰਕ ਲਏ ਅਤੇ ਮੈਂ 61%। ਇਸ ਤੋਂ ਬਾਅਦ ਅਸੀਂ ਦੋਨਾਂ ਨੇ ਇੰਜਨੀਅਰਿੰਗ ਦਾ ਟੈਸਟ ਦਿੱਤਾ। ਤਰਲੋਚਨ ਆਰਾਮ ਨਾਲ ਹੀ ਟੈਸਟ ਪਾਸ ਕਰ ਗਿਆ ਪਰ ਮੈਂ ਨਾ ਕਰ ਸਕਿਆ। ਉਸਨੂੰ ਲੁਧਿਆਣੇ ਦੇ ਇਕ ਇੰਜਨੀਅਰਿੰਗ ਕਾਲਜ ਵਿਚ ਦਾਖ਼ਲਾ ਮਿਲ ਗਿਆ। ਗੌਰਮਿੰਟ ਕਾਲਜ ਲੁਧਿਆਣਾ ਵਿਖੇ ਮੈਂ ਵੀ ਬੀ.ਐੱਸ.ਸੀ. ਪਹਿਲੇ ਸਾਲ 'ਚ ਦਾਖ਼ਲ ਹੋ ਗਿਆ।

ਕਾਲਜ ਦੌਰਾਨ ਵੀ ਸਾਡੀ ਦੋਸਤੀ 'ਚ ਕੋਈ ਫ਼ਰਕ ਨਹੀਂ ਪਿਆ ਸੀ। ਅਸੀਂ ਉਵੇਂ ਹੀ ਇਕ ਦੂਜੇ ਨੂੰ ਮਿਲਦੇ ਰਹੇ। ਪੰਜਾਬ ਦੇ ਕਾਲਜਾਂ ਵਿਚ ਉਸ ਸਮੇਂ ਪੰਜਾਬ ਸਟੂਡੈਂਟ ਯੂਨੀਅਨ ਦਾ ਪੂਰਾ ਜ਼ੋਰ ਸੀ। ਹਰ ਕਾਲਜ ਵਿਚ ਇਸ ਯੂਨੀਅਨ ਦਾ ਯੂਨਿਟ ਹੁੰਦਾ ਸੀ। ਇੰਜਨੀਅਰਿੰਗ ਕਾਲਜ ਵਿਚ ਤਾਂ ਬਹੁਤ ਹੀ ਸ਼ਕਤੀਸ਼ਾਲੀ ਵਿਦਿਆਰਥੀ ਨੇਤਾ ਮੌਜੂਦ ਸਨ। ਮੇਰੇ ਕਾਲਜ ਵਿਚ ਵੀ ਤਕੜਾ ਯੂਨਿਟ ਸੀ। ਉਹਨੀਂ ਦਿਨੀਂ ਕਾਲਜ 'ਚ ਹੜਤਾਲ ਆਮ ਗੱਲ ਹੁੰਦੀ ਸੀ। ਵਿਦਿਆਰਥੀ ਆਪਣੇ ਹੱਕਾਂ ਲਈ ਜੂਝਦੇ। ਮੇਰਾ ਝੁਕਾਅ ਵੀ ਇਸੇ ਯੂਨੀਅਨ ਵੱਲ ਸੀ। ਮੈਂ ਵੀ ਕਦੇ-ਕਦੇ ਵਿਦਿਆਰਥੀ ਨੇਤਾਵਾਂ ਦੇ ਭਾਸ਼ਨ ਸੁਣਦਾ, ਉਨ੍ਹਾਂ ਦੇ ਸੱਦੇ 'ਤੇ ਮੀਟਿੰਗਾਂ 'ਚ ਸ਼ਾਮਲ ਵੀ ਹੁੰਦਾ। ਬੜਾ ਮਜ਼ਾ ਆਉਂਦਾ। ਯੂਨੀਅਨ ਨੇਤਾਵਾਂ ਦੇ ਬੜੇ ਨਰੋਏ ਵਿਚਾਰ ਹੁੰਦੇ ਸਨ। ਮੈਨੂੰ ਵੀ ਮਾਰਕਸ ਅਤੇ ਲੈਨਿਨ ਦੀਆਂ ਕਿਤਾਬਾਂ ਪੜ੍ਹਣ ਦੀ ਚੇਟਕ ਲੱਗ ਗਈ ਸੀ। ਤਰਲੋਚਨ ਵੀ ਮੇਰੇ ਕੋਲ ਅਕਸਰ ਆਉਂਦਾ ਰਹਿੰਦਾ। ਤਰਲੋਚਨ ਦੇ ਕਾਲਜ 'ਚ ਇਕ ਵਿਦਿਆਰਥੀ ਪੜ੍ਹਦਾ ਸੀ। ਉਹ ਬੜਾ ਹੀ ਗਿਆਨਵਾਨ ਤੇ ਖਾੜਕੂ ਸੀ। ਉਹ ਵੀ ਉਸ ਪਾਸੋਂ ਕਿਤਾਬਾਂ ਲੈ ਕੇ ਪੜ੍ਹਦਾ।

ਹੌਲੀ-ਹੌਲੀ ਤਰਲੋਚਨ ਨੇ ਯੂਨੀਅਨ ਦੀ ਮੈਂਬਰਸ਼ਿਪ ਵੀ ਲੈ ਲਈ। ਮੈਨੂੰ ਵੀ ਦੁਆ ਦਿੱਤੀ। ਤਰਲੋਚਨ ਦੀ ਮੇਰੇ ਨਾਲੋਂ ਮਾਰਕਸਵਾਦ, ਲੈਨਿਨਵਾਦ 'ਤੇ ਵਧੇਰੇ ਪਕੜ ਸੀ। ਮੈਨੂੰ ਸਮਝ ਤਾਂ ਆ ਜਾਂਦੀ ਪ੍ਰੰਤੂ ਕਾਫੀ ਜ਼ੋਰ ਲਾਉਂਦਾ ਪੈਂਦਾ। ਤਰਲੋਚਨ ਆਪਣੀ ਪੜ੍ਹਾਈ ਦੇ ਦੂਜੇ ਸਾਲ ਹੀ ਯੂਨੀਅਨ 'ਚ ਕਾਫ਼ੀ ਸਰਗਰਮ ਹੋ ਗਿਆ ਸੀ। ਉਸਨੇ ਮੈਨੂੰ ਵੀ ਨਾਲ ਤੋਰੀ ਰੱਖਿਆ। ਤੋਰੀ ਕੀ ਰੱਖਿਆ। ਮੈਂ ਖ਼ੁਦ ਹੀ ਕਾਮਰੇਡ ਬਣਨਾ ਚਾਹੁੰਦਾ ਸਾਂ। ਬੜਾ ਪਿਆਰਾ ਸ਼ਬਦ ਲੱਗਦਾ ਸੀ ਮੈਨੂੰ ਕਾਮਰੇਡ। ਕਿਸੇ ਵੀ ਕਾਮਰੇਡ ਨੂੰ ਜਦ ਕੋਈ ਸਾਥੀ ਕਹਿ ਬੁਲਾਉਂਦਾ ਤਾਂ ਮੈਨੂੰ ਹੋਰ ਵੀ ਚੰਗਾ ਲੱਗਦਾ। ਸਾਡੇ ਜ਼ੁੰਮੇ ਯੂਨੀਅਨ ਜੋ ਵੀ ਕੰਮ ਲਾਉਂਦੀ ਅਸੀਂ ਪੂਰੀ ਤਨਦੇਹੀ ਨਾਲ ਨਿਭਾਉਂਦੇ। ਲੀਫ਼ਲੈਟ ਸਾਥੋਂ ਵੰਡਾਏ ਜਾਂਦੇ, ਕਦੇ-ਕਦੇ ਵੱਡੇ-ਵੱਡੇ ਇਸ਼ਤਿਹਾਰ ਅਸੀਂ ਰਾਤਾਂ ਨੂੰ ਕੰਧਾਂ ਉੱਪਰ ਚਪਕਾਉਂਦੇ ਰਹਿੰਦੇ। ਮਾਰਕਸਵਾਦੀ ਸਾਹਿਤ ਜੋ ਸਾਨੂੰ ਮਿਲਦਾ ਉਹ ਅਸੀਂ ਆਪ ਵੀ ਪੜ੍ਹਦੇ, ਹੋਰਨਾਂ ਵਿਦਿਆਰਥੀਆਂ ਨੂੰ ਵੀ ਪੜ੍ਹਾਉਂਦੇ।

ਤਰਲੋਚਨ ਦਾ ਤੀਜਾ ਸਾਲ ਸੀ ਅਤੇ ਮੇਰਾ ਬੀ.ਐੱਸ.ਸੀ. ਫਾਈਨਲ ਈਅਰ। ਤਰਲੋਚਨ ਨੂੰ ਪੂਰੇ ਲੁਧਿਆਣੇ ਜ਼ਿਲ੍ਹੇ ਦਾ ਪ੍ਰਧਾਨ ਚੁਣ ਲਿਆ। ਮੈਂ ਵੀ ਤਰਲੋਚਨ ਦੀ ਸਿਫਾਰਸ਼ ਨਾਲ ਜ਼ਿਲ੍ਹਾ ਕਮੇਟੀ ਦਾ ਮੈਂਬਰ ਬਣ ਚੁੱਕਾ ਸਾਂ। ਸਾਡੇ ਪੁਰਾਣੇ ਨੇਤਾ ਜੋ ਰੂਪੋਸ਼ ਹੋ ਕੇ ਸਾਡੀ ਯੂਨੀਅਨ ਨੂੰ ਚਲਾਉਂਦੇ ਸਨ। ਪਹਿਲਾਂ-ਪਹਿਲਾਂ ਸਾਨੂੰ ਨਹੀਂ ਪਤਾ ਹੁੰਦਾ ਸੀ, ਉਹ ਕਿੱਥੇ ਰਹਿੰਦੇ ਸਨ। ਪਰ ਸਾਡੀ ਸਿੱਧੇ ਜਾਂ ਅਸਿੱਧੇ ਅਗਵਾਈ ਉਹੀ ਕਰਦੇ। ਅਖ਼ੀਰ ਸਾਨੂੰ ਉਸੇ ਸਮੇਂ ਉਨ੍ਹਾਂ ਬਾਰੇ ਮਾੜਾ ਮੋਟਾ ਪਤਾ ਲੱਗਿਆ ਜਦ ਮੈਨੂੰ ਅਤੇ ਤਰਲੋਚਨ ਨੂੰ ਉਨ੍ਹਾਂ ਨਕਸਲੀ ਪਾਰਟੀ ਦੇ ਹਮਦਰਦ ਵਜੋਂ ਪਦਵੀ ਦੇ ਦਿੱਤੀ। ਹੁਣ ਸਾਨੂੰ ਪੂਰਾ ਪਤਾ ਲੱਗ ਚੁੱਕਾ ਸੀ ਕਿ ਸਾਡੇ ਵਿਦਿਆਰਥੀ ਨੇਤਾਵਾਂ ਨੂੰ ਪਿੱਛੋਂ ਕੌਣ ਚਲਾਉਂਦਾ ਹੈ। ਨਕਸਲੀਆਂ ਪਿੱਛੇ ਪੜ੍ਹੇ-ਲਿਖੇ ਬੁੱਧੀ ਜੀਵੀ ਵਰਗ ਦਾ ਦਿਮਾਗ ਕਾਰਜ ਕਰਦਾ ਸੀ। ਉਹ ਨਕਸਲੀ ਨੇਤਾਵਾਂ ਦੀ ਅਗਵਾਈ ਕਰਦੇ। ਸਾਡੀ ਅਗਵਾਈ ਵੀ ਇਨ੍ਹਾਂ ਨੇਤਾਵਾਂ ਰਾਹੀਂ ਉਹੀ ਉਪਰਲਾ ਨਕਸਲੀ ਵਰਗ ਕਰਦਾ ਸੀ। ਹਰ ਪਲੈਨ ਉੱਪਰੋਂ ਬਣਦੀ। ਹਰ ਐਕਸ਼ਨ ਉਹੀ ਉਲੀਕ ਕੇ ਸਾਡੇ ਵਿੱਚ ਸਰਕੂਲੇਟ ਕਰਦੇ। ਸਾਨੂੰ ਇਹ ਹਦਾਇਤ ਹੁੰਦੀ ਕਿ ਤੁਰੰਤ ਉਲੀਕੇ ਪ੍ਰੋਗਰਾਮ ਨੂੰ ਪੂਰੀ ਤਨਦੇਹੀ ਨਾਲ ਇੰਨ-ਬਿੰਨ ਨਿਭਾਇਆ ਜਾਵੇ। ਅਸੀਂ ਨਾ ਉਨੀ ਹੋਣ ਦਿੰਦੇ, ਨਾ ਇੱਕੀ। ਜਿਵੇਂ ਉਨ੍ਹਾਂ ਦਾ ਹੁਕਮ ਜਾਂ ਸੁਝਾਅ ਹੁੰਦਾ, ਉਵੇਂ ਹੀ ਕਰਦੇ। ਉਨ੍ਹਾਂ ਦੇ ਹੁਕਮ ਜਾਂ ਸੁਝਾਅ 'ਚ ਬੜਾ ਹੀ ਦਮ ਹੁੰਦਾ। ਜੋ ਹੁਕਮ ਅਦੂਲੀ ਕਰਦਾ, ਉਸਦੀ ਖਿਚਾਈ ਕੀਤੀ ਜਾਂਦੀ।

ਉਸ ਸਾਲ ਮੈਂ ਅਤੇ ਤਰਲੋਚਨ ਨੇ ਵਿਦਿਆਰਥੀ ਲਹਿਰ 'ਚ ਬੜਾ ਹੀ ਕੰਮ ਕੀਤਾ ਪੂਰੇ ਸਿਰੜ ਅਤੇ ਸਿਦਕ ਨਾਲ। ਮੈਂ ਜਦ ਬੀ.ਐੱਸ.ਸੀ. ਕਰ ਲਈ ਤਾਂ ਮੈਨੂੰ ਯੂਨੀਵਰਸਿਟੀ 'ਚ ਐੱਮ.ਐੱਸ.ਸੀ. ਪਹਿਲਾ ਸਾਲ 'ਚ ਦਾਖ਼ਲਾ ਦੁਆ ਦਿੱਤਾ ਕਿਉਂਕਿ ਇਸ ਯੂਨੀਵਰਸਿਟੀ 'ਚ ਵਿਦਿਆਰਥੀ ਲਹਿਰ ਦਾ ਕੰਮ ਨਾ ਮਾਤਰ ਵੀ ਨਹੀਂ ਸੀ। ਮੈਂ ਉੱਪਰਲੀ ਲੀਡਰਸ਼ਿਪ ਦੇ ਸੁਝਾਅ ਨੂੰ ਹੁਕਮ ਵਾਂਗ ਮੰਨਿਆ। ਥੋੜ੍ਹੇ ਦਿਨਾਂ 'ਚ ਹੀ ਮੈਂ ਉਥੇ ਯੂਨੀਵਰਸਿਟੀ 'ਚ ਇਕ ਵਿਦਿਆਰਥੀ ਵਿੰਗ ਖੜ੍ਹਾ ਕਰ ਲਿਆ। ਹੌਲੀ-ਹੌਲੀ ਪੂਰਾ ਯੂਨਿਟ ਬਣਾ ਕੇ ਯੂਨੀਅਨ ਦੀਆਂ ਸਰਗਰਮੀਆਂ ਅਰੰਭ ਕਰ ਦਿੱਤੀਆਂ।

ਤਰਲੋਚਨ ਇੱਕ ਬਹੁਤ ਵਧੀਆ ਬੁਲਾਰਾ ਬਣ ਚੁੱਕਾ ਸੀ। ਉਸਦਾ ਭਾਸ਼ਣ ਜਾਨਦਾਰ ਅਤੇ ਤੱਥ ਭਰਪੂਰ ਹੁੰਦਾ। ਭਾਸ਼ਾ 'ਚ ਰਵਾਨਗੀ ਹੁੰਦੀ- ਅਲੰਕਾਰਾਂ ਬਿੰਬਾਂ 'ਚ ਸ਼ਿੰਗਾਰ ਕੇ ਆਪਣਾ ਪੱਖ ਪੇਸ਼ ਕਰਦਾ। ਜਦ ਉਸਨੇ ਵਿਦਿਆਰਥੀਆਂ 'ਚ ਭਾਸ਼ਣ ਕਰਨਾ ਹੁੰਦਾ ਤਾਂ ਬੋਰਡ ਉੱਪਰ ਨੋਟਿਸ ਲਾ ਦਿੱਤਾ ਜਾਂਦਾ। ਕਾਲਜ ਦੇ ਸਾਰੇ ਵਿਦਿਆਰਥੀ ਉਸ ਥਾਂ ਪੁੱਜ ਜਾਂਦੇ ਜਿੱਥੇ ਉਸਨੇ ਭਾਸ਼ਣ ਦੇਣਾ ਹੁੰਦਾ। ਕਈ ਪ੍ਰੋਫ਼ੈਸਰ ਵੀ ਉਸਦੇ ਵਿਚਾਰ ਸੁਣ ਕੇ ਅਸ਼-ਅਸ਼ ਕਰ ਉੱਠਦੇ। ਭਾਸ਼ਣ ਤਾਂ ਮੈਂ ਵੀ ਚੰਗਾ ਕਰ ਲੈਂਦਾ ਸੀ ਪਰ ਜਿਹੜੀ ਜਾਨ ਭਾਸ਼ਣ ਵਿੱਚ ਤਰਲੋਚਨ ਪਾਉਂਦਾ ਸੀ ਉਹ ਮੈਥੋਂ ਨਹੀਂ ਪੈਂਦੀ ਸੀ। ਤਰਲੋਚਨ ਨੂੰ ਮੇਰੇ ਨਾਲੋਂ ਸਿਧਾਂਤਕ ਪਕੜ ਵੀ ਵਧੇਰੇ ਸੀ। ਪੜ੍ਹਾਈ ਪੱਖੋਂ ਉਹ ਸਦਾ ਹੀ ਆਪਣੀ ਕਲਾਸ ਤੋਂ ਅੱਗੇ ਰਿਹਾ।

ਤਰਲੋਚਨ ਜਦ ਇੰਜਨੀਅਰਿੰਗ ਦੇ ਅੰਤਲੇ ਸਾਲ 'ਚ ਹੋਇਆ ਤਾਂ ਉਸਨੂੰ ਨਕਸਲੀਆਂ ਦੀਆਂ ਉਪੱਰਲੀਆਂ ਸਫਾਂ ਵਿੱਚ ਸ਼ਾਮਲ ਕਰ ਲਿਆ। ਉਸਨੇ ਮੈਨੂੰ ਵੀ ਨਕਸਲੀ ਪਾਰਟੀ ਦੀ ਸੂਬਾ ਕਮੇਟੀ ਦਾ



ਮੈਂਬਰ ਨਾਮਜ਼ਦ ਕਰਵਾ ਲਿਆ ਸੀ। ਹੁਣ ਅਸੀਂ ਅਕਸਰ ਮਿਲਦੇ ਰਹਿੰਦੇ। ਰਾਤ ਭਰ ਸਕੂਲਿੰਗ ਚਲਦੀ। ਕਈ-ਕਈ ਦਿਨ ਮੀਟਿੰਗਾਂ ਚਲਦੀਆਂ ਰਹਿੰਦੀਆਂ। ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਬਹਿਸਾਂ ਹੁੰਦੀਆਂ ਰਹਿੰਦੀਆਂ। ਕਦੇ ਕੋਈ ਮਸਲਾ, ਜੋ ਅਹਿਮ ਅਜੰਡਾ ਹੁੰਦਾ, ਉਸ 'ਤੇ ਮਹੀਨਾ-ਮਹੀਨਾ ਬਹਿਸ ਚਲਦੀ। ਮਸਲੇ ਨੂੰ ਰਿੜਕ-ਰਿੜਕ ਕੇ ਕੋਈ ਹੱਲ ਕੱਢਿਆ ਜਾਂਦਾ। ਤਰਲੋਚਨ ਦੀ ਸੂਝ ਅਤੇ ਸਿਧਾਂਤਕ ਪਕੜ ਏਨੀ ਸੀ ਕਿ ਉਹ ਨਵੇਂ ਪੁਰਾਣੇ ਸਭ ਨਕਸਲੀਆਂ ਨੂੰ ਕੀਲ ਲੈਂਦਾ।

ਮੈਂ ਐੱਮ.ਐੱਸ.ਸੀ. ਕਰਨ ਉਪਰੰਤ ਯੂਨੀਵਰਸਿਟੀ 'ਚ ਹੀ ਐੱਮ.ਫਿਲ. ਕਰਨ ਲੱਗ ਪਿਆ। ਘਰ ਜਦ ਆਉਂਦਾ ਮੇਰੇ ਮਾਂ ਪਿਉ ਮੇਰੀ ਚਿੰਤਾ ਕਰਦੇ—'ਕਾਕਾ 'ਤੂੰ ਨੌਂ ਕਿੱਲਿਆਂ ਦਾ ਮਾਲਕ ਐਂ—ਪੁੱਠੇ ਕੰਮ ਕਰਕੇ ਆਪਣੇ ਖ਼ਾਨਦਾਨ ਨੂੰ ਦਾਗ ਲੁਆ ਦੇਵੇਂਗਾ—ਨਾਲੇ ਫਿਰ ਤੂੰ ਸਾਡਾ ਕੱਲਾ ਕਾਰਾ ਪੁੱਤ ਐਂ, ਪੁੱਠੇ ਕੰਮ ਛੱਡ ਦੇਹ। ਸਾਡਾ ਬੁਢਾਪਾ ਰੁਲ ਜੂ। ਤੇਰੇ ਬਿਨਾਂ ਸਾਡਾ ਕੌਣ ਐ ? ਪਤਾ ਨਹੀਂ ਮੇਰੇ ਮਾਂ-ਪਿਉ ਨੂੰ ਕਿਸ ਨੇ ਦੱਸ ਦਿੱਤਾ ਸੀ ਕਿ ਮੈਂ ਇੱਕ ਵਿਦਿਆਰਥੀ ਨੇਤਾ ਹਾਂ। ਇਕ ਮੈਂ ਕਿ ਨਕਸਲੀ ਹਾਂ। ਜੇ ਮੈਂ ਉਨ੍ਹਾਂ ਨੂੰ ਕਦੇ ਪੁੱਛਦਾ—'ਥੋਨੂੰ ਕੌਣ ਦੱਸਦੇ ?' ਤਾਂ ਅੱਗੋਂ ਜਵਾਬ ਦੇ ਕੇ ਟਾਲ ਦਿੰਦੇ—'ਜਿਹੜੀਆਂ ਤੇਰੇ ਡਮਾਕ 'ਚ ਐ—ਸਾਡੇ ਨਹੁੰਆਂ 'ਚ ਐ—ਸੁਣਿਐ ਭਾਈ।'

ਤਰਲੋਚਨ ਇੰਜਨੀਅਰਿੰਗ ਕਰਨ ਪਿੱਛੋਂ ਨਕਸਲੀ ਪਾਰਟੀ ਦਾ ਹੋਲ ਟਾਈਮਰ ਹੋ ਗਿਆ ਸੀ। ਉਹ ਰੂਪੋਸ਼ ਹੋ ਕੇ ਪਾਰਟੀ ਕੰਮ ਕਰਦਾ ਸੀ। ਕਈ ਵਾਰਦਾਤਾਂ 'ਚ ਉਸਦਾ ਨਾਮ ਬੋਲਣ ਲੱਗ ਪਿਆ ਸੀ। ਉਹ ਅਕਸਰ ਮੇਰੇ ਕੋਲ ਯੂਨੀਵਰਸਿਟੀ ਆ ਕੇ ਰਹਿੰਦਾ। ਮੈਂ ਅਜੇ ਰੂਪੋਸ਼ ਨਹੀ ਹੋਇਆ ਸਾਂ, ਜਨਤਕ ਨੇਤਾ ਹੀ ਰਹਿਣਾ ਚਾਹੁੰਦਾ ਸਾਂ ਭਾਵੇਂ ਅੰਦਰ ਖਾਤੇ ਮੈਂ ਆਪਣੀ ਪਾਰਟੀ ਦੇ ਹੀ ਕਾਰਜ ਕਰਦਾ ਸਾਂ।

ਤਰਲੋਚਨ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਸੰਗਰੂਰ ਜ਼ਿਲ੍ਹੇ ਦੇ ਇਕ ਥਾਣੇ 'ਤੇ ਹਮਲਾ ਬੋਲ ਦਿੱਤਾ ਸੀ। ਇਸ ਐਕਸ਼ਨ ਵਿੱਚ ਦੋ ਸਿਪਾਹੀ ਮਾਰੇ ਗਏ ਸਨ। ਇਸ ਤੋਂ ਬਿਨਾਂ ਇੱਕ ਥਾਣੇਦਾਰ ਵੀ ਫ਼ੱਟੜ ਹੋ ਗਿਆ ਸੀ। ਉਨ੍ਹਾਂ ਦੇ ਸਾਰੇ ਹਥਿਆਰ ਤਰਲੋਚਨ ਨੇ ਆਪਣੇ ਕਬਜ਼ੇ ਵਿੱਚ ਕਰ ਲਏ। ਤਰਲੋਚਨ ਦੇ ਵੀ ਗਿੱਟੇ 'ਚ ਗੋਲੀ ਵੱਜੀ ਸੀ ਪਰ ਉਸਨੇ ਉਸਦੀ ਪਰਵਾਹ ਨਹੀਂ ਕੀਤੀ ਸੀ। ਉਸਨੇ ਲੁੱਟੇ ਹੋਏ ਹਥਿਆਰ ਖੋਹੀ ਹੋਈ ਇੱਕ ਵੈਨ 'ਚ ਲੱਦ ਲਏ ਅਤੇ ਟਿਕਾਣੇ 'ਤੇ ਪਹੁੰਚਾ ਦਿੱਤੇ।

ਅਗਲੇ ਦਿਨ ਅਖ਼ਬਾਰ 'ਚ ਇਸ ਐਕਸ਼ਨ ਸੰਬੰਧੀ ਮੋਟੀ ਸੁਰਖ਼ੀ ਲੱਗੀ। ਨਕਸਲੀਆਂ ਨੇ ਇਸ ਮਾਮਲੇ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਤਰਲੋਚਨ ਦੇ ਨਾਮ ਦੀ ਘਰ-ਘਰ ਚਰਚਾ ਹੋਣ ਲੱਗੀ। ਪੁਲਸ ਨੇ ਅਗਲੇ ਦਿਨ ਹੀ ਤਰਲੋਚਨ ਦੇ ਘਰ 'ਚ ਛਾਪਾ ਮਾਰਿਆ। ਨੰਬਰਦਾਰ ਨਛੱਤਰ ਸਿੰਘ, ਉਸਦੀ ਪਤਨੀ ਅਤੇ ਪੁੱਤਰ ਲੱਛਮਣ ਸਿੰਘ ਨੂੰ ਫੜ ਲਿਆ ਸੀ। ਸਾਰੇ ਟੱਬਰ ਉੱਪਰ ਅੰਨ੍ਹਾ ਤਸ਼ੱਦਦ ਵੀ ਢਾਹਿਆ ਗਿਆ। ਅਗਲੇ ਦਿਨ ਅਖ਼ਬਾਰ 'ਚ ਇਕ ਹੋਰ ਖ਼ਬਰ ਸੀ-ਸਰਕਾਰ ਵੱਲੋਂ ਖ਼ੂੰਖ਼ਾਰ ਅੱਤਵਾਦੀ ਤਰਲੋਚਨ ਦੇ ਸਿਰ ਦਾ ਪੰਜਾਹ ਹਜ਼ਾਰ ਰੁਪਏ ਇਨਾਮ-ਤਰਲੋਚਨ ਨੂੰ ਫੜਾਉ-ਇਨਾਮ ਪਾਉ।

ਉਧਰ ਨਛੱਤਰ ਸਿੰਘ, ਉਸਦੀ ਪਤਨੀ ਅਤੇ ਪੁੱਤਰ ਲਛਮਣ ਸਿੰਘ 'ਤੇ ਏਨਾ ਕੁਟਾਪਾ ਚਾੜ੍ਹਿਆ ਗਿਆ ਕਿ ਉਨ੍ਹਾਂ ਨੂੰ ਤੁਰਨਾ ਫਿਰਨਾ ਮੁਹਾਲ ਹੋ ਗਿਆ। ਅੰਗ-ਅੰਗ ਟਸ ਟਸ ਕਰ ਰਿਹਾ ਸੀ। 'ਬਿਨਾਂ ਕਸੂਰ ਤੋਂ ਹੀ ਛਿੱਤਰ ਪੈ ਗਏ'। ਉਹ ਗੁੱਸੇ ਅਤੇ ਨਮੋਸ਼ੀ 'ਚ ਸੋਚਦੇ ਸਨ—'ਕਿੰਨਾ ਪੈਸਾ ਖਰਚਿਆ ਹਰਾਮਜ਼ਾਦੇ 'ਤੇ ਕੌਡੀ ਦਾ ਨਾ ਨਿਕਲਿਆ—ਉਹ ਕੋਈ ਬੰਦੈ ਜੀਹਨੇ ਆਪਣੇ ਮਾਂ-ਪਿਉ, ਭਰਾ ਦੇ ਹੀ ਚਿੱਤੜ ਕੁਟਾ ਦਿੱਤੇ।' ਗਾਂਹ ਕੀ ਪਤੈ ਹੁਣ ਕਦੋਂ, ਖਹਿੜਾ ਛੁੱਟੇ। ਮਾੜੀ 'ਲਾਦ ਨਾ ਜੰਮੇ ਕਿਸੇ ਦੁਸ਼ਮਣ ਦੇ ਵੀ।'

ਪੁਲਸ ਦਾ ਮੈਨੂੰ ਵੀ ਡਰ ਸੀ ਪਰ ਮੈਂ ਜਾਣ-ਬੁੱਝ ਕੇ ਅੰਡਰ ਗਰਾਉਂਡ ਨਾ ਹੋਇਆ। ਮੈਂ ਸੋਚਦਾ ਸਾਂ ਕਿ ਅੰਡਰ ਗਰਾਉਂਡ ਹੋਣ ਨਾਲ ਤਾਂ ਪੁਲਸ ਨੂੰ ਸ਼ੱਕ ਪੈ ਹੀ ਜਾਏਗੀ। ਹਾਲਾਂਕਿ ਪਾਰਟੀ ਵੱਲੋਂ ਮੈਨੂੰ ਰੂਪੋਸ਼ ਹੋਣ ਦਾ ਸੁਨੇਹਾ ਮਿਲ ਗਿਆ ਸੀ। ਪਾਰਟੀ ਵੱਲੋਂ ਹੁਕਮ ਸੀ ਕਿ ਛਾਪਾ ਕਦੋਂ ਵੀ ਪੈ ਸਕਦਾ ਹੈ। ਮੈਂ ਰਾਤ ਨੂੰ ਹੋਸਟਲ 'ਚ ਹੀ ਰਿਹਾ। ਉਹੀ ਗੱਲ ਹੋਈ। ਅੱਧੀ ਰਾਤ ਨੂੰ ਪੁਲਸ ਦੀ ਵੱਡੀ ਧਾੜ ਵੱਲੋਂ ਛਾਪਾ ਮਾਰਿਆ ਗਿਆ। ਮੈਨੂੰ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਇੰਟੈਰੋਗੇਸ਼ਨ ਸੈਂਟਰ ਭੇਜ ਦਿੱਤਾ। ਮੇਰੀ ਗ੍ਰਿਫਤਾਰੀ ਦੇ ਤੁਰੰਤ

ਬਾਅਦ ਮੇਰੇ ਮਾਂ ਪਿਉ ਨੂੰ ਵੀ ਕੋਈ ਨਕਸਲੀ ਘਰ ਛੱਡ ਕੇ ਜਾਣ ਲਈ ਕਹਿ ਆਇਆ ਜਿਸ ਕਾਰਨ ਮੇਰੇ ਮਾਂ ਪਿਉ ਦੀ ਗ੍ਰਿਫ਼ਤਾਰੀ ਨਾ ਹੋ ਸਕੀ। ਰਾਤ ਨੂੰ ਮੇਰੇ ਉੱਪਰ ਅੰਨ੍ਹਾ ਕਹਿਰ ਵਰਤਾਇਆ ਗਿਆ। ਮੇਰੇ ਪਜ਼ਾਮੇ ਵਿੱਚ ਚੂਹੇ ਛੱਡ ਕੇ ਗਿੱਟਿਆਂ ਤੋਂ ਬੰਨ੍ਹ ਦਿਤਾ ਗਿਆ। ਮੇਰੀਆਂ ਬਾਹਾਂ ਰੱਸੇ ਨਾਲ ਬੰਨ੍ਹ ਕੇ ਛੱਤ ਨਾਲ ਲੱਗੀ ਇੱਕ ਕੁੰਡੀ ਨਾਲ ਬੰਨ੍ਹ ਦਿੱਤੀਆਂ। ਮੈਂ ਅੱਧੀ ਰਾਤ ਤੱਕ ਤਾਂ ਔਖਾ ਸੌਖਾ ਖੜ੍ਹਾ ਰਿਹਾ ਅਖੀਰ ਬੇਹੋਸ਼ ਹੋ ਗਿਆ ਫਿਰ ਮੈਨੂੰ ਨਹੀਂ ਪੱਤਾ ਕਦੋਂ ਮੈਨੂੰ ਕੋਠੜੀ ਦੀ ਫ਼ਰਸ਼ 'ਤੇ ਲਿਟਾਇਆ ਗਿਆ। ਅਗਲੇ ਦਿਨ ਉਨ੍ਹਾਂ ਮੇਰੇ ਪੱਟਾਂ, ਬਾਹਾਂ ਅਤੇ ਪਿੱਠ ਤੋਂ ਜਮੂਰਾ ਨਾਲ ਮਾਸ ਨੋਚਣਾ ਸ਼ੁਰੂ ਕਰ ਦਿੱਤਾ। ਜਖ਼ਮ ਬਣਾ ਕੇ ਉਹ ਮੇਰੇ ਜਖ਼ਮਾਂ 'ਤੇ ਲੂਣ ਮਸਲ ਦਿੰਦੇ। ਏਨੀ ਪੀੜ ਪਵੇ ਕਿ ਰਹੇ ਰੱਬ ਦਾ ਨਾਂ। ਮੈਂ ਚੀਕਾਂ ਮਾਰ ਉੱਠਦਾ। ਮੈਂ ਤਾਂ ਆਪਣੇ ਮਾਂ ਪਿਉ ਦਾ ਲਾਡਲਾ ਜਿਹਾ ਪੁੱਤਰ ਸਾਂ। ਕੋਮਲ ਜਿਹੇ ਸਰੀਰ ਦਾ ਮਾਲਕ ਸਾਂ। ਪਰ ਤਸੀਹੇ ਕਿਵੇਂ ਸਹਿ ਗਿਆ, ਇਹ ਮੈਨੂੰ ਬੜੀ ਹੈਰਾਨੀ ਹੁੰਦੀ ਰਹੀ। ਕਦੇ-ਕਦੇ ਆਪਣੇ ਆਪ 'ਤੇ ਮਾਣ ਵੀ ਹੁੰਦਾ। ਵਾਹ, ਨਹੀਂ ਰੀਸਾਂ ਤੇਰੀਆਂ।

ਮੇਰੇ ਬਾਪੂ ਜੀ ਦਾ ਇੱਕ ਕਾਂਗਰਸੀ ਦੋਸਤ ਸੀ। ਉਸਦੀ ਕਾਂਗਰਸ ਪਾਰਟੀ ਵਿੱਚ ਕਾਫ਼ੀ ਪੁੱਛ ਦੱਸ ਹੁੰਦੀ ਸੀ। ਮੇਰੇ ਬਾਪੂ ਜੀ ਨੇ ਬੜੀ ਹਿੰਮਤ ਕੀਤੀ। ਪੈਸੇ ਵੀ ਵਾਹਵਾ ਖਰਚੇ। ਪੁਲਸ ਨੂੰ ਮੋਟੀ ਰਕਮ ਰਿਸ਼ਵਤ ਵੱਜੋਂ ਦਿੱਤੀ। ਉਸ ਕਾਂਗਰਸੀ ਨੇ ਮੇਰੇ ਬਾਰੇ ਬਣੀ ਪੁਲਸ ਫ਼ਾਈਲ ਪੜਵਾ ਦਿੱਤੀ। ਮੈਥੋਂ ਲਿਖਤੀ ਮੁਆਫ਼ੀ ਮੰਗਵਾ ਲਈ। ਪੰਚਾਇਤ ਨੇ ਮੇਰੇ ਬਾਰੇ ਐੱਸ.ਪੀ. ਨੂੰ ਯਕੀਨ ਦੁਆ ਦਿੱਤਾ। ਜਾਨ ਬਚੀ ਲਾਖੋਂ ਪਾਏ, ਮੈਂ ਘਰ ਆ ਗਿਆ।

ਨੰਬਰਦਾਰ ਨਛੱਤਰ ਸਿੰਘ ਦੀਆਂ ਰਿਸ਼ਤੇਦਾਰੀਆਂ ਵੀ ਕਾਫ਼ੀ ਅਮੀਰ ਸਨ। ਉਨ੍ਹਾਂ ਦੀ ਸਰਕਾਰੇ ਦਰਬਾਰੇ ਪਹੁੰਚ ਵੀ ਸੀ। ਨੰਬਰਦਾਰ ਅਤੇ ਉਸਦੇ ਪਰਿਵਾਰ ਨੂੰ ਛੁਡਵਾਉਣ ਲਈ ਉਨ੍ਹਾਂ ਸਾਰਿਆਂ ਬੜੀ ਕੋਸ਼ਿਸ ਕੀਤੀ। ਕਈ ਨੇਤਾਵਾਂ ਨੂੰ ਵੀ ਉਹ ਲੈ ਕੇ ਗਏ ਪਰ ਪੁਲਸ ਨੇ ਉਨ੍ਹਾਂ ਨੂੰ ਨਾ ਛੱਡਿਆ। ਐੱਸ.ਪੀ. ਨੇ ਤਾਂ ਇੱਕੋ ਸ਼ਰਤ ਲਾਈ ਹੋਈ ਸੀ। ਤਰਲੋਚਨ ਪੇਸ਼ ਕਰ ਦਿਉ ਇੰਨ੍ਹਾਂ ਨੂੰ ਲੈ ਜਾਉ ......? ਐੱਸ.ਪੀ. ਜਾਣਦਾ ਸੀ ਜੇਕਰ ਮੈਂ ਨੰਬਰਦਾਰ ਹੁਰੀਂ ਛੱਡ ਦਿੱਤੇ ਤਾਂ ਤਰਲੋਚਨ ਨੂੰ ਫੜਨਾ ਬੜਾ ਮੁਸ਼ਕਲ ਹੋ ਜਾਏਗਾ। ਇਸੇ ਸਮੇਂ ਦੌਰਾਨ ਤਰਲੋਚਨ ਅਤੇ ਉਸਦੇ ਸਾਥੀਆਂ ਨੇ ਇੱਕ ਪੁਲਸ ਦੇ ਮੁਖ਼ਬਰ ਨੂੰ ਮਾਰ ਦਿੱਤਾ। ਚਾਰ ਦਿਨਾਂ ਬਾਅਦ ਤਰਲੋਚਨ ਨੇ ਐੱਸ.ਪੀ. ਦਾ ਭੇਸ ਧਾਰ ਕੇ ਲੋਕਾਂ ਦੀਆਂ ਬੰਦੂਕਾਂ ਚੈੱਕ ਕਰਨ ਦੇ ਬਹਾਨੇ ਇੱਕ ਪਿੰਡ ਦੀਆਂ ਸਾਰੀਆਂ ਬੰਦੂਕਾਂ ਲਾਇਸੈਂਸਾਂ ਸਮੇਤ ਲੁੱਟ ਲਈਆਂ। ਬੰਦੂਕਧਾਰੀਆਂ ਨੂੰ ਇਹ ਹੁਕਮ ਕਰ ਦਿੱਤਾ-ਕੱਲ੍ਹ ਰਾਈਫ਼ਲਾਂ ਮਹਿਣੇ ਥਾਣੇ 'ਚੋਂ ਲੈ ਲਿਉ—ਬਨਾਉਟੀ ਰਸੀਦਾਂ ਉਨ੍ਹਾਂ ਨੂੰ ਦੇ ਦਿੱਤੀਆਂ। ਅਗਲੇ ਦਿਨ ਪਿੰਡ ਵਾਸੀ ਇਕੱਠੇ ਹੋ ਕੇ ਬੰਦੂਕਾਂ ਲੈਣ ਲਈ ਥਾਣੇ ਚਲੇ ਗਏ। ਬੰਦੂਕਾਂ ਉਥੋਂ ਕੀ ਮਿਲਣੀਆਂ ਸਨ ? ਇਸ ਕਾਂਡ ਦੀ ਬੜੀ ਚਰਚਾ ਹੋਈ। ਤਰਲੋਚਨ ਨੇ ਵੀ ਅਖ਼ਬਾਰ ਰਾਹੀਂ ਜ਼ਿੰਮੇਵਾਰੀ ਲੈ ਲਈ ਸੀ। ਤਰਲੋਚਨ ਦੀਆਂ ਸਰਗਰਮੀਆਂ ਨੂੰ ਦੇਖ ਕੇ ਪੁਲੰਸ ਨੇ ਉਸਦੇ ਸਿਰ ਦਾ ਇਨਾਮ ਪੰਜਾਹ ਹਜ਼ਾਰ ਰੁਪਏ ਤੋਂ ਇੱਕ ਲੱਖ ਰੁਪਇਆ ਕਰ ਦਿੱਤਾ। ਉਸਦੀਆਂ ਤਸਵੀਰਾਂ ਦੇ ਇਸ਼ਤਿਹਾਰ ਥਾਂ-ਥਾਂ ਕੰਧਾਂ ਉੱਪਰ ਚਿਪਕਾ ਦਿੱਤੇ ਗਏ। ਉਸਦੀ ਭਾਲ ਨਿਰੰਤਰ ਜਾਰੀ ਸੀ। ਪੰਜਾਬ ਦੇ ਕੁਲ ਥਾਵਾਂ 'ਤੇ ਨਕਸਲੀਆਂ ਨਾਲ ਪੁਲਸ ਮੁਕਾਬਲੇ ਵੀ ਹੋਏ। ਕੁਝ ਥਾਵਾਂ ਤੇ ਨਕਸਲੀ ਫੜ ਲਏ ਜਾਂਦੇ ਅਤੇ ਉਨ੍ਹਾਂ ਦੇ ਅਖੌਤੀ ਪੁਲਸ ਮੁਕਾਬਲੇ ਬਣਾ ਦਿੱਤੇ ਜਾਂਦੇ। ਅਖ਼ਬਾਰਾਂ ਵਿੱਚ ਖ਼ਬਰ ਹੁੰਦੀ-ਚਾਰ ਖ਼ੂੰਖਾਰ ਨਕਸਲੀ ਅੱਤਵਾਦੀ ਇੱਕ ਨਹਿਰ ਦੇ ਪੁੱਲ 'ਤੇ ਗਹਿ ਗੱਚ ਪੁਲਸ ਮੁਕਾਬਲੇ 'ਚ ਹਲਾਕ। ਪੁਲਸ ਮੁਕਾਬਲਿਆਂ ਦੀਆਂ ਅਖਬਾਰੀ ਕਹਾਣੀਆਂ ਲੱਗਭੱਗ ਇਕੋ ਜਿਹੀਆਂ ਹੁੰਦੀਆਂ।

ਨੰਬਰਦਾਰ ਨਛੱਤਰ ਸਿੰਘ ਤੇ ਉਸਦੇ ਪਰਿਵਾਰ ਦਾ ਚਾਰ ਮਹੀਨਿਆਂ ਬਾਅਦ ਛੁਟਕਾਰਾ ਹੋਇਆ, ਐੱਸ.ਪੀ. ਨੂੰ ਪੰਜ ਲੱਖ ਰੁਪਏ ਦਿੱਤੇ। ਨੰਬਰਦਾਰ ਨੇ ਐੱਸ.ਐੱਸ.ਪੀ. ਨਾਲ ਇਹ ਵਾਅਦਾ ਕੀਤਾ ਜਦ ਵੀ ਤਰਲੋਚਨ ਪਿੰਡ ਜਾਂ ਘਰ ਆਏਗਾ—ਫੜਾ ਦਿਆਂਗੇ। ਨੰਬਰਦਾਰ ਨਛੱਤਰ ਸਿੰਘ ਨੇ ਤਾਂ ਐੱਸ.ਐੱਸ.ਪੀ. ਨੂੰ ਏਨਾ ਵਿਸ਼ਵਾਸ਼ ਦੁਆ ਦਿੱਤਾ ਸੀ—'ਜੇਕਰ ਉਹ ਭੁੱਲਿਆ ਭਟਕਿਆਂ ਘਰ ਆ ਵੀ ਗਿਆ ਤਾਂ ਮੈਂ ਉਸਨੂੰ ਗੋਲੀ ਮਾਰ ਕੇ ਖਤਮ ਕਰ ਦੇਊਂਗਾ। ਫਿਰ ਉਸਦੀ ਲਾਸ਼ ਜੀਪ ਪਿੱਛੇ ਪਾ ਕੇ ਤੁਹਾਡੇ ਕੋਲ ਲਿਆਊਂਗਾ। ਏਹੋ



ਜੇਹੇ ਪੁੱਤਾਂ ਤੋਂ ਕੀ ਲੇਣੈਂ ਜਿਨ੍ਹਾਂ ਸਾਨੂੰ ਵੀ ਮਰਵਾਤਾ ਸੀ।' ਨਛੱਤਰ ਸਿੰਘ ਦੇ ਇਸ ਵਾਅਦੇ ਨਾਲ ਐੱਸ.ਐੱਸ.ਪੀ. ਨੂੰ ਯਕੀਨ ਹੋ ਗਿਆ ਸੀ।

ਨਛੱਤਰ ਸਿੰਘ ਨੇ ਪੁਲਸ ਦੇ ਸ਼ਕੰਜੇ ਤੋਂ ਛੁੱਟਣ ਪਿੱਛੋਂ ਅਦਾਲਤ ਰਾਹੀਂ ਤਰਲੋਚਨ ਨੂੰ ਸਾਰੀ ਚਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ। ਗੁੱਸੇ 'ਚ ਜ਼ਮੀਨ ਦੀ ਰਜਿਸਟਰੀ ਹੀ ਉਸਨੇ ਆਪਣੇ ਪੁੱਤਰ ਲਛਮਣ ਦੇ ਨਾਂ ਕਰਵਾ ਦਿੱਤੀ। ਘਰ, ਟਰੈਕਟਰ, ਜੀਪ, ਬੰਦੂਕ—ਗੱਲ ਕੀ ਸਾਰਾ ਸਾਮਾਨ ਲਿਖਤੀ ਰੂਪ 'ਚ ਹਲਫ਼ੀਆਂ ਬਿਆਨ ਦੇ ਕੇ ਲਛਮਣ ਦੇ ਨਾਂ ਕਰਵਾ ਦਿੱਤਾ। ਸਾਰੇ ਪਰਿਵਾਰ ਨੂੰ ਹੀ ਤਰਲੋਚਨ ਨਾਲ ਨਫ਼ਰਤ ਹੋ ਗਈ ਸੀ। ਉਹ ਸੋਚਦੇ ਸਨ ਕਿ ਰੰਗੀ ਵਸਦੇ ਸੀ। ਘਰੇ ਹਰ ਸੁੱਖ ਸਹੂਲਤ ਸੀ। ਕੋਲ ਚਾਰ ਪੈਸੇ ਵੀ ਸਨ। ਪਿੰਡ 'ਚ ਮਾਣ-ਤਾਣ ਵੀ ਸੀ। ਹਰ ਕੋਈ 'ਨੰਬਰਦਾਰ ਸਾਹਿਬ' 'ਨੰਬਰਦਾਰ ਸਾਹਿਬ' ਕਹਿ ਕੇ ਬੁਲਾਉਂਦਾ ਸੀ। ਏਸ ਕੰਜਰ ਨੇ ਤਾਂ ਊਂ ਈ ਮਰਵਾ ਤੇ ਸੀ। ਨੰਬਰਦਾਰ ਨਛੱਤਰ ਸਿੰਘ ਤਾਂ ਤਰਲੋਚਨ ਦਾ ਜਿਊਂਦੇ ਜੀਅ ਮੂੰਹ ਵੀ ਦੇਖਣਾ ਨਹੀਂ ਚਾਹੁੰਦਾ ਸੀ। ਉਹ ਉਸਨੂੰ ਆਪਣਾ ਪੁੱਤਰ ਹੀ ਕਹਿਣੋਂ ਹੱਟ ਗਿਆ ਸੀ। ਨੰਬਰਦਾਰ ਨੂੰ ਏਨੀ ਨਫ਼ਰਤ ਹੋ ਗਈ ਸੀ ਉਸ ਨਾਲ।

ਜਦ ਉਹ ਰੂਪੋਸ਼ ਸੀ ਅਤੇ ਸਰਕਾਰ ਵੱਲੋਂ ਉਸਦੇ ਸਿਰ ਦਾ ਮੁੱਲ ਦੁੱਗਣਾ ਕਰ ਦਿੱਤਾ ਸੀ। ਇੱਕ ਰਾਤ ਉਸਨੂੰ ਨਾਨਕੇ ਪਿੰਡ ਰਹਿਣ ਲਈ ਮਜਬੂਰ ਹੋਣਾ ਪਿਆ। ਰਾਤ ਦਾ ਨੌਂ ਦਾ ਸਮਾਂ ਹੋਏਗਾ। ਜਦ ਤਰਲੋਚਨ ਦੇ ਮਾਮੇ ਕੇਹਰ ਸਿਉਂ ਨੇ ਬੂਹਾ ਖੋਲ੍ਹਿਆ। ਉਸਦਾ ਮਾਮਾ ਉਸਨੂੰ ਬੈਠਕ ਤੱਕ ਤਾਂ ਲੈ ਗਿਆ। ਉੱਥੇ ਹੀ ਉਸਦਾ ਵੱਡਾ ਮਾਮਾ ਮੇਹਰ ਸਿਉਂ ਪਿਆ ਸੀ। ਮਾਘ ਦਾ ਮਹੀਨਾ ਸੀ। ਤਰਲੋਚਨ ਨੂੰ ਅਚਾਨਕ ਹੀ ਇਸ ਠੰਡ ਕਾਰਨ ਨਾਨਕੇ ਰਹਿਣਾ ਪਿਆ ਸੀ। ਉਸ ਕੋਲ ਕੋਈ ਕੰਬਲ ਵੀ ਨਹੀਂ ਸੀ। ਬਾਹਰ ਤੇਜ ਠੱਕਾ ਚਲ ਰਿਹਾ ਸੀ। ਠੰਡ ਕਾਰਨ ਦੰਦ ਨਾਲ ਦੰਦ ਜੁੜ ਰਹੇ ਸਨ। ਥੋੜ੍ਹੀ-ਥੋੜ੍ਹੀ ਕਿਣ-ਮਿਣ ਵੀ ਹੋ ਰਹੀ ਸੀ। ਬੱਦਲ ਅਕਾਸ਼ ਵਿੱਚ ਗਰਜ ਰਹੇ ਸਨ। ਜਦ ਬਿਜਲੀ ਲਿਸ਼ਕਦੀ ਤਾਂ ਦੂਰ-ਦੂਰ ਤੱਕ ਚਾਨਣ ਹੋ ਜਾਂਦਾ ਸੀ। ਉਸਨੂੰ ਰੋਟੀ ਚਾਹ ਤਾਂ ਕੀ ਪੁੱਛਣੀ ਸੀ। ਰਜਾਈ ਜਾਂ ਮੋਟਾ ਕੱਪੜਾ ਤਾਂ ਕੀ ਦੇਣਾ ਸੀ ਸਗੋਂ ਉਸਦੇ ਦੋਨਾਂ ਮਾਮਿਆਂ ਨੇ ਉਸਨੂੰ ਸਪੱਸ਼ਟ ਕਹਿ ਦਿੱਤਾ "ਕਾਕਾ ਤੂੰ ਤਾਂ ਸਾਨੂੰ ਵੀ ਮਰਾਏਂਗਾ—ਆਵਦਾ ਡੰਡੀ ਲੱਗ ਏਥੋਂ ......ਦੇਂਹਦਾ ਨੀ' ਕਿੱਡਾ ਸਾਡਾ ਕਾਰੋਬਾਰ ਆ ਕਿੰਨਾ ਜੀਆ ਜੰਤ ਆ ........ਸਾਥੋਂ ਨਹੀਂ ਏਡੀ ਝਾਲ ਝੱਲੀ ਜਾਣੀ......। ਤਰਲੋਚਨ ਦਾ ਏਨੇ ਰੁੱਖੇ ਸ਼ਬਦ ਸੁਣ ਕੇ ਅੱਖਾਂ 'ਚ ਖ਼ੂਨ ਉੱਤਰ ਆਇਆ। ਡੱਬ ਵਿਚਲੇ ਰੀਵਾਲਵਰ ਨੂੰ ਹੱਥ ਵੀ ਪਾ ਲਿਆ, ਪਰ ਫਿਰ ਪਤਾ ਨਹੀਂ ਕਿਉਂ ਹੱਥ ਰੁਕ ਗਿਆ। ਉਹ ਚੁੱਪਚਾਪ ਉੱਠਿਆ ਅਤੇ ਘਰੋਂ ਬਾਹਰ ਹੋ ਗਿਆ।

ਮੈਂ ਦਿਨ ਪ੍ਰਤੀਦਿਨ ਸਹਿਜ ਹੁੰਦਾ ਜਾ ਰਿਹਾ ਸਾਂ। ਚਾਰ ਪੰਜ ਮਹੀਨਿਆਂ ਬਾਅਦ ਮੈਂ ਇੱਕ ਕਾਲਜ ਵਿੱਚ ਲੈਕਚਰਾਰ ਲਈ ਇੰਟਰਵਿਊ ਦੇ ਦਿੱਤੀ। ਫਿਜ਼ਿਕਸ ਦੇ ਲੈਕਚਰਾਰ ਕਿੱਥੇ ਮਿਲਦੇ ਸਨ। ਉਹ ਵੀ ਜੀਹਦੀ ਹਰ ਕਲਾਸ 'ਚ ਹੀ ਫ਼ਸਟ ਡਵੀਜ਼ਨ ਹੋਵੇ। ਕਾਲਜ ਭਾਵੇਂ ਪ੍ਰਾਈਵੇਟ ਸੀ ਪਰ ਸਰਕਾਰੀ ਸਹਾਇਤਾ ਪ੍ਰਾਪਤ ਸੀ। 95% ਤਨਖਾਹ ਸਰਕਾਰ ਹੀ ਦਿੰਦੀ ਸੀ। ਮੈਨੂੰ ਕਦੇ-ਕਦੇ ਤਰਲੋਚਨ ਅਤੇ ਦੂਜੇ ਸਾਥੀਆਂ ਦੀ ਅਕਸਰ ਯਾਦ ਆਉਂਦੀ ਪ੍ਰੰਤੂ ਫਿਰ ਬੁੱਢੇ ਹੋ ਰਹੇ ਮਾਂ ਪਿਉ ਵੱਲ ਦੇਖ ਕੇ ਆਪਣੇ ਮਨ ਨੂੰ ਹੋੜੀ ਰੱਖਦਾ। ਇੱਕ ਦਿਨ ਫਿਰ ਜੀਅ ਕਰ ਉਠਿਆ ਕਿ ਭੱਜ ਜਾਵਾਂ ਉਨ੍ਹਾਂ ਕੋਲ........ ਜਿਨ੍ਹਾਂ ਨਾਲ ਮੈਂ ਧੋਖਾ ਕਰਕੇ ਪਵਿੱਤਰ ਲੋਕ ਲਹਿਰ ਨੂੰ ਤਿਲਾਂਜਲੀ ਦੇ ਆਇਆ ਹਾਂ। ਪਰ ਇਹ ਮੇਰੀ ਸੋਚ ਦੁੱਧ ਦੇ ਉਬਾਲ ਵਾਂਗ ਸੀ। ਕੁਝ ਸਮੇਂ ਬਾਅਦ ਉਬਾਲ ਸ਼ਾਂਤ ਹੋ ਗਿਆ। ਇਸ ਤਰ੍ਹਾਂ ਕਈ ਵਾਰ ਵਾਪਰਿਆ।

ਇੱਕ ਵਾਰੀ ਰਾਤ ਨੂੰ ਕੋਈ ਹੌਲੀ-ਹੌਲੀ ਬੂਹਾ ਖੜਕਾ ਰਿਹਾ ਸੀ। ਸਮਾਂ ਅੰਦਾਜ਼ੇ ਮੁਕਾਬਕ ਅੱਧੀ ਰਾਤ ਹੋਵੇਗੀ। ਮੱਸਿਆ ਦੀ ਕਾਲੀ ਬੋਲੀ ਹਨੇਰੀ ਰਾਤ ਸੀ। ਤਾਰੇ ਆਕਾਸ਼ 'ਚ ਟਿਮ-ਟਿਮਾ ਰਹੇ ਸਨ। ਮੈਂ ਆਪਣੀ ਮਾਂ ਨੂੰ ਉਠਾ ਦਿੱਤਾ ਅਤੇ ਹੌਲੀ ਜਿਹੀ ਆਵਾਜ਼ 'ਚ ਕਿਹਾ—ਮਾਂ ਕੋਈ ਆਪਣਾ ਬੂਹਾ ਖੜਕਾ ਰਿਹਾ—ਕੌਣ ਹੋ ਸਕਦੈ ਏਸ ਵੇਲੇ। ਤੂੰ ਈ ਉੱਠ ਕੇ ਦੇਖ ਜ਼ਰਾ। ਬੂਹਾ ਨਾ ਖੋਲ੍ਹੀਂ। ਬਾਹਰੋ ਈਂ ਮੋੜ ਦੇਈ। ਮੈਨੂੰ ਲੱਗਦੇ ਕੋਈ..........ਸ਼ਾਇਦ ਤਰਲੋਚਨ ਨਾ ਹੋਏ.........ਕਹਿ ਦੇਈਂ ਉਹ ਤਾਂ ਘਰ ਨੀਂ"........ਤੂੰ

ਜਾਹ.........ਮੇਰੀ ਮਾਂ ਕੁਝ ਨਾ ਬੋਲੀ, ਉਹ ਕਾਹਲੀ ਨਾਲ ਗੇਟ 'ਤੇ ਪੁੱਜ ਗਈ। ਉਸਨੇ ਹੌਕਦਿਆਂ ਹੌਕਦਿਆਂ ਜਾਣ ਸਾਰ ਪੁੱਛਿਆ ਕੌਣ ਐ ਭਾਈ ਤੂੰ ? ਕੀ ਚਾਹੀਦੈ ਅੱਧੀ ਰਾਤ ?

"ਤਾਈ ਜੀ। ਮੈਂ ਤਰਲੋਚਨ ਬਾਰ ਖੋਲ੍ਹੋ—ਤਿੰਨ ਚਾਰ ਘੰਟੇ ਆਰਾਮ ਕਰਨੈ.....ਰੋਟੀ ਵੀ ਖਾਣੀ ਐ.....ਮੂੰਹ ਹਨੇਰੇ ਈ ਚਲਾ ਜਾਊਂ"....ਤਰਲੋਚਨ ਨੇ ਬੜੇ ਤਪਾਕ ਅਤੇ ਅਪਣੱਤ ਨਾਲ ਮਾਂ ਨੂੰ ਕਿਹਾ ਸੀ।

ਮੇਰੀ ਮਾਂ ਨੇ ਸਪੱਸ਼ਟ ਜਵਾਬ ਦਿੱਤਾ—'ਨਾ ਭਾਈ ਤੂੰ ਮਰਵਾਉਣੈਂ ਸਾਨੂੰ।ਆਵਦੇ ਘਰ ਜਾਹ......ਅਸੀਂ ਤਾਂ ਅੱਗੇ ਮਸਾਂ ਖਹਿੜਾ ਛੁਡਾਇਐ ਪੁਲਸ ਤੋਂ........ਸਖੀ ਨਾਲੋਂ ਸੂਮ ਭਲੀ ਜੋ ਤੁਰੰਤ ਦੇਵੇ ਜਵਾਬ...।'

ਤਰਲੋਚਨ ਨੇ ਅੱਗੋਂ ਕੁਝ ਹੋਰ ਨਾ ਕਿਹਾ। ਉਹ ਚੁੱਪਚਾਪ ਵਾਪਸ ਚਲਾ ਗਿਆ। ਪਤਾ ਨਹੀਂ ਕੀ ਸੋਚਦਾ ਹੋਵੇਗਾ ? ਸ਼ਾਇਦ ਕਹਿੰਦਾ ਹੋਵੇਗਾ। ਸਾਲਾ ਮਾਰ ਗਿਆ ਮੋਕ। ਤਲੀ 'ਤੇ ਜਾਨ ਟਿਕਾਉਣੀ ਬੜੀ ਮੁਸ਼ਕਲ ਹੁੰਦੀ ਹੈ। ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ-ਇਹ ਗੱਲ ਵੀ ਜ਼ਰੂਰ ਉਸਨੇ ਕਹੀ ਹੋਏਗੀ। ਪ੍ਰਤੀਬਧਤਾ ਬਿਨਾਂ ਕੋਈ ਬੰਦਾ ਲੋਕਾਂ ਲਈ ਲੜ ਈ ਨਹੀਂ ਸਕਦਾ। ਮੱਧ ਵਰਗ ਹੁੰਦੈ ਈ ਖੁੱਸੀ ਵਰਗ ਐ। ਮੈਨੂੰ ਇਹ ਵਿਚਾਰ ਉਹ ਅਕਸਰ ਕਹਿੰਦਾ ਰਹਿੰਦਾ ਸੀ। ਉਸ ਰਾਤ ਪਿੱਛੋਂ ਉਹ ਫਿਰ ਕਦੇ ਸਾਡੇ ਘਰ ਨਾ ਆਇਆ। ਮੈਂ ਕੁਝ ਸਮਾਂ ਨਿਰੰਤਰ ਚੌਕਸੀ ਵਰਤਦਾ ਰਿਹਾ ਕਿ ਕਿਧਰੇ ਤਰਲੋਚਨ ਨਾ ਆ ਜਾਵੇ ਪ੍ਰੰਤੂ ਫਿਰ ਹੌਲੀ-ਹੌਲੀ ਸਮੇਂ ਦੇ ਬੀਤਣ ਨਾਲ ਉਸਦੇ ਨਕਸ਼ ਹੀ ਮੇਰੇ ਜ਼ਿਹਨ 'ਚੋਂ ਮਿਟ ਚੁੱਕੇ ਸਨ।

ਮੇਰੇ ਨਾਲ ਹੀ ਪੜ੍ਹਾਉਂਦੀ ਪੰਜਾਬੀ ਦੀ ਲੈਕਚਰਾਰ ਦਲਜੀਤ ਨਾਲ ਮੇਰਾ ਵਿਆਹ ਹੋ ਗਿਆ ਸੀ। ਥੋੜ੍ਹੇ ਜਿਹੇ ਸਮੇਂ ਵਿੱਚ ਹੀ ਅਸੀਂ ਸ਼ਹਿਰ ਇੱਕ ਬਣੀ-ਬਣਾਈ ਕੋਠੀ ਮੁੱਲ ਲੈ ਲਈ ਸੀ। ਦੋ ਤਿੰਨ ਸਾਲ ਜ਼ਮੀਨ ਦਾ ਠੇਕਾ ਲਿਆ ਕੇ ਕੋਠੀ ਉੱਪਰ ਹੀ ਖਰਚ ਕਰ ਦਿੰਦੇ। ਕੋਠੀ ਆਲੀਸ਼ਾਨ ਬਣ ਗਈ ਸੀ। ਫਿਰ ਅਸੀਂ ਕਾਰ ਵੀ ਖਰੀਦ ਲਈ। ਮੇਰਾ ਤਾਂ ਇਨਕਲਾਬ ਆ ਗਿਆ ਸੀ, ਦੂਜਾ ਕੋਈ ਹੋਰ ਇਨਕਲਾਬ ਮੇਰੀ ਸੋਚ, ਮੇਰੀ ਜ਼ਿੰਦਗੀ ਦਾ ਮਕਸਦ ਨਹੀਂ ਰਿਹਾ ਸੀ। ਮੈਂ ਜਾਂ ਤਾਂ ਸਲੇਬਸ ਦੀਆਂ ਕਿਤਾਬਾਂ ਪੜ੍ਹਦਾ ਬੀ.ਐੱਸ.ਈ. ਦੇ ਵਿਦਿਆਰਥੀਆਂ ਨੂੰ ਦੋ ਸ਼ਿਫ਼ਟਾਂ 'ਚ ਟਿਊਸ਼ਨਾਂ ਪੜ੍ਹਾਉਂਦਾ। ਹੁਣ ਮੈਨੂੰ ਅਖਬਾਰ ਦੀਆਂ ਅਹਿਮ ਸੁਰਖੀਆਂ ਪੜ੍ਹਣ ਦਾ ਹੀ ਸਮਾਂ ਮਿਲਦਾ ਸੀ। ਸੰਪਾਦਕੀ ਪੰਨਾ ਮੈਂ ਕਦੇ ਨਹੀਂ ਪੜ੍ਹਿਆ ਸੀ। ਮੇਰੀ ਪਤਨੀ ਸੁਸ਼ੀਲ ਅਤੇ ਸਾਊ ਸੀ। ਉਹ ਬਹੁਤ ਭਾਵਕ ਅਤੇ ਡਰਪੋਕ ਵੀ ਸੀ। ਉਹ ਅਕਸਰ ਮੈਨੂੰ ਕਹਿੰਦੀ ਕਿ ਜੇ ਕਦੇ ਤੁਸੀਂ ਉਸ 'ਚੋਂ ਮਨਫ਼ੀ ਹੋ ਗਏ ਤਾਂ ਉਹ ਜੀਅ ਨਹੀਂ ਸਕੇਗੀ। ਮੇਰਾ ਬਹੁਤ ਖ਼ਿਆਲ ਰੱਖਦੀ। ਘਰ ਦਾ ਸਾਰਾ ਕੰਮ ਉਹ ਖੁਦ ਕਰਦੀ। ਕਿਸੇ ਨੌਕਰ 'ਤੇ ਉਸਨੂੰ ਵਿਸ਼ਵਾਸ਼ ਨਾ ਹੁੰਦਾ। ਉਹ ਮੇਰੇ ਮਾਂ-ਪਿਉ ਦੀ ਵੀ ਸਾਂਭ-ਸੰਭਾਲ ਕਰਦੀ। ਉਨ੍ਹਾਂ ਨੂੰ ਪੂਰਾ ਖੁਸ਼ ਰੱਖਦੀ। ਹਰ ਚੀਜ਼ ਪਹਿਲਾਂ ਉਨ੍ਹਾਂ ਨੂੰ ਦਿੰਦੀ ਬਾਅਦ ਵਿੱਚ ਮੈਨੂੰ। ਸਾਡੇ ਦੋ ਬੱਚੇ ਸਨ। ਦੋਨੋਂ ਮੁੰਡੇ। ਉਹ ਨਹੀਂ ਚਾਹੁੰਦੀ ਸੀ ਕਿ ਕੁੜੀਆਂ ਨੂੰ ਜਨਮ ਦੇਵੇ। ਮੁੰਡਿਆਂ ਕਾਰਨ ਮੇਰੀ ਪਤਨੀ ਬਹੁਤ ਹੀ ਸ਼ੰਤੁਸ਼ਟ ਸੀ। ਉਹ ਸਵੇਰੇ-ਸ਼ਾਮ ਮੁੰਡਿਆਂ ਲਈ ਪਾਠ ਕਰਦੀ। ਉਹ ਪਰਮਾਤਮਾ ਦੇ ਸ਼ੁਕਰਾਨੇ ਵੱਜੋਂ ਅਜੇ ਵੀ ਪਾਠ ਕਰਦੀ ਹੈ। ਮੇਰੀ ਮਾਂ ਵੀ ਸਵੇਰੇ ਸ਼ਾਮ ਰੱਬ ਦਾ ਲੱਖ-ਲੱਖ ਸ਼ੁਕਰ ਮਨਾਉਂਦੀ ਹੈ।

ਮੈਨੂੰ ਕੁਝ ਵੀ ਯਾਦ ਨਹੀਂ ਰਿਹਾ ਕਿ ਪੰਜਾਬ ਵਿੱਚ ਕਦੇ ਕੋਈ ਨਕਸਲੀ ਲਹਿਰ ਚੱਲਦੀ ਰਹੀ ਸੀ। ਅਸਲ ਵਿੱਚ ਥੋੜ੍ਹੇ ਸਾਲਾਂ ਬਾਅਦ ਹੀ ਨਕਸਲੀ ਲਹਿਰ ਦਾ ਜ਼ੋਰ ਅਤੇ ਉਭਾਰ ਖਤਮ ਹੋ ਗਿਆ ਸੀ ਜਾਂ ਸਰਕਾਰੀ ਜ਼ਬਰ ਕਾਰਨ ਇਹ ਦਬ ਗਈ ਸੀ। ਜਦ ਮੈਂ ਇਸ ਨਾਲੋਂ ਨਾਤਾ ਤੋੜਿਆ ਸੀ ਸ਼ਾਇਦ ਉਦੋਂ ਹੀ ਨਕਸਲੀਆਂ ਵਿੱਚ ਕਈ ਛੋਟੇ-ਛੋਟੇ ਗਰੁੱਪ ਪੈਦਾ ਹੋ ਗਏ ਸਨ। ਇੱਕ ਵਾਰ ਤਾਂ ਮੈਂ ਇਹ ਵੀ ਸੁਣਿਆ ਸੀ ਜਾਂ ਪੜ੍ਹਿਆ ਸੀ ਕਿ ਨਕਸਲੀ ਪਾਰਟੀ ਦੇ ਛੇ ਗਰੁੱਪ ਹੋਂਦ ਵਿੱਚ ਆ ਚੁੱਕੇ ਸਨ। ਉਨ੍ਹਾਂ ਗਰੁੱਪਾਂ ਦੇ ਨਾਮ ਵੀ ਵੱਖਰੇ-ਵੱਖਰੇ ਸਨ। ਸ਼ਾਇਦ ਵਿਅਕਤੀਆਂ ਦੇ ਨਾਮ 'ਤੇ ਹੀ ਗਰੁੱਪਬਾਜ਼ੀ ਹੋ ਗਈ ਸੀ। ਇਸੇ ਕਰਕੇ ਹੁਣ ਮੈਨੂੰ ਉਨ੍ਹਾਂ ਦੇ ਨਾਮ ਵੀ ਯਾਦ ਨਹੀਂ ਰਹੇ, ਸੱਭ ਕੁਝ ਮਨ 'ਚੋਂ ਵਿਸਰ ਚੁੱਕਾ ਸੀ।

'ਮੇਰੇ ਬਹੁਤ ਨਜ਼ਦੀਕੀ ਸਾਥੀ, ਤਰਲੋਚਨ ਤੋਂ ਬਿਨਾਂ, ਮਨਜੀਤ, ਸੁਰਜੀਤ, ਭਜਨ, ਅਮਰ, ਦਰਸ਼ਨ, ਅਮਰਜੀਤ ਅਤੇ ਲਾਲ ਸਿੰਘ..... ਉਨ੍ਹਾਂ ਦੀ ਰਹਾਇਸ਼ ਕਿੱਥੇ ਹੋਵੇਗੀ ? ਇਸ ਜਹਾਨ ਵਿੱਚ ਹਨ ਵੀ ਕਿ ਨਹੀਂ। ਜੇ ਹਨ ਤਾਂ ਕੀ ਕਰਦੇ ਹੋਣਗੇ ? ਰੂਪੋਸ਼ ਹੋਣਗੇ-ਖਬਰੇ ਅਜੇ ਵੀ ਉਸੇ ਰਫ਼ਤਾਰ ਨਾਲ ਇਨਕਲਾਬ



ਲਈ ਕੰਮ ਕਰਦੇ ਹੋਣ ਜਾਂ ਫਿਰ ਪੁਲਸ ਮੁਕਬਾਲਿਆਂ 'ਚ ਮਾਰੇ ਗਏ ਹੋਣ ਜਾਂ ਜੇਲਾਂ ਵਿੱਚ ਸੜ ਰਹੇ ਹੋਣ। ਉਨ੍ਹਾਂ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ ਸੀ। ਨਾਂ ਹੀ ਮੈਂ ਕੁਝ ਦੱਸ ਸਕਦਾ ਸੀ। ਕਦੇ ਕੋਈ ਕਿਸੇ ਮੋੜ 'ਤੇ ਮੈਨੂੰ ਮਿਲਿਆ ਹੀ ਨਹੀਂ ਸੀ।

ਇੱਕ ਜੂਨ ਮਹੀਨੇ ਦੀ ਸ਼ਾਮ ਨੂੰ ਮੈਂ ਥੋੜ੍ਹਾ ਜਿਹਾ ਰੁਮਾਂਟਿਕ ਹੋਣ ਲਈ ਇੱਕ ਪੈੱਗ ਸ਼ਰਾਬ ਦਾ ਪਾ ਕੇ ਟੀ. ਵੀ. ਲਾ ਕੇ ਬਹਿ ਗਿਆ। ਟੀ. ਵੀ. 'ਤੇ ਪੰਜਾਬੀ ਦੀਆਂ ਖ਼ਬਰਾਂ ਆ ਰਹੀਆਂ ਸਨ। ਦੂਜਾ ਪੈੱਗ ਪਾਇਆ ਹੀ ਸੀ ਕਿ ਕੋਠੀ ਅੱਗੇ ਖੜ੍ਹਾ ਕੋਈ ਬੈੱਲ ਵਜਾਉਣ ਲੱਗ ਪਿਆ। ਮੇਰੀ ਪਤਨੀ ਨੇ ਜਦ ਦਰਵਾਜ਼ਾ ਖੋਲ੍ਹਿਆ ਤਾਂ ਇੱਕ ਵਿਅਕਤੀ ਨੇ ਉਸਨੂੰ ਹੌਲੀ ਜੇਹੇ ਕਿਹਾ— 'ਪ੍ਰੋਫੈਸਰ ਸਾਹਿਬ ਹੈਗੇ-ਪਲੀਜ਼ ਭੇਜਿਉ ਜ਼ਰਾ..... ਏਨਾ ਉਹ ਬੜੀ ਮੁਸ਼ਕਲ ਨਾਲ ਬੋਲ ਸਕਿਆ ਸੀ। ਮੇਰੀ ਪਤਨੀ ਨੇ ਜਦ ਮੈਨੂੰ ਉਸ ਅਜੀਬ ਜੇਹੀ ਸ਼ਕਲ ਵਾਲੇ ਬੰਦੇ ਬਾਰੇ ਦੱਸਿਆ ਤਾਂ ਮੈਂ ਦੂਜਾ ਪੈੱਗ ਇਕੋ ਸਾਹ ਅੰਦਰ ਲੰਘਾਉਂਦਿਆਂ ਬੂਹੇ ਵੱਲ ਆ ਗਿਆ। ਏਨੇ ਨੂੰ ਉਹ ਆਦਮੀ ਬੂਹੇ ਦੇ ਅੰਦਰ ਵਾਰ ਹੋ ਕੇ ਜ਼ਮੀਨ 'ਤੇ ਥੱਲੇ ਬੈਠਾ ਹੋਇਆ ਸੀ। ਉਸਦੀ ਹਾਲਤ ਏਨੀ ਮਾੜੀ ਸੀ ਕਿ ਉਸਨੂੰ ਖੜਣਾ ਵੀ ਮੁਸ਼ਕਲ ਸੀ। ਸ਼ਾਇਦ ਏਸੇ ਕਰਕੇ ਕੋਠੀ ਦੇ ਗੇਟ ਕੋਲ ਬਹਿ ਗਿਆ ਸੀ।

ਮੈਂ ਉਸ ਵੱਲ ਗਹੁ ਨਾਲ ਤੱਕਿਆ। ਕੁਝ ਸਮਝ ਨਹੀਂ ਆ ਰਹੀ ਸੀ ਉਹ ਕੌਣ ਹੈ। ਉਸਦੇ ਸਿਰ ਦੇ ਵਾਲ ਵਧੇ ਹੋਏ ਸਨ। ਦਾੜ੍ਹੀ ਵੀ ਵਧੀ ਹੋਈ ਸੀ। ਕੱਪੜੇ ਮੈਲ ਨਾਲ ਭਰੇ ਤੇ ਪਾਟੇ ਪੁਰਾਣੇ। ਪੈਰਾਂ 'ਚ ਟੁੱਟੀਆਂ ਤੇ ਗੰਢੀਆਂ ਹੋਈਆਂ ਵੀ-ਸ਼ੇਪ ਦੀਆਂ ਚੱਪਲਾਂ। ਹੱਥਾਂ ਪੈਰਾਂ 'ਤੇ ਮੋਟੀ ਅਤੇ ਕਾਲੀ ਜੇਹੀ ਮਿੱਟੀ ਦੀ ਤਹਿ ਜੰਮੀ ਹੋਈ ਸੀ। ਬੁੱਲ੍ਹਾਂ 'ਤੇ ਸਿਕਰੀ ਆਈ ਹੋਈ ਸੀ। ਉਸ ਦੀਆਂ ਅੱਖਾਂ ਅੰਦਰ ਨੂੰ ਧੱਸੀਆਂ ਹੋਈਆਂ ਸਨ। ਜੋ ਬੇਹੱਦ ਡਰਾਉਣੀਆਂ ਲੱਗਦੀਆਂ ਸਨ। ਉਹ ਖਿੱਚਵੇਂ ਸਾਹ ਲੈ ਰਿਹਾ ਸੀ। ਮੈਂ ਕੁੱਝ ਸਮਾਂ ਉਸ ਤੀਲੇ ਵਰਗੇ ਸੁੱਕੇ ਬੰਦੇ ਵੱਲ ਦੇਖਦਾ ਰਿਹਾ ਅਤੇ ਉਹ ਮੇਰੇ ਵੱਲ।

ਮੇਰੀ ਭਾਵੇਂ ਕੁਝ ਦਾਰੂ ਪੀਤੀ ਹੋਈ ਸੀ ਪਰ ਸੈਨਸਲੈੱਸ ਨਹੀਂ ਸੀ।

ਮੈਂ ਕੋਈ ਮੰਗਤਾ ਸਮਝ ਕੇ ਆਪਣੀ ਚੁੱਪ ਤੋੜਦਿਆਂ ਉਸਨੂੰ ਪੁੱਛਿਆ— 'ਕੀ ਗੱਲ ਐ-ਕੀ ਚਾਹੀਦੈ-ਬਾਹਰ ਹੋ-ਏਥੇ ਕਿਉਂ ਬਹਿ ਗਿਐਂ ਬੂਹਾ ਮੱਲਕੇ .................'

ਅਜੇ ਮੈਂ ਉਸਨੂੰ ਬਾਹੋਂ ਫੜ ਕੇ ਬਾਹਰ ਵੱਲ ਘੜੀਸ ਕੇ ਕੱਢਣ ਬਾਰੇ ਸੋਚ ਹੀ ਰਿਹਾ ਸੀ ਕਿ ਉਸਨੇ ਬੜੀ ਹੀ ਕਰੁਣਾਮਈ ਤੇ ਦੱਬੀ ਜੇਹੀ ਆਵਾਜ਼ 'ਚ ਕਿਹਾ.....'ਮੈਂ ..........ਮੈਂ ਤਰਲੋਚਨ ਆਂ .........।' ਏਨਾ ਕਹਿੰਦੇ ਉਹ ਬੇਹੋਸ਼ ਹੋ ਗਿਆ। ਮੇਰੀ ਪੀਤੀ ਦਾਰੂ ਇਕਦਮ ਲਹਿ ਗਈ। ਮੈਂ ਸੁੰਨ ਖੜ੍ਹਾ ਉਸ ਵੱਲ ਦੇਖ ਰਿਹਾ ਸੀ। ਮੈਥੋਂ ਉਸ ਸਮੇਂ ਕੁੱਝ ਨਾ ਬੋਲਿਆ ਗਿਆ।

ਏਨੇ ਨੂੰ ਮੇਰੀ ਪਤਨੀ ਅਤੇ ਬੱਚੇ ਵੀ ਬੂਹੇ ਕੋਲ ਆ ਗਏ। ਮੇਰੀ ਪਤਨੀ ਨੇ ਆਉਂਦਿਆਂ ਹੀ ਕਿਹਾ, 'ਕੌਣ ਐ ਏਹ.....?' ਪਤਨੀ ਦੇ ਕਹੇ ਇਸ ਵਾਕ ਨੇ ਮੇਰੀ ਸੋਚ ਤੋੜ ਦਿੱਤੀ ਅਤੇ ਮੈਂ ਅਬੜਵਾਹਿਆਂ ਆਪਣੀ ਪਤਨੀ ਨੂੰ ਕਿਹਾ—'ਭੱਜ ਕੇ ਪਾਣੀ ਲਿਆ— ਠੰਢਾ।' ਦਲਜੀਤ ਦੌੜ ਕੇ ਫ਼ਰਿੱਜ 'ਚੋਂ ਠੰਢਾ ਪਾਣੀ ਲੈ ਆਈ। ਮੈਂ ਉਸਦੇ ਮੂੰਹ ਨੂੰ ਪਾਣੀ ਦਾ ਗਲਾਸ ਲਾ ਦਿੱਤਾ। ਮੂੰਹ 'ਤੇ ਠੰਢੇ ਪਾਣੀ ਦੇ ਛਿੱਟੇ ਮਾਰੇ। ਥੋੜ੍ਹੇ ਸਮੇਂ ਬਾਅਦ ਉਸਨੂੰ ਸੁਰਤ ਆ ਗਈ। ਮੈਂ ਉਸਨੂੰ ਚੁੱਕ ਕੇ ਕਮਰੇ 'ਚ ਲੈ ਗਿਆ। ਉਸਦਾ ਪਿੰਡਾ ਬੁਖ਼ਾਰ ਨਾਲ ਭਖ ਰਿਹਾ ਸੀ। ਮੇਰੀ ਪਤਨੀ ਫ਼ਟਾਫ਼ਟ ਚਾਹ ਬਣਾ ਕੇ ਲੈ ਆਈ। ਮੈਂ ਉਸਨੂੰ ਇੱਕ ਬੁਖ਼ਾਰ ਦੀ ਗੋਲੀ ਚਾਹ ਨਾਲ ਦੇ ਦਿੱਤੀ। ਉਸਦਾ ਬੁਖ਼ਾਰ ਥੋੜ੍ਹੇ ਸਮੇਂ ਬਾਅਦ ਉੱਤਰ ਗਿਆ ਸੀ।

ਮੈਂ ਆਪਣੀ ਪਤਨੀ ਨੂੰ ਉਸ ਬਾਰੇ ਅਤੇ ਉਸਦੀ ਜ਼ਿੰਦਗੀ ਬਾਰੇ ਸੰਖੇਪ 'ਚ ਦੱਸ ਦਿੱਤਾ। ਇਹ ਸੁਣ ਕੇ ਮੇਰੀ ਪਤਨੀ ਠਠੰਬਰ ਗਈ। ਉਹ ਡਰੀ ਹੋਈ ਮੈਨੂੰ ਕਹਿਣ ਲੱਗੀ— 'ਦੇਖੋ ਜੀ, ਜੇ ਇਹ ਅਜੇ ਵੀ ਅੰਡਰਗਰਾਊਂਡ ਐ-ਸਿਰ ਦਾ ਨਾਮ ਰੱਖਿਆ ਵਾ ਤਾਂ ਘਰੋਂ ਕੱਢੋ ਏਹਨੂੰ-ਜੀਉ ਜੀਅ ਨੂੰ ਫਸਾਦੂ.....' ਮੇਰੀ ਪਤਨੀ ਲਗਾਤਾਰ ਉਸਨੂੰ ਘਰੋਂ ਕੱਢਣ ਬਾਰੇ ਪਰੈਸ ਕਰ ਰਹੀ ਸੀ। ਮੈਂ ਵੀ ਸੋਚਦਾ ਸੀ .. ਇਹ ਆਪ ਤਾਂ ਮਰਿਆ ਵਾ ਐ ਨਾਲ ਸਾਨੂੰ ਵੀ ਸਾਰਿਆਂ ਨੂੰ ਮਰਾਊ........... ਕੁਝ ਸਮਾਂ ਸੋਚ ਵਿਚਾਰ ਕੇ ਮੈਂ ਇੱਕ

ਤਰਕੀਬ ਕੱਢੀ। ਉਹ ਤਰਕੀਬ ਮੇਰੀ ਪਤਨੀ ਨੂੰ ਵੀ ਜਚ ਗਈ। ਮੈਂ ਤਰਲੋਚਨ ਨਾਲ ਗੱਲ ਕਰੀ--'ਚੱਲ ਯਾਰ ਤੇਰਾ ਇਲਾਜ ਕਰਵਾਵਾਂ .... ਤੂੰ ਤਾਂ ਜਵਾਂ ਮਰਿਆ ਪਿਐ— ਬਹਿ ਗੱਡੀ 'ਚ ਸਿਵਲ ਹਸਪਤਾਲ ਚੱਲੀਐ।'

ਤਰਲੋਚਨ ਨੇ ਨਾ ਹੂੰ ਕੀਤੀ ਨਾ ਹਾਂ। ਉਹ ਚੁੱਪ ਕਰਕੇ ਗੱਡੀ ਵਿੱਚ ਬਹਿ ਗਿਆ ਅਤੇ ਅਸੀਂ ਕੁਝ ਮਿੰਟਾਂ ਵਿੱਚ ਹੀ ਹਸਪਤਾਲ ਪੁੱਜ ਗਏ।

ਮੈਂ ਸਰਕਾਰੀ ਹਸਪਤਾਲ ਵਿੱਚ ਉਸਨੂੰ ਐਮਰਜੈਂਸੀ ਕਮਰੇ 'ਚ ਲਿਜਾ ਕੇ ਡਾ. ਸੁਰਜੀਤ ਪਾਲ ਨੂੰ ਫ਼ੋਨ ਕਰ ਦਿੱਤਾ। ਉਹ ਸਰਕਾਰੀ ਹਸਪਤਾਲ ਵਿੱਚ ਚੀਫ਼ ਮੈਡੀਕਲ ਅਫ਼ਸਰ ਸੀ। ਪਿਛਲੇ ਕੁਝ ਸਾਲਾਂ ਤੋਂ ਉਹ ਮੇਰੇ ਨਾਲ ਇੱਕ ਦੋਸਤ ਵਾਂਗ ਵਿਵਹਾਰ ਕਰਦਾ ਆ ਰਿਹਾ ਸੀ। ਡਾਕਟਰ ਮੇਰੀ ਬੇਨਤੀ ਸੁਣਨ ਸਾਰ ਆ ਗਿਆ। ਉਸ ਨੇ ਤਰਲੋਚਨ ਨੂੰ ਚੈਕਅਪ ਕੀਤਾ। ਉਸਦੀ ਹਾਲਤ ਕਾਫ਼ੀ ਨਾਜ਼ੁਕ ਬਣੀ ਹੋਈ ਸੀ। ਮੁੱਢਲੀ ਸਹਾਇਤਾ ਵੱਜੋਂ ਉਸਨੇ ਤਰਲੋਚਨ ਨੂੰ ਦਵਾਈ ਦੇ ਦਿੱਤੀ ਸੀ। ਥੋੜ੍ਹੀ ਬਹੁਤੀ ਦਵਾਈ ਦੇ ਕੇ ਰਾਤ ਦੀ ਡਿਊਟੀ 'ਤੇ ਤਾਇਨਾਤ ਇੱਕ ਕੰਪਾਊਡਰ ਨੂੰ ਉਸਦਾ ਖਿਆਲ ਰੱਖਣ ਲਈ ਕਹਿ ਕੇ ਡਾਕਟਰ ਆਪਣੇ ਘਰ ਚਲਾ ਗਿਆ। ਮੈਂ ਵੀ ਘਰ ਆ ਗਿਆ ਪਰ ਸਾਰੀ ਰਾਤ ਮੈਂ ਸੌਂ ਨਾ ਸਕਿਆ। ਰੋਟੀ ਵੀ ਮੈਨੂੰ ਸੁਆਦ ਨਾ ਲੱਗੀ। ਇੱਕ ਤਰ੍ਹਾਂ ਨਾਲ ਮੇਰੀ ਭੁੱਖ ਹੀ ਮਰ ਗਈ ਸੀ।

ਅਗਲੇ ਦਿਨ ਸਾਡਾ ਪਹਿਲਾਂ ਹੀ ਡਲਹੌਜ਼ੀ ਜਾਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਬੱਚੇ ਅਤੇ ਮੇਰੀ ਪਤਨੀ ਹਿਲ ਸਟੇਸ਼ਨ 'ਤੇ ਦਸ ਪੰਦਰਾਂ ਦਿਨ ਬਿਤਾਉਣਾ ਚਾਹੁੰਦੇ ਸਨ। ਤਿੰਨ ਕੁ ਸਾਲਾਂ ਤੋਂ ਅਸੀਂ ਗਰਮੀ ਦੀਆਂ ਛੁੱਟੀਆਂ 'ਚ ਕੁਝ ਦਿਨ ਕਿਸੇ ਪਹਾੜ 'ਤੇ ਹੀ ਗੁਜ਼ਾਰਦੇ ਆ ਰਹੇ ਸਾਂ। ਪਤਨੀ ਅਤੇ ਬੱਚੇ ਕਿਸੇ ਵੀ ਕੀਮਤ 'ਤੇ ਪ੍ਰੋਗਰਾਮ ਰੱਦ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਮੈਨੂੰ ਦੋ ਟੁੱਕ ਫ਼ੈਸਲਾ ਸੁਣਾ ਦਿੱਤਾ ਸੀ। ਮੈਂ ਵੀ ਵੈਸੇ ਆਪਣੇ ਉਲੀਕੇ ਹੋਏ ਪ੍ਰੋਗਰਾਮ ਨੂੰ ਬਦਲਣਾ ਨਹੀਂ ਚਾਹੁੰਦਾ ਸਾਂ ਪਰ ........... ਤਰਲੋਚਨ। ਇਹ ਮੇਰੇ ਲਈ ਇੱਕ ਅਜੀਬ ਸਮੱਸਿਆ ਗੱਲ ਆ ਪਈ ਸੀ। ਘਰ ਤਾਂ ਉਸਨੂੰ ਮੈਂ ਕਿਸੇ ਵੀ ਕੀਮਤ 'ਤੇ ਲਿਆਉਣਾ ਨਹੀਂ ਚਾਹੁੰਦਾ ਸਾਂ। ਉਸਦਾ ਮਾੜਾ ਮੋਟਾ ਇਲਾਜ ਕਰਵਾ ਕੇ ਬਾਹਰੋਂ-ਬਾਹਰ ਤੋਰਨਾ ਚਾਹੁੰਦਾ ਸਾਂ। ਅਗਲੇ ਦਿਨ ਸਵੇਰੇ ਤੁਰਨਾ ਸੀ ਪਰ ਮੈਂ ਆਪਣੀ ਪਤਨੀ ਅਤੇ ਬੱਚਿਆਂ ਨੂੰ ਤਰਲੋਚਨ ਖਾਤਰ ਇੱਕ ਦਿਨ ਲਈ ਹੋਰ ਲੇਟ ਕਰਨਾ ਚਾਹੁੰਦਾ ਸਾਂ ਪ੍ਰੰਤੂ ਉਹ ਮੰਨਦੇ ਨਹੀਂ ਸਨ। ਬੜੀ ਮੁਸ਼ਕਲ ਨਾਲ ਉਨ੍ਹਾਂ ਨੂੰ ਮਨਾ ਸਕਿਆ। ਉਹ ਮੰਨ ਤਾਂ ਗਏ ਪਰ ਮੇਰੇ ਨਾਲ ਕਾਫ਼ੀ ਨਰਾਜ਼ ਰਹੇ।

ਅਗਲੇ ਦਿਨ ਮੈਂ ਉਸਦੇ ਸਾਰੇ ਸਰੀਰਕ ਟੈਸਟ ਕਰਵਾ ਲਏ। ਉਸਨੂੰ ਤਪਦਿਕ ਰੋਗ ਸੀ. ਟੀ.ਬੀ.— ਨਾ ਮੁਰਾਦ ਬੀਮਾਰੀ। ਡਾਕਟਰ ਉਸਦਾ ਮੁਫ਼ਤ ਇਲਾਜ ਕਰਨਾ ਚਾਹੁੰਦਾ ਸੀ, ਮੈਂ ਟੈਸਟਾਂ ਦਾ ਸਾਰਾ ਖਰਚਾ ਦੇ ਦਿੱਤਾ ਸੀ। ਕੁੱਝ ਬਾਹਰੋਂ ਮੰਗਵਾਈ ਗਈ ਦਵਾਈ ਦੇ ਪੈਸੇ ਵੀ ਤਾਰ ਦਿੱਤੇ ਸਨ।

ਅਗਲੇ ਦਿਨ ਅਸੀਂ ਡਲਹੌਜ਼ੀ ਚਲੇ ਗਏ। ਪਰ ਮੇਰਾ ਜੀਅ ਨਹੀਂ ਲੱਗਦਾ ਸੀ। ਅੰਦਰੋਂ ਕੁਝ ਟੁੱਟ-ਭੱਜ ਰਿਹਾ ਸੀ। ਮੈਂ ਬੱਚਿਆਂ ਨਾਲ ਜਾਂ ਪਤਨੀ ਨਾਲ ਗੱਲਾਂ ਕਰਦਾ-ਕਰਦਾ ਅਤੀਤ ਵਿੱਚ ਡੁੱਬ ਜਾਂਦਾ ਸਾਂ। ਤਰਲੋਚਨ ਦੀ ਮਰੀਅਲ ਤਸਵੀਰ ਮੇਰੀਆਂ ਅੱਖਾਂ ਸਾਹਮਣੇ ਆ ਖੜ੍ਹੀ ਹੁੰਦੀ ਸੀ। ਸ਼ਾਮ ਤੱਕ ਅਸੀਂ ਡਲਹੌਜ਼ੀ ਪੁੱਜ ਗਏ ਸਾਂ। ਇੱਕ ਮਹਿੰਗੇ ਹੋਟਲ ਵਿੱਚ ਦੋ ਬਿਸਤਰਿਆਂ ਵਾਲਾ ਕਮਰਾ ਬੁੱਕ ਕਰਵਾ ਲਿਆ। ਇੱਕ ਤਾਂ ਮੈਂ ਸਫ਼ਰ ਨਾਲ ਥੱਕ ਕੇ ਚੂਰ ਹੋਇਆ ਪਿਆ ਸਾਂ। ਦੂਜਾ ਤਰਲੋਚਨ ਕਾਰਨ ਮਨ ਅਤੀ-ਉਦਾਸ ਤੇ ਪਰੇਸ਼ਾਨ ਸੀ। ਉਦਾਸੀ, ਪਰੇਸ਼ਾਨੀ ਅਤੇ ਥਕਾਵਟ ਦੂਰ ਕਰਨ ਲਈ ਮੈਂ ਇੱਕ ਬਹਿਰੇ ਤੋਂ ਵਿਸਕੀ ਦੀ ਬੋਤਲ ਮੰਗਵਾ ਲਈ। ਪਹਿਲਾ ਪੈੱਗ ਮੈਂ ਇੱਕੋ ਸਾਹ ਪੀ ਲਿਆ ਹਾਲਾਂਕਿ ਮੈਂ ਹਮੇਸ਼ਾ ਹੌਲੀ-ਹੌਲੀ ਸ਼ਰਾਬ ਸਿਪ ਕਰਕੇ ਪੀਂਦਾ ਸਾਂ। ਫ਼ਿਰ ਦੂਜਾ ਪੈੱਗ ਵੀ ਪੀ ਲਿਆ। ਮਨ ਜਦ ਥੋੜ੍ਹਾ ਜਿਹਾ ਤਰਾਰੇ ਵਿੱਚ ਆ ਗਿਆ ਤਾਂ ਆਪਣੀ ਪਤਨੀ ਨੂੰ ਸੰਬੋਧਿਤ ਹੁੰਦਿਆਂ ਕਿਹਾ-"ਉਏ ਦਲਜੀਤ-ਸਾਲਾ ਕਿੱਥੋਂ ਆ ਗਿਆ ਇਹ-ਦੱਦ ਨਾਂ ਲੱਗ ਜੇ ਕਿਤੇ-ਪਰ ਪਰ ਮੈਂ ਤਾਂ ਸਾਫ਼ ਕਹਿਦੂੰ-ਬਈ ਹੁਣ ਕਿਨਾਰਾ ਕਰ। ਐਵੇਂ ਭੰਗ ਦੇ ਭਾੜੇ ਸਾਨੂੰ ਮਰਵਾਏਂਗਾ-ਜਾਹ-ਤੇਰੇ ਮੂਹਰੇ ਹੱਥ ਬੰਨ੍ਹੇ ....।" ਮੈਂ ਦੋ ਤਿੰਨ ਪੈੱਗ ਹੋਰ ਪੀ ਗਿਆ ਸਾਂ ਅਤੇ ਤਰਲੋਚਨ ਨੂੰ



ਗਾਲ੍ਹਾਂ ਕੱਢ ਰਿਹਾ ਸਾਂ। ਅਸਲ ਵਿੱਚ ਮੈਂ ਦਾਰੂ ਪੀ ਕੇ ਥੋੜ੍ਹਾ ਜਿਹਾ ਬਹਿਕ ਗਿਆ ਸਾਂ। ਬੜੀ ਮੁਸ਼ਕਲ ਨਾਲ ਮੇਰੀ ਪਤਨੀ ਨੇ ਮੈਨੂੰ ਸੰਭਾਲਿਆ। ਨੀਂਦ ਆ ਜਾਵੇਂ ਪਰ ਫ਼ਿਰ ਖੁੱਲ੍ਹ ਜਾਵੇ, ਸਾਰੀ ਰਾਤ ਇਵੇਂ ਹੀ ਚਲਦਾ ਰਿਹਾ।

ਅਗਲੇ ਚਾਰ-ਪੰਜ ਦਿਨ ਅਸੀਂ ਚੰਬੇ, ਖਜਿਆਰ ਭਰਮੌਰ ਆਦਿ ਸੁੰਦਰ ਥਾਵਾਂ 'ਤੇ ਘੁੰਮਦੇ ਰਹੇ। ਪਹਾੜਾਂ ਦੀ ਖ਼ੂਬਸੂਰਤੀ ਨੂੰ ਨਿਹਾਰਦੇ ਰਹੇ। ਅਜੀਬ ਜੇਹੀ ਸੁਆਦ ਦਿੰਦੀ ਸੀ ਮਿੰਨੀ-ਮਿਨੀ ਠੰਢ। ਬੱਦਲ ਸਾਡੇ ਨਾਲ ਖਹਿ-ਖਹਿ ਤੁਰਦੇ ਸਨ। ਸਵੇਰ ਦਾ ਮੌਸਮ ਬੜਾ ਹੀ ਸ਼ਾਂਤਮਈ ਤੇ ਰਮਣੀਕ ਹੁੰਦਾ ਹੈ। ਫ਼ਿਰ ਵੀ ਮੇਰੇ ਦਿਲ 'ਚੋਂ ਇੱਕ ਹੂਕ ਉੱਠੇ-ਇੱਕ ਚੀਸ ਨਿਕਲੇ। ਤਰਲੋਚਨ ਦਾ ਚਿਹਰਾ ਸਾਹਮਣੇ ਆਉਂਦਿਆ ਹੀ ਅੰਦਰੋਂ ਠੰਢੀ ਆਹ ਨਿਕਲਦੀ। ਛੇਵੇਂ ਦਿਨ ਵੀ ਮੈਂ ਭਾਵੇਂ ਦਾਰੂ ਪੀਤੀ ਸੀ ਪਰ ਮੈਨੂੰ ਨੀਂਦ ਨਹੀਂ ਆ ਰਹੀ ਸੀ। ਕਦੇ ਬਹਿ ਜਾਂਦਾ ਸਾਂ, ਕਦੇ ਲੇਟ ਜਾਂਦਾ ਸਾਂ। ਬਹਿ ਜਾਂਦਾ ਤਾਂ ਉਬਾਸੀਆਂ ਆਉਂਦੀਆਂ, ਲੇਟ ਜਾਂਦਾ ਤਾਂ ਸੂਲਾਂ ਚੁੱਭਦੀਆਂ। ਮੈਨੂੰ ਬੁਖਾਰ ਚੜੇ ਵਾਂਗ ਭਖ ਜਿਹੀ ਹੋਈ ਪਈ ਸੀ। ਤੋੜ ਲੱਗੀ ਹੋਈ ਸੀ। ਪਤਨੀ ਅਤੇ ਬੱਚੇ ਸੁੱਤੇ ਘੂਕ ਪਏ ਸਨ। ਮੈਨੂੰ ਪਿਸ਼ਾਬ ਵੀ ਬਾਰ-ਬਾਰ ਆ ਰਿਹਾ ਸੀ। ਕਮਰੇ 'ਚੋਂ ਬਾਹਰ ਵੱਲ ਤੱਕਿਆ ਤਾਂ ਗੂੜ੍ਹਾ ਹਨੇਰਾ ਪਸਰਿਆ ਹੋਇਆ ਸੀ। ਕਿਧਰੇ-ਕਿਧਰੇ ਅਜੀਬ ਜੇਹੀ ਜੀਵ-ਜੰਤੂਆਂ ਦੀ ਆਵਾਜ਼ ਆ ਰਹੀ ਸੀ ਜੋ ਰਾਤ ਦੀ ਸ਼ਾਂਤੀ ਨੂੰ ਭੰਗ ਕਰਦੀ ਸੀ। ਪਹਾੜ ਅਤੇ ਦਰਖੱਤ ਡਰਾਉਣੇ ਲੱਗ ਰਹੇ ਸਨ। ਮੈਂ ਸਾਰੀ ਰਾਤ ਸੌਂ ਨਾ ਸਕਿਆ। ਅਜੇ ਦਿਨ ਚੜ੍ਹਣ ਵਿੱਚ ਕੁਝ ਸਮਾਂ ਰਹਿੰਦਾ ਹੋਵੇਗਾ। ਮੈਂ ਉੱਠਕੇ ਆਪਣੀ ਪਤਨੀ ਅਤੇ ਬੱਚਿਆਂ ਦਾ ਸਾਮਾਨ ਅਟੈਚੀਕੇਸਾਂ 'ਚ ਬੰਦ ਕਰ ਦਿੱਤਾ। ਉਨ੍ਹਾਂ ਨੂੰ ਉਠਾ ਕੇ ਤੁਰੰਤ ਤਿਆਰ ਹੋਣ ਲਈ ਕਹਿ ਦਿੱਤਾ। ਉਹ ਪ੍ਰੋਗਰਾਮ ਅਨੁਸਾਰ ਅਜੇ ਨੌਂ ਦਿਨ ਹੋਰ ਉੱਥੇ ਹੀ ਰਹਿਣਾ ਚਾਹੁੰਦੇ ਸਨ ਪਰ ਮੈਂ ਉਨ੍ਹਾਂ ਨੂੰ ਆਪਣਾ ਸਖ਼ਤ ਫ਼ੈਸਲਾ ਸੁਣਾ ਦਿੱਤਾ— 'ਚੱਲਣੈ-ਹੁਣੇ ਚੱਲਣੈ-ਕੋਈ ਦਲੀਲ ਨਹੀਂ-ਫ਼ਟਾਫ਼ਟ ਤਿਆਰ ਹੋਵੋ। ਛੇ ਵਾਲੀ ਬੱਸ ਫ਼ੜਣੀ ਐ।'

ਅਸੀਂ ਸ਼ਾਮ ਤੱਕ ਘਰ ਆ ਗਏ। ਮੈਂ ਸਮਾਨ ਅੰਦਰ ਰਖਵਾ ਕੇ ਗੱਡੀ ਕੱਢੀ ਅਤੇ ਹਸਪਤਾਲ ਵੱਲ ਚਲ ਪਿਆ। ਕੁਝ ਮਿੰਟਾਂ ਵਿੱਚ ਹੀ ਹਸਪਤਾਲ ਪੁੱਜ ਗਿਆ। ਦੌੜ ਕੇ ਉਸਦੇ ਵਾਰਡ ਵੱਲ ਗਿਆ। ਵਾਰਡ ਦੇ ਦਰਵਾਜੇ ਥਾਣੀਂ ਇੱਕ ਸਟਰੈਚਰ ਤੇ ਤਰਲੋਚਨ ਨੂੰ ਪਾ ਕੇ ਦੋ ਦਰਜ਼ਾ ਚਾਰ ਮੁਲਾਜ਼ਮ ਬਾਹਰ ਵੱਲ ਆ ਰਹੇ ਸਨ। ਉਸ ਉੱਪਰ ਸਫ਼ੈਦ ਚਿੱਟੀ ਚਾਦਰ ਪਾਈ ਹੋਈ ਸੀ। ਸਟਰੈਚਰ ਦੇ ਪਿੱਛੇ ਡਾਕਟਰ ਵੀ ਆ ਰਿਹਾ ਸੀ। ਉਸਨੇ ਮੈਨੂੰ ਉਸ ਵੱਲ ਇਸ਼ਾਰਾ ਕਰਦਿਆਂ ਕਿਹਾ, 'ਪ੍ਰੋਫੈਸਰ! ਤਰਲੋਚਨ ਨਹੀਂ ਰਿਹਾ..... ਬੱਸ ਦਸ ਮਿੰਟ ਹੋਏ ਆ ਪੂਰਾ ਹੋਏ ਨੂੰ... ਤੈਨੂੰ ਨਿੱਤ ਯਾਦ ਕਰਦਾ ਸੀ— ਅੱਜ ਘੰਟਾ ਕੁ ਪਹਿਲਾਂ ਕਹਿੰਦਾ ਸੀ— ਡਾਕਟਰ ਸਾਹਿਬ ਮੈਂ ਉਸ 'ਤੇ ਬੋਝ ਨਹੀਂ ਬਣਨਾ ਚਾਹੁੰਦਾ ਸਾਂ ... ਪਰ ਬਣ ਗਿਆ .... ਮੈਨੂੰ ਮੁਆਫ਼ ਕਰ ਦੇਵੇ..।"

ਮੈਂ ਉਸਦੇ ਮੂੰਹ ਤੋਂ ਚਾਦਰ ਚੁੱਕ ਕੇ ਉਸਦੀ ਧੌਣ ਨਾਲ ਲਿਪਟ ਕੇ ਉੱਚੀ-ਉੱਚੀ ਬੱਚਿਆਂ ਵਾਂਗ ਧਾਹਾਂ ਮਾਰਨ ਲੱਗ ਪਿਆ— 'ਉਏ ਤਰਲੋਚਨਾ—ਯਾਰਾ, ਤੂੰ ਮੈਥੋਂ ਮਾਫ਼ੀ ਮੰਗਦੈਂ—ਕਿਉਂ ਸ਼ਰਮਿੰਦਾ ਕਰਦੈ ਯਾਰਾ—ਮਾਫ਼ੀ ਤਾਂ ਮੈਨੂੰ ਮੰਗਣੀ ਚਾਹੀਦੀ ਸੀ— ਮੈਂ ਗੱਦਾਰ ਆਂ ਤਰਲੋਚਨ, ਮੈਂ ਗੱਦਾਰ ਆਂ ਮੈਨੂੰ ਕਦੇ ਮਾਫ਼ ਨਾ ਕਰੀਂ ......... ਮੈਨੂੰ ਕਦੇ ਮਾਫ਼ ਨਾ ਕਰੀਂ....।"

ਪੋਸਟਮਾਰਟਮ ਕਰਨ ਤੋਂ ਬਾਅਦ ਮੈਂ ਇੱਕਲਾ ਹੀ ਉਸਦੀ ਲਾਸ਼ ਸ਼ਹਿਰ ਦੇ ਸ਼ਮਸ਼ਾਨ ਘਾਟ ਲੈ ਗਿਆ। ਬਾਲਣ ਮੁੱਲ ਲਿਆ। ਆਪਣੇ ਹੱਥੀਂ ਚਿਖ਼ਾ ਚਿਣੀ— ਆਪਣੇ ਹੱਥੀ ਉਸਨੂੰ ਅਗਨ ਭੇਂਟ ਕੀਤਾ। ਉਸਦੇ ਬਲ ਰਹੇ ਸਿਵੇ 'ਚੋਂ ਉਠ ਰਹੀਆਂ ਉੱਚੀਆਂ ਲਾਟਾਂ ਜਿਵੇਂ ਨਾਅਰੇ ਮਾਰ ਰਹੀਆਂ ਹੋਣ। ਵਾਪਸ ਮੁੜਨ ਲੱਗਿਆਂ ਮੈਂ ਉਸਦੇ ਜਲ ਰਹੇ ਸ਼ਰੀਰ ਨੂੰ ਸਲੂਟ ਮਾਰਿਆ ਅਤੇ ਰੋਣਮਈ ਆਵਾਜ਼ 'ਚ ਕਿਹਾ-ਪਿਆਰੇ ਕਾਮਰੇਡ-ਲਾਲ ਸਲਾਮ ਤੈਨੂੰ। ਵਾਪਸ ਮੁੜਦਿਆਂ ਮੇਰਾ ਮਨ ਆਤਮ ਗਿਲਾਨੀ ਨਾਲ ਭਰ ਗਿਆ ਸੀ ਅਤੇ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਮੈਂ ਸਾਰੀ ਉਮਰ ਭਾਰ ਮੁਕਤ ਨਹੀਂ ਹੋ ਸਕਾਂਗਾ ਸ਼ਾਇਦ ਮਰ ਕੇ ਵੀ ਨਹੀਂ।

(ਘੋਲੀਆਂ ਕਲਾਂ, ਮੋਗਾ)

## ਜੰਗ ਦੀਆਂ ਦੂਰੀਆਂ / *ਹਰਭਜਨ ਸਿੰਘ ਹੁੰਦਲ*

I

ਸੋਚਦੇ ਸੀ ਜੰਗ ਨਵੀਂ ਸਾਥੋਂ ਬੜੀ ਦੂਰ ਹੈ।
ਕੌਣ ਮਜ਼ਲੂਮ, ਕਿਹੜੀ ਧਿਰ ਦਾ ਕਸੂਰ ਹੈ।

ਲੱਗ ਵੀ ਜੇ ਗਈ, ਪਰੇ ਪਰੇ ਲੰਘ ਜਾਏਗੀ।
ਦੂਜਿਆਂ ਨੂੰ ਮਾਰਦੀ, ਅਸਾਡਾ ਕੀ ਗਵਾਏਗੀ।

ਮਰਦੇ ਤੇ ਮਾਰਦੇ, ਸਿਪਾਹੀ ਕਿਹੜੇ ਦੇਸ਼ ਦੇ।
ਦੂਰ ਦੂਰ ਰਹਿਣ ਪੈਰ ਜੰਗ ਦੀ ਕਲੇਸ਼ ਦੇ।

ਡਿੱਗਦੇ ਜੇ ਬੰਬ ਤਾਂ ਅਸਾਡਾ ਕੀ ਵਿਗਾੜਦੇ।
ਸਾੜਦੇ ਨੇ ਘਰ, ਤਾਂ ਬਗਾਨਿਆਂ ਦੇ ਸਾੜਦੇ।

ਹੋਰ ਨਾ ਸਹੇੜਿਓ ਮੁਸੀਬਤਾਂ ਬੇਗਾਨੀਆਂ।
ਪਹਿਲਾਂ ਹੀ ਬਥੇਰੀਆਂ ਨੇ ਪੀੜਾਂ, ਪ੍ਰੇਸ਼ਾਨੀਆਂ।

II

ਲੱਗਦੀ ਜੇ ਲਾਮ, ਸੇਕ ਸਾਰਿਆਂ ਨੂੰ ਲੱਗਣਾ।
ਪਾਰ ਦੇ ਸੁਦਾਗਰਾਂ, ਅਣੋਬੜਾਂ ਨੂੰ ਠੱਗਣਾ।

ਚੁੱਲ੍ਹਿਆਂ ਨੇ ਬੁਝਣਾ, ਸਵਾਣੀਆਂ ਨੇ ਝੂਰਨਾ
ਛਿੜ ਜਾਵੇ ਲਾਮ ਫੇਰ ਰਹਿੰਦੀ ਦੂਰ ਦੂਰ ਨਾ।

ਹੌਲੀ ਹੌਲੀ ਘਰਾਂ ਦੇ ਹਿਸਾਬ ਤੰਗ ਹੋਣਗੇ।
ਹੌਲੀ ਹੌਲੀ ਸੇਕ ਸਾਡੇ ਘਰਾਂ ਤੱਕ ਔਣਗੇ।

ਜੰਗ ਨਹੀਂ ਰਹੀ ਹੁਣ, ਤੀਰ ਤਲਵਾਰ ਦੀ
ਦੂਰ ਦੂਰ, ਬੈਠਿਆਂ ਤੇ ਸੁੱਤਿਆਂ ਨੂੰ, ਮਾਰਦੀ।

ਜੰਗ ਨਹੀਂ ਰਹਿਣ ਦਿੰਦੀ ਫਾਸਲੇ ਤੇ ਦੂਰੀਆਂ।
ਖੋਹ ਖੜੇ ਬੱਚਿਆਂ ਦੇ ਹੱਥਾਂ ਵਿਚੋਂ ਚੂਰੀਆਂ।

ਹੌਲੀ ਹੌਲੀ ਰੱਤ ਸਾਰੇ ਪਿੰਡੇ ਦੀ ਨਿਚੋੜਦੀ
ਹੌਲੀ ਹੌਲੀ ਬਾਂਹ ਫੜ ਸਭ ਦੀ ਮਰੋੜਦੀ

ਜੰਗ ਨੇ ਲਿਹਾਜ਼ ਨਾ ਨਿਦੋਸ਼ਿਆਂ ਦਾ ਕਰਨਾ
ਮੌਤ ਦਾ ਮੁਆਤਾ ਬਾਲ ਬੂਹੇ ਬੂਹੇ ਧਰਨਾ।

ਜੰਗ ਸਦਾ ਸਿਵਿਆਂ ਦਾ ਰਾਹ ਰਹੇ ਭਾਲਦੀ
ਰੰਗ ਰੋਜ਼ ਆਪਣੇ ਅਣੋਖੇ ਹੀ ਵਿਖਾਲਦੀ।



ਜੰਗ ਨਹੀਂ ਦਿੰਦੀ ਕੁੱਟ ਕੁੱਟ ਕੇ ਪੰਜੀਰੀਆਂ
ਵੱਧ ਸਗੋਂ ਜਾਂਦੀਆਂ ਨੇ ਹੋਰ ਦਿਲਗੀਰੀਆਂ।

ਜੰਗ ਮਿੱਧ ਸੁੱਟਦੀ ਹੈ, ਸੁਪਨੇ, ਸੰਗੀਤ ਨੂੰ
ਰਤਾ ਨਾ ਪਛਾਣਦੀ ਹੈ ਮੋਹ ਤੇ ਪ੍ਰੀਤ ਨੂੰ।

ਸਾਰਿਆਂ ਤੋਂ ਪਹਿਲਾਂ ਜੰਗ ਕਵਿਤਾ ਨੂੰ ਮਾਰਦੀ
ਸਾੜਦੀ, ਉਜਾੜਦੀ ਤੇ ਕੱਖ ਨਾ ਉਸਾਰਦੀ।

ਜੰਗ ਆਣ ਬਾਲਾਂ ਦੀਆਂ ਜੇਬਾਂ ਨੂੰ ਫਿਰੋਲਦੀ
ਸੁੱਕੀ ਨਹੀਂ ਲੰਘਦੀ ਚੁੜੇਲ ਕੋਲ ਕੋਲ ਦੀ।

ਇਕ ਇਕ ਦਿਨ ਹੈ ਪਹਾੜ ਵਾਂਗ ਲੰਘਣਾ
ਜੰਗ ਪਾਈ ਪਾਈ ਦਾ ਹਿਸਾਬ ਸਾਥੋਂ ਮੰਗਣਾ।

III

ਚੁੱਪ ਰਹਿਣ ਵਾਲੇ ਵੀ ਅਖੀਰ ਕੁਰਲਾਉਣਗੇ
ਜੰਗ ਦੇ ਵਰੋਲੇ ਜਾਂ ਦੁਆਲੇ ਸਾਡੇ ਭੌਣਗੇ।

ਚੁੱਪ ਰਹਿਣ ਵਾਲੀਆਂ ਬੁਝਾਰਤਾਂ ਨੂੰ ਛੱਡੀਏ
ਮਨ ਵਿਚੋਂ ਵਹਿਮ ਸਾਰੇ ਝਾੜ ਪੂੰਝ ਕੱਢੀਏ।

ਕਿਉਂ ਐਨੀ ਦੂਰੋਂ ਆਣ ਜੰਗ ਨੇ ਸਹੇੜਦੇ ?
ਬੱਚਿਆਂ, ਬਗੀਚਿਆਂ ਨੂੰ ਲਹੂ 'ਚ ਲਿਬੇੜਦੇ।

ਜੰਗ ਦੇ ਮਨੋਰਥਾਂ ਨੂੰ ਸੋਚੀਏ, ਵਿਚਾਰੀਏ
ਕੁਫ਼ਰਾਂ ਦੇ ਢੇਰ ਵਿਚੋਂ ਸੱਚ ਨੂੰ ਨਿਤਾਰੀਏ।

ਧਾੜਵੀ ਦੇ ਨਵੇਂ ਰੰਗ, ਢੰਗ ਨੂੰ ਪਛਾਣੀਏ
ਉਹਦੇ ਨਾਲ ਖਹਿਣ ਦੀਆਂ ਜੁਗਤਾਂ ਨੂੰ ਜਾਣੀਏਂ।

ਵਾਰੋ ਵਾਰੀ ਸਾਰਿਆਂ ਨੂੰ ਆਊਗਾ ਲਿਤਾੜਦਾ।
ਦੈਂਤ ਕੋਈ ਆਵੇ ਜਿਵੇਂ ਰਾਤ ਨੂੰ ਦਹਾੜਦਾ।

ਵਗਦੀਆਂ ਪੌਣਾਂ ਵਿਚ ਖੌਫ਼ ਹੈ ਖਿਲਾਰਨਾ।
ਕੱਲ੍ਹਾ ਕੱਲ੍ਹਾ ਕਰ ਉਹਨੇ ਮਾੜਿਆਂ ਨੂੰ ਮਾਰਨਾ।

ਲੁਕ ਲੁਕ ਬੈਠਿਆਂ ਤੇ ਵੇਲ਼ਾ ਨਹੀਂ ਲੰਘਣਾ
ਜਾਣ ਜਾਣ ਜੰਗ-ਬਾਜ਼ ਬੂਹੇ ਅੱਗੇ ਖੰਘਣਾ।

ਤਲੀਆਂ 'ਚੋਂ ਜੰਗ ਦੀਆਂ ਛਿਲਤਰਾਂ ਨੂੰ ਪੁੱਟੀਏ।
ਮੌਤ ਦੇ ਪਲੀਤਿਆਂ ਨੂੰ ਖੂਹ-ਖਾਤੇ ਸੁੱਟੀਏ।

(31-3-2003)

## ਦੋ ਕਵਿਤਾਵਾਂ / *ਹਰਵਿੰਦਰ ਭੰਡਾਲ*

### 1. ਪੰਜੇ ਦਾ ਨਿਸ਼ਾਨ

ਰਾਤ ਦੀ ਸਿਆਹ ਨਮੀ 'ਚ
ਥੋੜ੍ਹੀ-ਥੋੜ੍ਹੀ ਭਿੱਜੀ ਦੁਧੀਆ ਰੇਤ 'ਤੇ
ਚੀਤੇ ਦੇ ਪੰਜੇ ਦੇ ਨਿਸ਼ਾਨ
ਜਿਵੇਂ ਕੋਈ ਵਿਸ਼ਾਲ ਹਰਕਤ
ਇਕ ਪਲ ਲਈ
ਨਦੀ ਕਿਨਾਰੇ ਠਹਿਰ ਗਈ ਹੋਵੇ
ਜਿਵੇਂ ਖ਼ੂੰਖ਼ਾਰ ਤਾਕਤ
ਕੁਦਰਤ ਦੇ ਕਿਣਕਿਆਂ 'ਤੇ
ਆਪਣੇ ਨਕਸ਼ ਉਕਰ ਗਈ ਹੋਵੇ

ਚੀਤੇ ਦੇ ਪੰਜੇ ਦੇ ਨਿਸ਼ਾਨ
ਕਿਸੇ ਅਦ੍ਰਿਸ਼ਟ ਦੇ
ਸੱਚ ਹੋਣ ਦੀ ਗਵਾਹੀ
ਕਿਸੇ ਖ਼ੌਫ਼ ਦੇ
ਜ਼ਿੰਦਾ ਹੋਣ ਦੀ ਦਾਸਤਾਨ
ਇਹ ਆਸ ਪਾਸ ਕਿਤੇ
ਸਹਿ ਕੇ ਬੈਠੀ ਬਰਬਰਤਾ ਦੀ ਨਿਸ਼ਾਨੀ

ਚੀਤੇ ਦੇ ਪੰਜੇ ਦੇ ਨਿਸ਼ਾਨ
ਇਕੋ ਵੇਲੇ ਰੇਤ 'ਤੇ ਵੀ
ਤੇ ਦਰਸ਼ਕ ਦੇ ਦਿਲ ਦੇ ਅੰਦਰ

ਜੰਗਲ ਵਿਚ ਕਿਤੇ ਲੁਕਿਆ ਚੀਤਾ
ਸ਼ਹਿਰ 'ਚ ਵੀ ਲੁਕਿਆ ਹੁੰਦਾ ਹੈ
ਉਸੇ ਤਰ੍ਹਾਂ ਹੀ ਹਵਾ 'ਚ ਘੁਲ਼ਿਆ
ਉਸੇ ਤਰ੍ਹਾਂ ਹੀ ਥੋੜ੍ਹੀ-ਥੋੜ੍ਹੀ
ਮਾਸ ਦੀ ਗੰਧ ਭੋਰਦਾ ਹੋਇਆ

ਸੁੰਗੜੇ ਘਰਾਂ ਦੀਆਂ ਬੈਠਕਾਂ ਵਿਚ
ਝੌਂਪੜੀਆਂ ਦੇ ਆਸੇ-ਪਾਸੇ
ਫੁੱਟ-ਪਾਥਾਂ 'ਤੇ
ਚੀਤੇ ਦੇ ਪੰਜੇ ਦੇ ਨਿਸ਼ਾਨ
ਉਸੇ ਖ਼ੌਫ਼, ਬਰਬਰਤਾ
ਤੇ ਚੀਤੇ ਦੇ ਸੱਚ ਹੋਣ ਦੀ ਹਾਮੀ

ਚੀਤੇ ਦੇ ਪੰਜੇ ਦੇ ਨਿਸ਼ਾਨ
ਵੇਖੇ ਨੇ ਮੈਂ ਰੇਤ ਦੇ ਉੱਤੇ
ਪਰ ਸਦੀਆਂ ਦਾ ਸਫ਼ਰ ਤੈਅ ਕਰਕੇ
ਇਹ ਸਾਡੀ ਜ਼ਿੰਦਗੀ ਵਿਚ ਵੀ ਆ ਬੈਠੇ ਨੇ

ਜੰਗਲ ਵਿਚ
ਤੇ ਸ਼ਹਿਰ 'ਚ ਦਿਸਦੇ
ਚੀਤੇ ਦੇ ਪੰਜੇ ਦੇ ਨਿਸ਼ਾਨ
ਬਿਲਕੁਲ ਇਕ-ਦੂਜੇ ਵਰਗੇ ਨੇ

### 2. ਡਾਇਨਾਸੋਰ

ਸੁਣਦੇ ਹਾਂ
ਤੇ ਵੇਖਦੇ ਹਾਂ ਸਕਰੀਨ 'ਤੇ
ਇਕ ਮਹਾਂ-ਪਰਲੋ ਤੋਂ ਪਹਿਲਾਂ
ਕਿਵੇਂ ਵਿਚਰਦੇ ਹੁੰਦੇ ਸਨ-ਡਾਇਨਾਸੋਰ
ਪਤਾ ਨਹੀਂ ਡਾਇਨਾਸੋਰਾਂ ਦਾ ਰੱਬ ਕਿੱਥੇ ਸੀ ?

ਇਕ ਮਹਾਂ-ਪਰਲੋ ਸੀ ਆਈ
ਡਾਇਨਾਸੋਰ ਜਾ ਸੁੱਤੇ ਧਰਤੀ ਦੀ ਗੋਦੀ

ਇਸੇ ਹੀ ਧਰਤੀ ਦੀ ਕੱਖੋਂ
ਗਿਠ-ਮੁੱਠੀਏ ਮਾਨਵ ਨੇ ਜੰਮੇ

ਮਾਨਵ ਹੁਣ ਧਰਤੀ ਪੁੱਟਦੇ ਨੇ
ਖੁਰਾ-ਖੋਜ ਲੱਭਦੇ ਨੇ-ਡਾਇਨਾਸੋਰਾਂ ਦਾ

ਡਾਇਨਾਸੋਰ ਪਰ ਮਾਨਵ ਦੇ ਅੰਦਰ ਜੀਊਂਦੇ
ਕੌਣ ਆਖਦਾ
ਮਾਨਵ ਦੇ ਪੂਰਵਜ ਕੋਈ ਹੋਰ ਨੇ

ਯੁੱਗਾਂ ਪਹਿਲਾਂ ਵਾਪਰੀ ਮਹਾਂ-ਪਰਲੋ
ਵਾਰ-ਵਾਰ ਦੁਹਰਾਉਂਦੇ
ਮੰਦਰ ਖਾਂਦੇ-ਮਸਜਿਦ ਹੱਗਦੇ
ਮਸਜਿਦ ਖਾਂਦੇ-ਮੰਦਰ ਹੱਗਦੇ
ਡਾਇਨਾਸੋਰ ਮਾਨਵ ਦੇ ਮਸਤਕ ਵਿਚ ਜੀਊਂਦੇ





(ਦੇਵਿੰਦਰ ਸਤਿਆਰਥੀ ਦੇ ਤੁਰ ਜਾਣ ਨਾਲ, ਇੱਕ ਐਸੇ ਦਰਵੇਸ਼ ਸਾਹਿਤਕਾਰ ਦਾ ਘਾਟਾ ਪਿਆ ਹੈ, ਜਿਸ ਨੇ ਸਾਰੀ ਜ਼ਿੰਦਗੀ ਪੰਜਾਬੀ ਲੋਕ-ਧਾਰਾ, ਸਭਿਆਚਾਰ ਤੇ ਸਾਹਿਤਕ ਰਚਨਾਵਾਂ ਦੀ ਸਿਰਜਣਾ ਲਈ ਸਮਰਪਤ ਕੀਤੀ ਹੋਈ ਸੀ। ਅਤਿ ਦੇ ਨਿਰਮਾਣ ਤੇ ਪਾਰਦਰਸ਼ੀ ਸ਼ਖ਼ਸੀਅਤ ਦੇ ਮਾਲਕ ਇਸ ਮਹਾਂ-ਯਾਤਰੀ ਨੇ ਆਪਣੀ ਕੀਤੀ ਸਾਹਿਤਕ ਘਾਲਣਾ ਦਾ ਕਦੇ ਮੁੱਲ ਨਹੀਂ ਸੀ ਮੰਗਿਆ। ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਐਸੇ ਅਦਭੁੱਤ ਤੇ ਵਿਲੱਖਣ ਘਾਲਣਾ ਦੇ ਮਾਲਕ ਸਾਹਿਤਕਾਰ ਨੂੰ ਭਾਰਤੀ ਸਾਹਿਤ-ਅਕਾਡਮੀ ਨੇ ਕਿਉਂ ਆਪਣੇ ਸ਼੍ਰੋਮਣੀ ਪੁਰਸਕਾਰ ਤੋਂ ਵੰਚਿਤ ਰੱਖੀ ਰੱਖਿਆ। ਉਸਦੀ ਸਿਮ੍ਰਿਤੀ ਵਿੱਚ ਨਤਮਸਤਕ ਹੁੰਦੇ ਹੋਏ ਅਸੀਂ ਉਸ ਦੀ ਇਕ ਮੁਲਾਕਾਤ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ) *—ਸੰਪਾਦਕ*

## ਪਾਬਲੋ ਨੇਰੂਦਾ ਨਾਲ ਮੁਲਾਕਾਤ / *ਦੇਵਿੰਦਰ ਸਤਿਆਰਥੀ*

ਅਚਾਨਕ ਪਤਾ ਲੱਗਿਆ ਕਿ ਪਾਬਲੋ ਨੇਰੂਦਾ ਦਿੱਲੀ ਆਏ ਹਨ। ਉਹ ਵੀ ਚੌਥੇ ਦਿਨ, ਦਿੱਲੀ ਵਿਚ ਉਨ੍ਹਾਂ ਦਾ ਆਖ਼ਰੀ ਦਿਨ ਸੀ। ਪਹਿਲਾਂ ਤਾਂ ਮੈਂ ਆਪਣੀ ਇਸ ਆਦਤ 'ਤੇ ਲਾਅਨਤ ਭੇਜੀ ਕਿ ਅਖ਼ਬਾਰ ਪੜ੍ਹਨ ਲਈ ਵੀ ਵਕਤ ਨਾ ਕੱਢਿਆ ਜਾ ਸਕੇ। ਨਹੀਂ ਤਾਂ ਸਾਹਿਬ ਇਹ ਕਿਵੇਂ ਹੋ ਸਕਦਾ ਸੀ ਕਿ ਏਨਾ ਵੱਡਾ ਸਾਹਿਤਕਾਰ ਦਿੱਲੀ ਆਵੇ ਅਤੇ ਮੈਨੂੰ ਉਸ ਦਿਨ ਪਤਾ ਲੱਗੇ ਜਿਸ ਦਿਨ ਉਹ ਦਿੱਲੀ ਤੋਂ ਵਿਦਾ ਹੋ ਰਿਹਾ ਹੋਵੇ। ਫਿਰ ਮੈਂ ਆਪਣੀ ਖ਼ੁਸ਼ਕਿਸਮਤੀ 'ਤੇ ਫ਼ਖ਼ਰ ਕਰਨ ਲੱਗਿਆ ਕਿ ਚਲੋ, ਇਹ ਵੀ ਗਨੀਮਤ ਹੈ। ਕਿਸੇ ਤਰ੍ਹਾਂ ਜੋਸ਼ ਮਲੀਹਾਬਾਦੀ ਨਾਲ ਫ਼ੋਨ ਮਿਲਾਇਆ, ਫਿਰ ਸਫ਼ਲਤਾ ਮਿਲੀ। ਉਹ ਪਹਿਲਾਂ ਹੀ ਤਿਆਰ ਸਨ। ਮੈਂ ਦੌੜਿਆ-ਦੌੜਿਆ ਉਨ੍ਹਾਂ ਦੇ ਕਮਰੇ ਵਿਚ ਗਿਆ। ਉਥੇ ਆਮ ਵਾਂਗ ਮਜਲਿਸ ਲੱਗੀ ਸੀ। ਉਹ ਬੋਲੇ—"ਪਾਬਲੋ ਨੇਰੂਦਾ ਦੀ ਕੀ ਗੱਲ ਹੈ। ਸਾਹਿਬ ਅਸੀਂ ਉਨ੍ਹਾਂ ਨੂੰ ਪੜ੍ਹਿਆ ਹੈ ਅਤੇ ਉਨ੍ਹਾਂ ਦੇ ਸ਼ੇਅਰ ਸੁਣ ਕੇ ਮਹਿਸੂਸ ਕੀਤਾ ਕਿ ਇਸ ਆਦਮੀ ਵਿਚ ਬਲਾਅ ਦੀ ਤਾਕਤ ਹੈ, ਹਾਲਾਂਕਿ ਸਪੇਨੀ ਜ਼ੁਬਾਨ ਮੈਂ ਨਹੀਂ ਸਮਝ ਸਕਦਾ। ਫਿਰ ਵੀ ਖ਼ੂਬਸੂਰਤ ਅੰਦਾਜ਼ ਹੈ ਸਪੇਨੀ ਜ਼ੁਬਾਨ ਦੇ ਇਸ ਸ਼ਾਇਰ ਦਾ। ਅਨੁਵਾਦ ਵਿਚ ਅਸਲ ਦਾ ਰੰਗ ਤਾਂ ਮੁਸ਼ਕਲ ਨਾਲ ਪੈਦਾ ਹੁੰਦਾ ਹੈ, ਸਗੋਂ ਇਹ ਕਹੋ ਕਿ ਅਜਿਹਾ ਹੋ ਸਕਣਾ ਅਸੰਭਵ ਹੈ, ਪਰ ਅਨੁਵਾਦ ਦੀ ਮਦਦ ਨਾਲ ਥੋੜ੍ਹਾ-ਬਹੁਤ ਸਮਝ ਸਕਿਆ। ਬਸ ਸਾਹਿਬ ਕਹਿਣ ਨੂੰ ਦਿਲ ਚਾਹੁੰਦਾ ਹੈ ਕਿ ਨੇਰੂਦਾ, ਨੇਰੂਦਾ ਹੈ।"

ਦਰਵਾਜ਼ੇ 'ਤੇ ਕਾਰ ਤਿਆਰ ਸੀ। ਮੈਂ ਸੋਚਿਆ, ਇਹ ਮਹਿਫ਼ਲ ਤਾਂ ਚਾਰ ਕਮਰਿਆਂ ਵਿਚ ਵੀ ਨਹੀਂ ਸਮਾ ਸਕਦੀ। ਏਨਾ ਤਾਂ ਜੋਸ਼ ਵੀ ਸਮਝਦੇ ਸਨ। ਹਾਲਾਂਕਿ ਉਨ੍ਹਾਂ ਤੋਂ ਇਹ ਉਮੀਦ ਨਹੀਂ ਸੀ ਕਿ ਰਸਤਾ ਕੱਢ ਸਕਣਗੇ। ਉਹ ਆਪ ਹੀ ਬੋਲੇ— "ਤਸੱਲੀ ਰੱਖੋ, ਹੁਣੇ ਚੱਲਦੇ ਹਾਂ ਅਤੇ ਇਹ ਹਜ਼ਰਤ ਏਥੇ ਹੀ ਰਹਿ ਜਾਣਗੇ। ਮੈਂ ਆਪ, ਬਸ ਦੋ-ਇਕ ਬੰਦੇ ਹੋਰ।"

ਕਮਰੇ ਵਿਚ ਜ਼ੋਰ ਦਾ ਕਹਿਕਹਾ ਗੂੰਜਿਆ ਅਤੇ ਜੋਸ਼ ਆਪਣੇ ਦੋ ਸਾਥੀਆਂ ਨਾਲ ਕਾਰ ਵੱਲ ਵਧੇ। ਮੈਂ ਡਰਾਈਵਰ ਨੂੰ ਕਿਹਾ— "ਜਿੰਨੀ ਜਲਦੀ ਹੋ ਸਕੇ, ਕਾਰ ਨੂੰ ਡੇਵਿਕੋ ਦੇ ਸਾਹਮਣੇ ਪਹੁੰਚਾ ਦਿਓ। ਐਕਸੀਡੈਂਟ ਨਾ ਹੋ ਪਾਏ, ਕਿਉਂਕਿ ਮਰਨ ਤੋਂ ਪਹਿਲਾਂ ਪਾਬਲੋ ਨੇਰੂਦਾ ਨੂੰ ਦੇਖ ਲੈਣਾ ਚਾਹੁੰਦਾ ਹਾਂ।"

ਇਕ ਜ਼ੋਰ ਦਾ ਕਹਿਕਹਾ ਗੂੰਜਿਆ। ਕਾਰ ਉੱਡੀ ਜਾ ਰਹੀ ਸੀ।

ਮੈਂ ਪਾਬਲੋ ਨੇਰੂਦਾ ਦੇ ਬਾਰੇ ਬਹੁਤ ਕੁਝ ਸੁਣ ਰਖਿਆ ਸੀ। 'ਰੈਜ਼ੀਡੈਂਸੀ ਆੱਨ ਅਰਥ' (ਧਰਤੀ ਤੇ ਨਿਵਾਸ-ਸਥਾਨ) ਉਨ੍ਹਾਂ ਦਾ ਇਕ ਕਵਿਤਾ-ਸੰਗ੍ਰਹਿ ਜਿਸ ਵਿਚ ਨੇਰੂਦਾ ਦੀ ਮੂਲ ਸਪੇਨੀ ਕਵਿਤਾਵਾਂ ਦੇ ਨਾਲ-ਨਾਲ ਅੰਗਰੇਜ਼ੀ ਅਨੁਵਾਦ ਵੀ ਉਪਲਬੱਧ ਹੈ, ਮੇਰੇ ਕੋਲ ਮੌਜੂਦ ਸੀ, ਪਰ ਇਨ੍ਹਾਂ ਕਵਿਤਾਵਾਂ ਦਾ ਅਧਿਐਨ ਕਰਦਿਆਂ ਮੈਂ ਕਦੇ ਨਹੀਂ ਸੀ ਸੋਚਿਆ ਕਿ ਏਨੀ ਜਲਦੀ ਅਤੇ ਉਹ ਵੀ ਦਿੱਲੀ ਵਿਚ ਨੇਰੂਦਾ ਦੇ

ਦਰਸ਼ਨ ਹੋ ਜਾਣਗੇ। ਨੇਰੂਦਾ ਦੇ ਸੰਬੰਧ ਵਿਚ ਫ਼ਰਾਂਸ ਦੇ ਪ੍ਰਸਿੱਧ ਕਵੀ ਲੂਈ ਅਰਾਗੋਂ ਨੇ ਕਿਹਾ ਸੀ—

ਉਸ ਨੂੰ ਸੁੰਘਦੇ ਫਿਰਦੇ ਹਨ
ਖੋਜਦੇ ਫਿਰਦੇ ਹਨ।
ਪਹਾੜੀਆਂ ਵਿਚ,
ਸਮੁੰਦਰ ਵਿਚ ਅਤੇ ਸਮੁੰਦਰ ਕੰਢੇ,
ਨੇਰੂਦਾ ਕਿੱਥੇ ਹੈ ? ਨੇਰੂਦਾ ਕਿੱਥੇ ਹੈ ?
ਪਰ ਨੇਰੂਦਾ
ਅੱਜ ਵੀ ਗਾ ਰਿਹਾ ਹੈ ਆਪਣੇ ਗੀਤ
ਪਹਿਲਾਂ ਹੀ ਵਾਂਗ।

ਜੋਸ਼ ਨੇ ਜ਼ੋਰ ਦੇ ਕੇ ਕਿਹਾ— "ਸਾਹਿਬ ਅਜੀਬ ਆਦਮੀ ਹੈ ਨੇਰੂਦਾ। ਚਿਲੀ (ਦੱਖਣੀ ਅਮਰੀਕਾ) ਦੇ 'ਟੈਮਕੋ' ਸ਼ਹਿਰ ਵਿਚ ਪੈਦਾ ਹੋਇਆ। ਉਮਰ ਛਿਆਲੀ ਸਾਲ। ਕੁਝ ਖ਼ਾਸ ਜ਼ਿਆਦਾ ਵੀ ਨਹੀਂ। ਖ਼ੈਰ ਮੇਰੇ ਤੋਂ ਤਾਂ ਛੋਟੇ ਹੀ ਹੋਏ। ਪਰ ਸਾਹਿਬ ਉਹ ਜੋ ਕਿਹਾ ਗਿਆ ਹੈ— ਬਜ਼ੁਰਗੀ ਬਾਅਕਲ ਅਸਤ...ਹਾਂ ਤਾਂ ਇਸ ਹਿਸਾਬ ਨਾਲ ਮੈਂ ਉਨ੍ਹਾਂ ਨੂੰ ਆਪਣੇ ਤੋਂ ਵੱਡਾ ਮੰਨਦਾ ਹਾਂ।"

ਮੈਂ ਹੱਸ ਕੇ ਕਿਹਾ— "ਜੋਸ਼ ਸਾਹਿਬ ਮੇਰੇ ਤੋਂ ਤਾਂ ਨੇਰੂਦਾ ਉਮਰ ਵਿਚ ਚਾਰ ਸਾਲ ਵੱਡੇ ਹਨ।"

ਜ਼ੋਰ ਦਾ ਕਹਿਕਹਾ। ਕਾਰ ਉੱਡੀ ਜਾ ਰਹੀ ਹੈ। ਪਤਾ ਲੱਗਿਆ, ਨੇਰੂਦਾ ਵਿਸ਼ਵ ਅਮਨ ਕਮੇਟੀ ਦੇ ਉਪ-ਪ੍ਰਧਾਨ ਹਨ ਅਤੇ ਇਸੇ ਸੰਬੰਧ ਵਿਚ ਦਿੱਲੀ ਆਏ ਹਨ। ਕਾਰ ਵਿਚ ਬੈਠੇ ਇਕ ਸਾਹਿਬ ਕਹਿ ਰਹੇ ਸਨ— "ਸੁਣਿਆ ਹੈ, ਨੇਰੂਦਾ ਨੂੰ ਹਿੰਦੁਸਤਾਨ ਵਿਚ ਦਸ ਦਿਨ ਠਹਿਰਣ ਦੀ ਇਜਾਜ਼ਤ ਮਿਲੀ ਹੈ। ਅਤੇ ਉਹ ਵੀ ਦਿੱਲੀ ਅਤੇ ਬੰਬਈ ਵਿਚ ਹੀ। ਚਾਰ ਦਿਨ ਦਿੱਲੀ ਵਿਚ ਖ਼ਤਮ ਹੋਏ ਸਮਝੋ ਅਤੇ ਬਾਕੀ ਦੇ ਛੇ ਦਿਨ ਬੰਬਈ ਵਿਚ ਗੁਜ਼ਾਰ ਕੇ ਉਨ੍ਹਾਂ ਨੂੰ ਏਥੋਂ ਚੱਲ ਦੇਣਾ ਹੋਵੇਗਾ।"

ਮੈਨੂੰ ਇਸ ਗੱਲ ਦਾ ਫ਼ਿਕਰ ਸੀ ਕਿ ਕਿਧਰੇ ਅਜਿਹਾ ਨਾ ਹੋਵੇ ਕਿ ਨੇਰੂਦਾ ਕਿਸੇ ਦੂਜੀ ਜਗ੍ਹਾ ਅਟਕ ਜਾਣ। ਲੋਕ ਡੇਵਿਕੋ ਵਿਚ ਜਮ੍ਹਾਂ ਹੋਏ ਹੋਣਗੇ, ਕਿਧਰੇ ਉਨ੍ਹਾਂ ਨੂੰ ਆਪਣਾ ਜਿਹਾ ਮੂੰਹ ਲੈ ਕੇ ਵਾਪਸ ਨਾ ਜਾਣਾ ਪਵੇ। ਇਕ ਅਜਿਹੀ ਘਟਨਾ ਪਹਿਲਾਂ ਵੀ ਹੋ ਚੁੱਕੀ ਸੀ—ਕਿ ਮਹਿਮਾਨ ਦਾ ਇੰਤਜ਼ਾਰ ਕਰਨ ਬਾਅਦ ਉਸ ਨੂੰ ਦਾਅਵਤ ਦੇਣ ਵਾਲੇ ਆਪ ਹੀ ਚਾਹ ਪੀ ਕੇ ਮੇਜ਼ਾਂ ਤੋਂ ਉਠ ਗਏ।

ਉਹੋ ਗੱਲ ਹੋਈ। ਹਾਲਾਂਕਿ ਅਸੀਂ ਚਾਰ ਵਜੇ ਸ਼ਾਮ ਦੇ ਥੋੜ੍ਹਾ ਬਾਅਦ ਹੀ ਡੇਵਿਕੋ ਵਿਚ ਪਹੁੰਚ ਗਏ ਸੀ। ਪਤਾ ਲੱਗਿਆ ਕਿ ਨੇਰੂਦਾ ਅਜੇ ਤਕ ਉਥੇ ਨਹੀਂ ਆਏ। ਸਾਹਮਣੇ ਵਾਲਾ ਹਾਲ ਖਚਾਖਚ ਭਰਿਆ ਹੋਇਆ ਸੀ। ਗੱਪਾਂ ਮਾਰਨ ਵਾਲਿਆਂ ਦੀ ਕੁਝ ਨਾ ਪੁੱਛੋ। ਪਰ ਜਦੋਂ ਤਕ ਲਾੜਾ ਨਾ ਨਜ਼ਰ ਆਏ, ਜੰਞ ਦੀ ਸੱਜ-ਧੱਜ ਕੀ ਮਾਅਨੇ ਰੱਖਦੀ ਹੈ।

ਇਨ੍ਹਾਂ ਵਿਚੋਂ ਕੁਝ ਲੋਕ ਤਾਂ ਨੇਰੂਦਾ ਨੂੰ ਮਿਲ ਚੁੱਕੇ ਸਨ। ਉਨ੍ਹਾਂ ਨੂੰ ਏਨੀ ਫ਼ਿਕਰ ਨਹੀਂ ਸੀ,ਪਰ ਉਹ ਲੋਕ ਜੋ ਅਜੇ ਤਕ ਨੇਰੂਦਾ ਨੂੰ ਦੇਖ ਨਹੀਂ ਸਕੇ, ਬਾਰ-ਬਾਰ ਅੱਡੀਆਂ ਚੁੱਕ-ਚੁੱਕ ਕੇ ਦਰਵਾਜ਼ੇ ਵੱਲ ਦੇਖਣ ਲੱਗਦੇ। ਸੱਚ ਪੁੱਛੋ ਤਾਂ ਇਕ-ਇਕ ਪਲ ਭਾਰੀ ਹੋ ਰਿਹਾ ਸੀ।

ਸੱਚਮੁੱਚ ਮੈਨੂੰ ਇਹ ਡਰ ਸੀ ਕਿ ਪਾਬਲੋ ਨੇਰੂਦਾ ਨਾਲ ਮੁਲਾਕਾਤ ਦੀ ਗੱਲ ਖਟਾਈ ਵਿਚ ਨਾ ਪੈ ਜਾਵੇ। ਇਕ ਪਾਸੇ ਤਾਂ ਮੈਂ ਉਨ੍ਹਾਂ ਲੋਕਾਂ ਨੂੰ ਕੋਸਣ ਲੱਗਿਆ, ਜਿਨ੍ਹਾਂ ਦੇ ਜ਼ਿੰਮੇ ਇਹ ਕੰਮ ਲਗਾਇਆ ਗਿਆ ਸੀ ਕਿ ਉਹ ਦਿੱਲੀ ਦੇ ਇਸ ਸਨਮਾਨਤ ਮਹਿਮਾਨ ਨੂੰ ਪ੍ਰੋਗਰਾਮ ਦੇ ਅਨੁਸਾਰ ਠੀਕ ਸਮੇਂ ਅਤੇ ਠੀਕ ਜਗ੍ਹਾ ਪਹੁੰਚਾ ਦਿਆ ਕਰਨ ਅਤੇ ਦੂਜੇ ਪਾਸੇ ਆਪਣੀ ਮੂਰਖਤਾ 'ਤੇ ਲਾਅਨਤ ਭੇਜ ਰਿਹਾ ਸਾਂ ਕਿ ਤਿੰਨ ਦਿਨ ਮੈਂ ਅਖ਼ਬਾਰ ਦੇਖੇ ਬਿਨਾਂ ਗੁਜ਼ਾਰ ਦਿੱਤੇ।

ਜੋਸ਼ ਸਾਹਿਬ ਕਹਿ ਰਹੇ ਸਨ— "ਨੇਰੂਦਾ ਆਵੇਗਾ, ਜ਼ਰੂਰ ਆਵੇਗਾ, ਤਸੱਲੀ ਰੱਖ।"

ਨੇਰੂਦਾ ਦੇ ਇਸ ਸਨਮਾਨ-ਸਮਾਰੋਹ ਲਈ ਡੇਵਿਕੋ ਵਿਚ ਇਹ ਪ੍ਰਬੰਧ ਦੇਖ ਕੇ ਹਰ ਕਿਸੇ ਦਾ ਦਿਲ



ਖ਼ੁਸ਼ੀ ਨਾਲ ਉਛੱਲ ਰਿਹਾ ਸੀ। ਉਰਦੂ, ਹਿੰਦੀ ਅਤੇ ਪੰਜਾਬੀ ਦੇ ਕਈ ਕਵੀ ਅਤੇ ਸਾਹਿਤਕਾਰ, ਅਨੇਕ ਚਿਤ੍ਰਕਾਰ, ਪੱਤਰਕਾਰ, ਅਨੇਕ ਅਧਿਆਪਕ ਅਤੇ ਰਾਜਨੇਤਾ— ਸਾਰੇ ਕੌਮਾਂਤਰੀ ਪ੍ਰਸਿੱਧੀ ਦੇ ਕਵੀ ਨੂੰ ਮਿਲਣ ਲਈ ਜਮ੍ਹਾਂ ਹੋਏ ਸਨ। ਪਰ ਅਜੇ ਤਕ ਕਵੀ ਨੇਰੂਦਾ ਦਾ ਇੰਤਜ਼ਾਰ ਸੀ।

ਮੇਜ਼ਾਂ 'ਤੇ ਚਾਹ ਆਉਣ ਲੱਗੀ ਅਤੇ ਜਿਵੇਂ ਕਿ ਅਜਿਹੇ ਮੌਕਿਆਂ 'ਤੇ ਆਮ ਕਰਕੇ ਦੇਖਣ ਵਿਚ ਆਉਂਦਾ ਹੈ। ਉੱਚ ਵਰਗ ਦੇ ਸਭਿਆਚਾਰ ਵਿੱਚ ਢਲੇ ਹੋਏ ਲੋਕਾਂ ਦੇ ਮਹਿਮਾਨ ਦੀ ਗ਼ੈਰ-ਮੌਜੂਦਗੀ ਵਿਚ ਚਾਹ ਦੀਆਂ ਪਿਆਲੀਆਂ ਵੱਲ ਹੱਥ ਉੱਠਣ ਲੱਗੇ। ਔਰਤਾਂ ਚਾਹ ਸਰਵ ਕਰ ਰਹੀਆਂ ਸਨ। ਇਹ ਦੇਖ ਕੇ ਮੈਨੂੰ ਬੁਰਾ ਲੱਗਿਆ।

ਲੋਕ ਹੱਸ ਰਹੇ ਸਨ। ਕਿਸੇ ਨੂੰ ਹੱਸਣ ਤੋਂ ਰੋਕਣਾ ਤਾਂ ਮੇਰੇ ਵੱਸ ਦੀ ਗੱਲ ਨਹੀਂ ਸੀ, ਪਰ ਮੈਂ ਕਹਿਣਾ ਚਾਹੁੰਦਾ ਸਾਂ— ਅੱਜ ਤਾਂ ਅਸੀਂ ਖੋਖਲਾ ਹਾਸਾ ਹੱਸਣ ਦੀ ਥਾਂ ਇਕ ਮਹਾਨ ਸਾਹਿਤਕਾਰ ਨੂੰ ਮਿਲਣ ਆਏ ਹਾਂ ਅਤੇ ਸਾਡੇ ਉਸ ਸਾਹਿਤਕਾਰ ਮਹਿਮਾਨ ਨੂੰ ਡੇਵਿਕੋ ਦਾ ਰਸਤਾ ਕਿਉਂ ਨਹੀਂ ਮਿਲ ਸਕਿਆ।

ਅਚਾਨਕ ਕਿਸੇ ਨੇ ਕਿਹਾ— "ਨੇਰੂਦਾ ਆ ਗਏ।"

ਸਾਰਿਆਂ ਦੀਆਂ ਅੱਖਾਂ ਦਰਵਾਜ਼ੇ ਵੱਲ ਉੱਠ ਗਈਆਂ। ਚਾਹ ਦਾ ਖ਼ਿਆਲ ਛੱਡ ਕੇ ਲੋਕ ਅਸਲ ਮਜ਼ਮੂਨ ਵੱਲ ਆਕ੍ਰਸ਼ਿਤ ਹੋਏ। ਕਿਸੇ-ਕਿਸੇ ਦੀ ਅੱਖ ਵਿਚ ਇਹ ਭਾਵ ਉੱਭਰ ਰਿਹਾ ਸੀ— ਕਾਸ਼ ! ਅਸੀਂ ਹੋਰ ਥੋੜ੍ਹਾ ਇੰਤਜ਼ਾਰ ਕੀਤਾ ਹੁੰਦਾ।

ਨੇਰੂਦਾ ਦੇ ਨਾਲ ਸ਼੍ਰੀਮਤੀ ਨੇਰੂਦਾ ਵੀ ਸੀ। ਜੋਸ਼ ਨਾਲ ਨੇਰੂਦਾ ਨੇ ਖ਼ਾਸ ਤੌਰ 'ਤੇ ਹੱਥ ਮਿਲਾਇਆ। ਮੈਂ ਵੀ ਬਗਲ ਵਿਚ ਖਲੋਤਾ ਸੀ। ਸੱਚਮੁੱਚ ਨੇਰੂਦਾ ਦੇ ਚਿਹਰੇ 'ਤੇ ਮੈਨੂੰ ਮਨੁੱਖਤਾ ਦਾ ਨਵਾਂ ਦਿਸਹੱਦਾ ਉਭੱਰਦਾ ਦਿਖਾਈ ਦਿੱਤਾ। ਉਸਦੀਆਂ ਅੱਖਾਂ ਵਿਚ ਵਿਸ਼ਵਾਸ ਦੀ ਗਹਿਰਾਈ ਸੀ, ਭਾਵੇਂ ਉਂਜ ਦੇਖਣ ਵਿਚ ਉਨ੍ਹਾਂ ਦੀਆਂ ਅੱਖਾਂ ਕਿਸੇ ਹੱਦ ਤਕ ਖੁੱਲ੍ਹੀਆਂ ਨਜ਼ਰ ਆ ਰਹੀਆਂ ਸਨ।

ਨੇਰੂਦਾ ਨੇ ਮੇਰੇ ਵੱਲ ਦੇਖਿਆ। ਜਿਵੇਂ ਉਹ ਕੁਝ ਪੁੱਛਣਾ ਚਾਹੁੰਦਾ ਹੋਵੇ। ਜੋਸ਼ ਨੇ ਮੇਰੀ ਜਾਣ-ਪਛਾਣ ਕਰਾਉਂਦਿਆਂ ਕਿਹਾ— "ਆਪ ਹਨ ਸਾਡੇ ਦੋਸਤ ਦੇਵਿੰਦਰ ਸਤਿਆਰਥੀ। ਹਿੰਦੁਸਤਾਨ ਦੇ ਲੋਕ-ਗੀਤ ਸੰਗ੍ਰਹਿ ਕਰਨ ਦੀ ਧੁਨ ਵਿਚ ਪਿੰਡ-ਪਿੰਡ ਛਾਣ ਮਾਰਿਆ।"

ਨੇਰੂਦਾ ਨੇ ਮੇਰੇ ਨਾਲ ਹੱਥ ਮਿਲਾਉਂਦਿਆਂ ਕਿਹਾ— "ਆਪ ਨੂੰ ਮਿਲ ਕੇ ਖ਼ੁਸ਼ੀ ਹੋਈ?"

ਇਹ ਬੋਲ ਇਕ ਰਸਮੀ ਕਿਸਮ ਦਾ ਬੋਲ ਨਹੀਂ ਸੀ। ਮੈਨੂੰ ਇਸ ਤਰ੍ਹਾਂ ਲੱਗਿਆ ਕਿ ਸਦੀਆਂ ਦੇ ਫ਼ਾਸਲੇ ਦੂਰ ਹੋ ਗਏ ਅਤੇ ਸਾਡੀ ਮੁਲਾਕਾਤ ਸਿਰਫ਼ ਦੋ ਵਿਅਕਤੀਆਂ ਦੀ ਮੁਲਾਕਾਤ ਨਹੀਂ, ਸਗੋਂ ਦੋ ਦੇਸਾਂ ਦੀ ਮੁਲਾਕਾਤ ਹੈ।

ਜੋਸ਼ ਅਤੇ ਨੇਰੂਦਾ ਦੇ ਵਿਚਕਾਰਲੀ ਕੁਰਸੀ 'ਤੇ ਬੈਠਾ ਹੋਇਆ ਮੈਂ ਸੋਚ ਰਿਹਾ ਸੀ ਕਿ ਇਹ ਕਿੰਨਾ ਮਹਾਨ ਦਿਨ ਹੈ।

ਓਧਰ ਨੇਰੂਦਾ ਦੇ ਬਾਰੇ ਦੱਸਿਆ ਜਾ ਰਿਹਾ ਸੀ ਅਤੇ ਸਰੋਤੇ ਮੰਤਰ-ਮੁਗਧ ਹੋਏ ਬੈਠੇ ਸਨ। ਇਧਰ ਮੈਂ ਮਨ ਹੀ ਮਨ ਨੇਰੂਦਾ ਦੀ 'ਸਪੇਨ' ਸਿਰਲੇਖ ਵਾਲੀ ਕਵਿਤਾ ਗੁਣਗੁਣਾ ਰਿਹਾ ਸੀ ਜਿਸ ਦਾ ਹਿੰਦੀ ਅਨੁਵਾਦ ਮੈਂ ਬੜੀ ਲਗਨ ਅਤੇ ਆਤਮ-ਵਿਸ਼ਵਾਸ ਨਾਲ ਕੀਤਾ ਸੀ—

ਤਣਿਆ ਹੋਇਆ ਨਿਰਜਲ ਸੀ ਪਹਿਲਾਂ ਦਾ ਸਪੇਨ—
ਪ੍ਰਤੀਦਿਨ ਧੁੰਦਲੇ ਸੁਰ ਵਿਚ ਟੁਣਕਦਾ ਢੋਲ,
ਦੂਰ-ਦੂਰ ਤਕ ਸਮਤਲ ਸੀ— ਬਸ ਨਿਰਾ
ਆਲ੍ਹਣਾ ਬਣਿਆ ਓਕਾਬਾਂ ਦਾ ਓ,
ਚਾਬੁਕ ਖਾਂਦੀ ਖੁੱਲ੍ਹੀ ਹਵਾ ਦੀ
ਨਿਰਜਨ ਜਿਹਾ ਦੇਸ ਸਪੇਨ।
ਕਿਵੇਂ ਇਕ-ਇਕ ਹੰਝੂ ਤੱਕ,

ਆਤਮਾ ਦੀ ਗਹਿਰਾਈ ਤੱਕ,
ਤੇਰੀ ਕਠਿਨ ਧਰਤੀ ਔ ਸੁੱਕੀ ਰੋਟੀ ਨਾਲ ਹੈ ਮੇਰਾ ਪਿਆਰ
ਤੇਰੀ ਨਿਰਧਨ ਜਨਤਾ ਮੇਰੇ ਜੀਵਨ ਦੀ ਇੱਕਲਤਾ ਵਿਚ,
ਬੁੱਢੇ ਪਿੰਡਾਂ ਦਾ ਗੁਆਚਿਆ ਫੁੱਲ,
ਕਾਲ ਚੱਕਰ ਤੋਂ ਅਹਿੱਲ,
ਔ ਤੇਰੀਆਂ ਖਣਿਜਾਂ ਦੀਆਂ ਖਾਨਾਂ,
ਬਾਹਾਂ ਫੈਲਾਈ ਖੜ੍ਹੀਆਂ ਚੰਨ-ਚਾਨਣੀ ਵਿਚ ਜੁਗਾਂ ਤੋਂ—
ਇਨ੍ਹਾਂ ਨੂੰ ਨਿਗਲਦਾ ਉਹੋ ਦੇਵਤਾ।
ਉਹ ਸਭ ਤੇਰੇ ਭਜਨ ਚੁਪਾਸੀਂ.
ਪਸ਼ੂ ਜਿਹਾ ਤੇਰਾ ਇੱਕਲਾਪਨ ਤੇਰੀ ਗਿਆਨ-ਸ਼ਕਤੀ ਦੇ ਨਾਲ
ਘਿਰਿਆ ਹੋਇਆ ਖ਼ਾਮੋਸ਼ੀ ਦੇ
ਗਿਆਨ-ਹੀਨ ਪੱਥਰਾਂ ਦੁਆਰਾ,
ਤੇਰੀ ਤੇਜ਼-ਤੇਜ਼ ਜਿਹੀ ਮਦਿਰਾ,
ਤੇਰੀਆਂ ਸੁੱਕੀਆਂ ਮਿੱਠੀਆਂ ਇਹ ਅੰਗੂਰੀ ਵੇਲਾਂ।
ਹੇ ਸੂਰਜਮਣੀ ਹੇ ਪਵਿੱਤਰ ਧਰਤੀ,
ਹੇ ਪੰਖੜੀਆਂ-ਬੰਦੂਕਾਂ ਦੇ ਮਿਹਨਤ-ਕਸ਼.
ਇਕ ਤੂੰ ਹੀ ਹੈ ਇਕ ਸਾਥ ਜੀਵਿਤ ਨੀਂਦ ਵਿਚ ਟੁਣਕਦਾ।

ਇਸ ਕਵਿਤਾ ਦਾ ਕਵੀ ਮੇਰੀ ਬਗਲ ਵਿਚ ਬੈਠਾ ਸੀ ਅਤੇ ਮੈਂ ਉਸ ਦਾ ਮੋਢਾ ਫੜ ਕੇ ਕਹਿਣਾ ਚਾਹੁੰਦਾ ਸੀ — 'ਸਪੇਨ' ਦੇ ਕਵੀ ਨੂੰ ਮੇਰਾ ਸੌ-ਸੌ ਪ੍ਰਣਾਮ!

ਮੰਚ ਤੋਂ ਜੋ ਭਾਸ਼ਣ ਦਿੱਤਾ ਜਾ ਰਿਹਾ ਸੀ, ਉਸ ਵਿਚ ਨੇਰੂਦਾ ਦੀ ਦਿਲ ਖੋਲ੍ਹ ਕੇ ਪ੍ਰਸੰਸਾ ਕੀਤੀ ਜਾ ਰਹੀ ਸੀ। ਇਸ ਦੌਰਾਨ ਨੇਰੂਦਾ ਨੇ ਇਕ ਪਲ ਲਈ ਮੇਰੇ ਵੱਲ ਦੇਖਿਆ ਅਤੇ ਮੈਂ ਪੁੱਛ ਲਿਆ—

"ਆਪ ਦੀ ਇਕ ਕਵਿਤਾ 'ਸਪੇਨ' ਤਾਂ ਹੈ।"

"ਹਾਂ, ਤਾਂ!" ਨੇਰੂਦਾ ਨੇ ਸਿਰ ਹਿਲਾਇਆ ਅਤੇ ਅੱਖਾਂ ਝਪਕੀਆਂ, ਜਿਵੇਂ ਪੁੱਛ ਰਹੇ ਹੋਣ— ਇਸ ਸਮੇਂ ਤੁਹਾਨੂੰ ਉਸ ਕਵਿਤਾ ਦੀ ਯਾਦ ਕਿਵੇਂ ਆ ਗਈ ?

ਮੈਂ ਥੋੜ੍ਹਾ ਹੌਸਲਾ ਕਰਕੇ ਕਿਹਾ— "ਮੈਨੂੰ ਉਹ ਕਵਿਤਾ ਬਹੁਤ ਪਸੰਦ ਹੈ।"

ਨੇਰੂਦਾ ਨੇ ਇਕ ਖ਼ਾਸ ਅੰਦਾਜ਼ ਵਿਚ ਸਿਰ ਹਿਲਾਇਆ, ਜਿਵੇਂ ਉਹ ਕਹਿ ਰਹੇ ਹੋਣ—ਪਸੰਦ ਆਪੋ-ਆਪਣੀ।

ਮੈਂ ਸੋਚਿਆ ਕਿ ਥੋੜ੍ਹਾ ਹੌਸਲਾ ਕਰਕੇ ਦੇਖਾਂ। ਹੌਲੀ ਜਿਹੀ ਉਨ੍ਹਾਂ ਦੇ ਕੰਨ ਕੋਲ ਮੂੰਹ ਲਿਜਾ ਕੇ ਮੈਂ ਕਿਹਾ— "ਉਸ ਕਵਿਤਾ ਦਾ ਮੈਂ ਹਿੰਦੀ ਅਨੁਵਾਦ ਆਪਣੇ ਕਵਿਤਾ ਸੰਗ੍ਰਹਿ ਦੇ ਇਕ ਭਾਗ ਵਿਚ ਸ਼ਾਮਲ ਕੀਤਾ ਹੈ, ਜਿਸ ਵਿਚ ਛੇ ਹੋਰ ਕੌਮਾਂਤਰੀ ਕਵਿਤਾਵਾਂ ਦੇ ਅਨੁਵਾਦ ਵੀ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿਚ ਇਕ ਕਵਿਤਾ ਮਾਓ-ਜ਼ੇ-ਤੁੰਗ ਦੀ 'ਹਿਮ' ਵੀ ਹੈ।"

ਨੇਰੂਦਾ ਨੇ ਹੌਲੀ ਜਿਹੀ ਕਿਹਾ— "ਜਿਵੇਂ ਮੇਰੀ ਸਪੇਨੀ ਭਾਸ਼ਾ ਤੁਹਾਨੂੰ ਨਹੀਂ ਆਉਂਦੀ ਉਸੇ ਤਰ੍ਹਾਂ ਮੈਨੂੰ ਤੁਹਾਡੀ ਹਿੰਦੀ ਨਹੀਂ ਆਉਂਦੀ।"

ਮੈਂ ਕੁਝ ਝੇਪ ਜਿਹਾ ਗਿਆ, ਕਿਉਂਕਿ ਸ਼ਾਇਦ ਮੈਂ ਨੇਰੂਦਾ ਦੇ ਮੂੰਹੋਂ ਕੋਈ ਪ੍ਰਸੰਸਾ ਭਰਿਆ ਬੋਲ ਸੁਣਨ ਦੀ ਉਮੀਦ ਰੱਖਦਾ ਸਾਂ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ— "ਅਨੁਵਾਦ ਵਿਚ ਅਸਲ ਕਵਿਤਾ ਦੱਬ ਜਾਂਦੀ ਹੈ। ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ 'ਚ ਮੈਂ ਦੇਖਦਾਂ ਕਿ ਗੱਲ ਨਹੀਂ ਬਣੀ।— ਮੇਰੀ ਆਵਾਜ਼ ਬਹੁਤ ਦੱਬ ਗਈ ਹੈ, ਸਪੇਨੀ ਭਾਸ਼ਾ ਵਿਚ ਹੀ ਮੇਰੀ ਆਵਾਜ਼ ਉਭੱਰਦੀ ਹੈ।"



"ਕੰਮ-ਚਲਾਊ ਅਨੁਵਾਦ ਦੇ ਬਗ਼ੈਰ ਵੀ ਤਾਂ ਗੁਜ਼ਾਰਾ ਨਹੀਂ।" ਮੈਂ ਅਨੁਵਾਦ ਦਾ ਪੱਖ ਲੈਂਦਿਆਂ ਕਿਹਾ।

"ਹਾਂ, ਹਾਂ!" ਨੇਰੂਦਾ ਨੇ ਹੌਲੀ ਜਿਹੀ ਕਿਹਾ— "ਇਥੋਂ ਤਕ ਤਾਂ ਮੈਂ ਸਹਿਮਤ ਹਾਂ।"

ਬਹੁਤ ਜਲਦੀ ਮੈਂ ਮਹਿਸੂਸ ਕੀਤਾ ਕਿ ਅਜਿਹੇ ਮੌਕੇ 'ਤੇ ਇਸ ਤਰ੍ਹਾਂ ਗੱਲ-ਬਾਤ ਕਰਨਾ ਠੀਕ ਨਹੀਂ। ਪਰ ਮਨ ਤਾਂ ਲਲਚਾ ਉਠਿਆ ਸੀ ਅਤੇ ਕੋਈ ਪਾਬੰਦੀ ਮੰਨਣ ਲਈ ਤਿਆਰ ਹੀ ਨਹੀਂ ਸੀ। ਇਕ -ਅੱਧ ਪਲ ਲਈ ਤਾਂ ਮੈਂ ਇਹ ਮਹਿਸੂਸ ਕੀਤਾ ਜਿਵੇਂ ਇਸ ਵੱਡੇ ਕਮਰੇ ਵਿਚ ਨੇਰੂਦਾ ਤੇ ਮੈਂ ਹੀ ਬੈਠੇ ਹੋਈਏ। ਫਿਰ ਚੌਂਕ ਕੇ ਮੈਂ ਜੋਸ਼ ਵੱਲ ਦੇਖਿਆ ਅਤੇ ਖਿਮਾ-ਯਾਚਨਾ ਕਰਦਿਆਂ ਕਹਿਣਾ ਚਾਹਿਆ— ਨਹੀਂ, ਨਹੀਂ, ਆਪ ਵੀ ਤਾਂ ਹੋ ਸਾਡੇ ਨਾਲ। ਆਪ ਭਲਾ ਕਿਉਂ ਨਹੀਂ ਹੋਵੋਗੇ ਸਾਡੇ ਨਾਲ। ਉਸ ਸਮੇਂ ਮੈਂ ਜਿਵੇਂ ਦੋ ਮਹਾਂ-ਕਵੀਆਂ ਦੇ ਵਿਚਾਲੇ ਸਮੋਸਾ ਬਣਿਆ ਜਾ ਰਿਹਾ ਸੀ। ਜਿਵੇਂ ਮੇਰਾ ਅਹਿਮ ਇਕ ਪਲ ਲਈ ਸਿਰ ਉਠਾ ਕੇ ਕਹਿਣਾ ਚਾਹੁੰਦਾ ਸੀ— ਇਸ ਸਮਾਰੋਹ ਵਿਚ ਨੇਰੂਦਾ ਦਾ ਨਹੀਂ, ਮੇਰਾ ਸਨਮਾਨ ਕੀਤਾ ਜਾ ਰਿਹਾ ਹੈ। ਫਿਰ ਜਿਵੇਂ ਮੇਰੇ ਦਿਮਾਗ਼ ਦੇ ਇਕ ਕੋਨੇ 'ਚੋਂ ਕਿਸੇ ਆਗਾਂਹ-ਵਧੂ ਸ਼ਕਤੀ ਨੇ ਮੈਨੂੰ ਝੰਜੋੜ ਕੇ ਕਿਹਾ— ਕਿਉਂ ਐਵੇਂ ਬਹਿਕ ਰਹੇ ਹੋ। ਨੇਰੂਦਾ ਵਰਗਾ ਕੰਮ ਕਰ ਦਿਖਾਓ ਤਾਂ ਇਕ ਦਿਨ ਤੁਹਾਡਾ ਵੀ ਇਸ ਤਰ੍ਹਾਂ ਸਨਮਾਨ ਕੀਤਾ ਜਾ ਸਕਦਾ ਹੈ। ਮਨੁੱਖਤਾ ਦੇ ਦਿਸਹੱਦੇ 'ਤੇ ਨਵੇਂ ਚਿਤਰ ਦੇਖਣ ਵਾਲੇ ਇਸ ਕਲਾਕਾਰ ਵਾਂਗ ਤੁਸੀਂ ਵੀ ਕਿਸੇ ਨਵੀਂ ਦਿਸ਼ਾ ਵੱਲ ਦੁਨੀਆ ਨੂੰ ਰਾਹ ਦਿਖਾਓ ਤਾਂ ਤੁਹਾਨੂੰ ਵੀ ਅਸੀਂ ਇਨ੍ਹਾਂ ਸ਼ਬਦਾਂ ਨਾਲ ਯਾਦ ਕਰ ਸਕਦੇ ਹਾਂ। ਮੈਂ ਸੋਚਿਆ ਕਿ ਨੇਰੂਦਾ ਬਹੁਤ ਵੱਡਾ ਕਲਾਕਾਰ ਹੈ ਅਤੇ ਸ਼ਾਇਦ ਸਭ ਤੋਂ ਵੱਡੀ ਗੱਲ ਜਿਸ ਵੱਲ ਸਾਡਾ ਧਿਆਨ ਖਿੱਚਦਾ ਹੈ, ਇਹੋ ਹੈ ਕਿ ਦੇਸ-ਦੇਸ ਦੀ ਮਨੁੱਖਤਾ ਇਕ ਹੈ ਅਤੇ ਉਸ ਨੂੰ ਤੀਜੇ ਵਿਸ਼ਵ-ਯੁੱਧ ਤੋਂ ਹਰ ਕੀਮਤ 'ਤੇ ਬਚਾਉਣਾ ਹੈ।

ਹੁਣ ਕਵੀ ਨੇਰੂਦਾ ਨੂੰ ਕਿਹਾ ਗਿਆ ਕਿ ਉਹ ਹਾਜ਼ਰੀਨ ਦੇ ਸਾਹਮਣੇ ਆਪਣੇ ਵਿਚਾਰ ਰੱਖਣ। ਉਹ ਝੱਟ ਖੜ੍ਹੇ ਹੋ ਗਏ। ਬੋਲਣ ਤੋਂ ਪਹਿਲਾਂ ਉਨ੍ਹਾਂ ਨੇ ਸ਼੍ਰੀਮਤੀ ਨੇਰੂਦਾ ਵੱਲ ਦੇਖਿਆ ਜੋ ਜੋਸ਼ ਦੇ ਸੱਜੇ ਪਾਸੇ ਬੈਠੇ ਸਨ। ਜਿਵੇਂ ਉਹ ਬੋਲਣ ਤੋਂ ਪਹਿਲਾਂ ਪੁੱਛਣਾ ਚਾਹੁੰਦੇ ਹੋਣ ਕਿ ਤੁਸੀਂ ਦੱਸੋ ਕਿ ਇਸ ਸਨੇਹ ਦਾ ਕੀ ਜਵਾਬ ਦਿਆਂ ? ਆਖ਼ਰ ਨੇਰੂਦਾ ਨੇ ਆਪਣਾ ਭਾਸ਼ਣ ਇਸ ਤਰ੍ਹਾਂ ਸ਼ੁਰੂ ਕੀਤਾ— "ਮੈਨੂੰ ਅੰਗਰੇਜ਼ੀ ਨਹੀਂ ਆਉਂਦੀ। ਜਿਸ ਕਿਸੇ ਨੂੰ ਵੀ ਮੇਰੀ ਗੱਲ ਸਮਝ ਨਾ ਆਵੇ, ਉਹ ਉੱਠ ਕੇ ਮੈਨੂ ਟੋਕ ਦੇਵੇ। ਮੈਂ ਫਿਰ ਤੋਂ ਕੋਸ਼ਿਸ਼ ਕਰਾਂਗਾ ਕਿ ਦੁਬਾਰਾ ਆਪਣੀ ਗੱਲ ਦੱਸਾਂ ਤਾਂ ਕਿ ਹਰ ਕੋਈ ਉਸ ਨੂੰ ਸਮਝ ਸਕੇ।"

ਸੱਚ ਕਹਿੰਦਾ ਹਾਂ, ਇਨ੍ਹਾਂ ਸ਼ਬਦਾਂ ਨੇ ਨੇਰੂਦਾ ਦਾ ਸਿੱਕਾ ਜਮਾ ਦਿੱਤਾ। ਮੈਂ ਉਨ੍ਹਾਂ ਦੇ ਮੂੰਹੋਂ ਇਹ ਬੋਲ ਸੁਣ ਕੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਹੋਰ ਵੀ ਕਾਇਲ ਹੋ ਗਿਆ। ਮੈਂ ਜੋਸ਼ ਦੀਆਂ ਅੱਖਾਂ ਵਿਚ ਝਾਕਣ ਦੀ ਕੋਸ਼ਿਸ਼ ਕੀਤੀ। ਮੈਂ ਕਹਿਣਾ ਚਾਹੁੰਦਾ ਸੀ— ਜੋਸ਼ ਸਾਹਿਬ ਅਸੀਂ ਲੋਕ ਜਦੋਂ ਨੇਰੂਦਾ ਦੇ ਦੇਸ ਜਾਵਾਂਗੇ ਤਾਂ ਉਥੋਂ ਦੇ ਸਮਾਰੋਹ ਵਿਚ ਅਸੀਂ ਵੀ ਤਾਂ ਇਹੋ ਕਹਾਂਗੇ ਕਿ ਅੰਗਰੇਜ਼ੀ ਸਾਡੀ ਜ਼ਬਾਨ ਨਹੀਂ ਹੈ।

ਨੇਰੂਦਾ ਕਹਿ ਰਹੇ ਸਨ— "ਬਹੁਤ ਥੋੜ੍ਹੀ ਦੇਰ ਲਈ ਏਥੇ ਇਕੱਠੇ ਹੋਏ ਹਾਂ— ਬਹੁਤ ਥੋੜ੍ਹੀ ਦੇਰ ਲਈ। ਇਹ ਥੋੜ੍ਹਾ ਜਿਹਾ ਸਮਾਂ ਜਲਦੀ ਹੀ ਇਕ ਯਾਦ ਬਣ ਕੇ ਰਹਿ ਜਾਵੇਗਾ। ਹਿੰਦੁਸਤਾਨ ਇਕ ਮਹਾਨ ਦੇਸ ਹੈ। ਏਥੋਂ ਦੀ ਮਹਿਮਾਨ-ਨਵਾਜ਼ੀ ਮਹਾਨ ਹੈ। ਇਸ ਦੇਸ ਵਿਚ ਗੰਗਾ ਵਰਗੀਆਂ ਪਵਿੱਤਰ ਨਦੀਆਂ ਵਗਦੀਆਂ ਹਨ। ਸੰਨ 1927 ਵਿਚ ਮੈਨੂੰ ਇਕ ਵਾਰ ਗੰਗਾ ਨੂੰ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਹਿੰਦੁਸਤਾਨ ਦੀਆਂ ਇਨ੍ਹਾਂ ਪਵਿੱਤਰ ਨਦੀਆਂ ਬਾਰੇ ਪ੍ਰਸਿੱਧ ਹੈ ਕਿ ਜੋ ਵੀ ਇਕ ਵਾਰ ਇਨ੍ਹਾਂ ਵਿਚ ਇਸ਼ਨਾਨ ਕਰ ਲੈਂਦਾ ਹੈ, ਉਹ ਬਾਰ-ਬਾਰ ਆਉਂਦਾ ਹੈ।"

ਅੱਗੇ ਚੱਲ ਕੇ ਨੇਰੂਦਾ ਨੇ ਸਾਹਿਤਕਾਰ ਅਤੇ ਜਨਤਾ ਸੰਬੰਧੀ ਰੌਸ਼ਨੀ ਪਾਉਂਦਿਆਂ ਕਿਹਾ— "ਸਾਹਿਤਕਾਰ ਅਤੇ ਜਨਤਾ ਵਿਚ ਡੂੰਘਾ ਸੰਬੰਧ ਹੁੰਦਾ ਹੈ। ਏਥੇ ਮੈਂ ਆਪਣੀ ਗੱਲ ਦੱਸੇ ਬਗ਼ੈਰ ਨਹੀਂ ਰਹਿ ਸਕਦਾ। ਮੈਂ ਆਪਣੇ ਦੇਸ ਦੇ ਕਿਸਾਨਾਂ ਅਤੇ ਮਜ਼ਦੂਰਾਂ, ਤਾਂਬੇ ਦੀਆਂ ਖਾਨਾ ਵਿਚ ਕੰਮ ਕਰਨ ਵਾਲਿਆਂ ਅਤੇ ਸਮੁੰਦਰ

ਵਿਚ ਕੰਮ ਕਰਨ ਵਾਲਿਆਂ— ਉਨ੍ਹਾਂ ਸਾਰਿਆਂ ਕੋਲ ਗਿਆ। ਇਹ ਸਾਰੇ ਅਨਪੜ੍ਹ ਸਨ। ਫਿਰ ਵੀ ਇਹ ਮੈਨੂੰ ਕਹਿੰਦੇ ਸਨ— ਸਾਨੂੰ ਆਪਣੀ ਕਵਿਤਾ ਸੁਣਾਓ। ਉਨ੍ਹਾਂ ਦੇ ਸੰਪਰਕ ਵਿਚ ਆ ਕੇ ਮੇਰੀ ਕਵਿਤਾ ਬਿਲਕੁਲ ਬਦਲ ਗਈ। ਮੈਂ ਦੇਖਿਆ ਕਿ ਮੇਰੀ ਕਵਿਤਾ ਸਾਦੀ ਅਤੇ ਸਿੱਧੀ ਹੋਣੀ ਚਾਹੀਦੀ ਹੈ। ਨਾਲ ਹੀ ਮੈਂ ਮਹਿਸੂਸ ਕੀਤਾ ਮੇਰੀ ਕਵਿਤਾ ਮੇਰੀ ਪੋਸ਼ਾਕ ਵਾਂਗ ਹੋਣੀ ਚਾਹੀਦੀ ਹੈ। ਇਕਦਮ ਮੇਰੀ, ਜਿਸ ਵਿਚ ਮੇਰੇ ਦੇਸਵਾਸੀ ਮੈਨੂੰ ਦੇਖ ਸਕਣ। ਮੈਂ ਇਹ ਵੀ ਮਹਿਸੂਸ ਕੀਤਾ ਕਿ ਮੇਰੀ ਕਵਿਤਾ ਵਿਚ ਮੇਰੀ ਆਤਮਾ ਦਾ ਕੁਝ ਹਿੱਸਾ ਵੀ ਜ਼ਰੂਰ ਹੋਣਾ ਚਾਹੀਦਾ ਹੈ। ਇਸ ਸੰਬੰਧੀ ਆਦਰਸ਼ ਦੇ ਰੂਪ ਵਿਚ ਅਸੀਂ ਟਾਲਸਟਾਇ ਅਤੇ ਮਹਾਤਮਾ ਗਾਂਧੀ ਦੇ ਨਾਮ ਲੈ ਸਕਦੇ ਹਾਂ, ਜਿਨ੍ਹਾਂ ਨੇ ਜਨਤਾ ਲਈ ਸਾਦੇ ਢੰਗ ਦੀ ਲੇਖਨ-ਸ਼ੈਲੀ ਅਪਨਾ ਕੇ ਮਹਾਨਤਾ ਦਾ ਮਾਰਗ ਦਰਸਾਇਆ। ਏਥੇ ਮੇਰਾ ਆਪਣਾ ਅਨੁਭਵ ਇਹੋ ਹੈ ਕਿ ਆਪਣੀ ਜਨਤਾ ਦੇ ਨਾਲ ਰਹਿਣ ਬਾਅਦ—ਮੈਂ ਅਲੰਕਾਰਾਂ ਵਾਲੀ ਕਾਵਿ-ਰਚਨਾ ਕਰ ਹੀ ਨਹੀਂ ਸਕਦਾ। ਮੇਰੀ ਜਨਤਾ ਮੇਰੇ ਕੋਲੋਂ ਅਭਿੰਨਤਾ ਚਾਹੁੰਦੀ ਸੀ। ਉਸ ਨੂੰ ਰਤਨ-ਮਣੀਆਂ ਜੜੇ ਗਹਿਣਿਆਂ ਪ੍ਰਤੀ ਕੋਈ ਮੋਹ ਨਹੀਂ ਸੀ। ਕਵਿਤਾ ਦੇ ਰੂਪ ਵਿਚ ਉਹ ਸਾਦਾ ਲਿਬਾਸ ਚਾਹੁੰਦੀ ਸੀ ਜਿਸ ਨਾਲ ਉਹ ਆਪਣੇ ਬਦਨ ਨੂੰ ਢੱਕ ਸਕੇ ਅਤੇ ਜਿਸ ਵਿਚ ਉਸ ਨੂੰ ਮੇਰੀ ਆਤਮਾ ਦੀ ਅਵਾਜ਼ ਸੁਣਾਈ ਦੇ ਸਕੇ ਅਤੇ ਇਸ ਤਰ੍ਹਾਂ ਉਹ ਕਵੀ ਦੇ ਨਾਲ ਅਭਿੰਨਤਾ ਦਾ ਅਨੁਭਵ ਕਰ ਸਕੇ।"

ਨੇਰੂਦਾ ਦੀ ਆਵਾਜ਼ ਮੇਘ-ਗੰਭੀਰ ਸੀ ਅਤੇ ਵਿਚ-ਵਿਚਾਲੇ ਇਸ ਤਰ੍ਹਾਂ ਲੱਗਦਾ ਸੀ ਕਿ ਕੋਈ ਬਿਜਲੀ ਕੌਂਧ ਗਈ ਹੈ। ਹਾਲਾਂਕਿ ਡੇਵਿਕੋ ਦੇ ਉਸ ਹਾਲ ਵਿਚ ਰੌਸ਼ਨੀ ਦੀ ਘਾਟ ਨਹੀਂ ਸੀ, ਫਿਰ ਮੈਨੂੰ ਇਸ ਤਰ੍ਹਾਂ ਲੱਗਿਆ ਕਿ ਜਿਵੇਂ ਅਸੀਂ ਕਿਸੇ ਹਨੇਰੇ ਵਿਚ ਬੈਠੇ ਹੋਈਏ ਅਤੇ ਜੇ ਇਸ ਤਰ੍ਹਾਂ ਵਿਚ-ਵਿਚ ਬਿਜਲੀ ਨਾ ਕੌਂਧੇ ਤਾਂ ਸਾਡੇ ਲਈ ਇਹ ਵੀ ਸੰਭਵ ਨਾ ਹੋਵੇ ਕਿ ਇਕ ਦੂਜੇ ਦਾ ਮੂੰਹ ਵੀ ਦੇਖ ਸਕੀਏ। ਇਹ ਕਿਸੇ ਜਾਦੂਗਰ ਦਾ ਚਮਤਕਾਰ ਨਹੀਂ ਸੀ, ਇਹ ਇਕ ਅਜਿਹੇ ਆਦਮੀ ਦੀ ਆਵਾਜ਼ ਸੀ ਜਿਸ ਨੂੰ ਲੋਕ-ਸ਼ਕਤੀ 'ਤੇ ਪੂਰਾ ਭਰੋਸਾ ਸੀ। ਅਤੇ ਜੋ ਮਨੁੱਖਤਾ ਦੀ ਹਰ ਬੀਮਾਰੀ ਦਾ ਇਲਾਜ ਇਸੇ ਵਿਚ ਸਮਝਦਾ ਸੀ ਕਿ ਜਨਤਾ ਨੂੰ ਗੂੰਗੀ ਤੇ ਬਹਿਰੀ ਸਮਝਣ ਦੀ ਭੁੱਲ ਨਾ ਕੀਤੀ ਜਾਏ। ਅਤੇ ਜਿਸ ਦੀ ਰਾਏ ਵਿਚ ਸਭ ਤੋਂ ਜ਼ਿਆਦਾ ਜ਼ਿੰਮੇਵਾਰੀ ਸਾਹਿਤਕਾਰ 'ਤੇ ਹੀ ਆਉਂਦੀ ਸੀ। ਮੈਂ ਚਾਹੁੰਦਾ ਸੀ ਕਿ ਭਰੀ ਮਜਲਿਸ ਵਿਚ ਮੈਂ ਆਪਣੀ ਕੁਰਸੀ ਤੋਂ ਉੱਠ ਕੇ ਨੇਰੂਦਾ ਨੂੰ ਗਲਵੱਕੜੀ ਵਿਚ ਲੈ ਲਵਾਂ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿਆਂ —"ਅੱਜ ਤੋਂ ਅਸੀਂ ਜੋ ਵੀ ਲਿਖਾਂਗੇ, ਜਨਤਾ ਲਈ ਹੀ ਹੋਵੇਗਾ ਅਤੇ ਜੇ ਸਾਡੀ ਆਵਾਜ਼ ਜਨਤਾ ਤਕ ਨਹੀਂ ਪਹੁੰਚਦੀ ਤਾਂ ਸਾਨੂੰ ਲਿਖਣਾ ਛੱਡ ਦੇਣਾ ਚਾਹੀਦਾ ਹੈ। ਜਨਤਾ ਕੀ ਚਾਹੁੰਦੀ ਹੈ ਕੀ ਸੋਚਦੀ ਹੈ, ਉਸ ਦਾ ਭਵਿੱਖ ਕਿਸ ਦਿਸ਼ਾ ਵਿਚ ਅੰਗੜਾਈ ਲੈਣਾ ਚਾਹੁੰਦਾ ਹੈ— ਇਹ ਸਭ ਦੇਖਣ ਅਤੇ ਸਮਝਣ ਲਈ ਡਰਾਇੰਗ-ਰੂਮ 'ਚ ਬੈਠੇ ਰਹਿਣ ਦੀ ਬਜਾਏ ਖੇਤਾਂ ਅਤੇ ਖਲ੍ਹਿਆਨਾਂ ਵਿਚ ਜਾਣਾ ਹੋਵੇਗਾ। ਮਜ਼ਦੂਰਾਂ ਦੀਆਂ ਝੌਂਪੜੀਆਂ ਵਿਚ ਨੰਗੀ ਜ਼ਮੀਨ 'ਤੇ ਬੈਠਣਾ ਹੋਵੇਗਾ ਅਤੇ ਸਾਨੂੰ ਇਹ ਦੇਖਣਾ ਹੋਵੇਗਾ ਕਿ ਜਨਤਾ ਦੇ ਸੰਪਰਕ ਵਿਚ ਸਾਡੀ ਆਤਮਾ ਕਿੰਨੀ ਉਜਲੀ ਹੋ ਰਹੀ ਹੈ।" ਇਹ ਸੀ ਉਹ ਵਿਚਾਰਧਾਰਾ ਜੋ ਮੇਰੀ ਆਤਮਾ ਨੂੰ ਛੂੰਹਦੀ ਚਲੀ ਜਾ ਰਹੀ ਸੀ। ਅਚਾਨਕ ਮੈਂ ਮਨ ਦੀਆਂ ਉਚਾਈਆਂ ਤੋਂ ਉਚਕ ਕੇ ਨੇਰੂਦਾ ਵੱਲ ਦੇਖਿਆ ਜੋ ਲਗਾਤਾਰ ਆਪਣੀ ਗੱਲ ਕਹੀ ਜਾ ਰਹੇ ਸਨ।

ਇਸ ਸਮੇਂ ਨੇਰੂਦਾ ਦੀ ਚਰਚਾ ਦਾ ਵਿਸ਼ੈ ਸੀ ਯੁੱਧ ਅਤੇ ਉਸ ਦਾ ਖ਼ਤਰਾ। ਉਹ ਕਹਿ ਰਹੇ ਸਨ— "ਮੈਂ ਸਪੇਨ ਤੋਂ ਜ਼ਿਆਦਾ ਲੋਕ-ਪ੍ਰਿਅ ਕਵੀ ਮਾਰਸ਼ੀਆਂ ਲੋਰਕਾ ਦੇ ਫਰੈਂਕੋ ਦੇ ਸੈਨਿਕਾਂ ਹੱਥੋਂ ਕਤਲ ਕੀਤੇ ਜਾਣ ਵੱਲ ਜ਼ਰੂਰ ਸੰਕੇਤ ਕਰਨਾ ਚਾਹੁੰਦਾ ਹਾਂ। ਲੋਰਕਾ ਕੋਈ ਰਾਜਨੇਤਾ ਨਹੀਂ ਸੀ, ਨਾ ਕੋਈ ਲੜਾਕਾ। ਉਹ ਮੌਤ ਤੋਂ ਡਰਦਾ ਸੀ ਅਤੇ ਜ਼ਿੰਦਗੀ ਨਾਲ ਪਿਆਰ ਕਰਦਾ ਸੀ। ਉਸ ਨੂੰ ਵੀ ਮਾਰ ਦਿੱਤਾ ਗਿਆ। ਲੋਰਕਾ ਸਿਰਫ਼ ਆਪਣੀ ਜਨਤਾ ਦੀ ਰੱਖਿਆ ਕਰਨਾ ਚਾਹੁੰਦਾ ਸੀ।"

ਮੈਂ ਦੇਖਿਆ ਕਿ ਨੇਰੂਦਾ ਦੀ ਆਵਾਜ਼ ਭਾਵੇਂ ਪਹਿਲਾਂ ਵਾਂਗ ਗਹਿਰੀ ਹੈ ਅਤੇ ਦ੍ਰਿੜ ਵੀ ਹੈ ਪਰ ਨਾਲ



ਹੀ ਉਹ ਇਹ ਵੀ ਨਾ ਛੁਪਾ ਸਕਿਆ ਕਿ ਉਸ ਦੀ ਆਵਾਜ਼ ਵਿਚ ਇਕ ਖ਼ਾਸ ਕਿਸਮ ਦੀ ਕੰਬਣੀ ਆ ਗਈ ਹੈ। ਮੇਰੇ ਦਿਲ 'ਤੇ ਵੀ ਇਸ ਕੰਬਣੀ ਦਾ ਪ੍ਰਭਾਵ ਪਿਆ ਕਿਉਂਕਿ ਲੋਰਕਾ ਦੀਆਂ ਕੁਝ ਕਵਿਤਾਵਾਂ ਮੈਂ ਵੀ ਪੜ੍ਹ ਰੱਖੀਆਂ ਸਨ (ਅਨੁਵਾਦ ਵਿਚ ਹੀ ਸਹੀ) ਅਤੇ ਉਨ੍ਹਾਂ ਦਾ ਮੇਰੇ 'ਤੇ ਡੂੰਘਾ ਪ੍ਰਭਾਵ ਪਿਆ ਸੀ।

ਅੱਗੇ ਚੱਲ ਕੇ ਨੇਰੂਦਾ ਨੇ ਕਿਹਾ— "ਮੈਂ ਉਸ ਹਾਨੀ ਦਾ ਜ਼ਰੂਰ ਜ਼ਿਕਰ ਕਰਾਂਗਾ ਜੋ ਦੂਜੇ ਵਿਸ਼ਵ ਯੁੱਧ ਵਿਚ ਕਵੀਆਂ, ਲੇਖਕਾਂ ਅਤੇ ਕਲਾਕਾਰਾਂ ਨੂੰ ਉਠਾਉਣੀ ਪਈ ਅਤੇ ਨਾਲ ਹੀ ਮੈਂ ਹਿੰਦੁਸਤਾਨ ਦੀ ਜਨਤਾ ਨੂੰ ਅਪੀਲ ਕਰਦਾ ਹਾਂ ਕਿ ਉਹ ਵਿਸ਼ਵ-ਅਮਨ ਦੀ ਹਮਾਇਤ ਕਰਦੀ ਰਹੇ। ਅੱਜ ਮੈਂ ਇਕ ਜਲਾਵਤਨ ਅਤੇ ਘਰ-ਘਾਟ ਤੋਂ ਵਾਂਝਾ ਵਿਅਕਤੀ ਹਾਂ। ਇਹ ਲੋਕ-ਕਵੀ ਲਈ ਸਭ ਤੋਂ ਵੱਧ ਮਾਣ ਵਾਲੀ ਗੱਲ ਹੈ। ਕੋਈ ਵੀ ਆਦਮੀ ਉਦੋਂ ਤਕ ਅਮਨ ਨਹੀਂ ਪਾ ਸਕਦਾ, ਜਦੋਂ ਤਕ ਸਾਰੇ ਵਿਸ਼ਵ ਨੂੰ ਅਮਨ ਦੀ ਗਾਰੰਟੀ ਨਹੀਂ ਮਿਲ ਜਾਂਦੀ।"

ਭਾਸ਼ਣ ਤੋਂ ਬਾਅਦ ਨੇਰੂਦਾ ਨੇ ਕੁਝ ਦੋਸਤਾਂ ਦੇ ਕਹਿਣ 'ਤੇ ਸਪੇਨੀ ਭਾਸ਼ਾ ਵਿਚ ਆਪਣੀ ਇਕ ਕਵਿਤਾ ਦੇ ਕੁਝ ਅੰਸ਼ ਪੜ੍ਹ ਕੇ ਸੁਣਾਏ। ਨੇਰੂਦਾ ਦੀ ਆਵਾਜ਼ ਵਿਚ ਅਸਲ ਸ਼ਕਤੀ ਤਾਂ ਹੁਣ ਆਈ ਲੱਗਦੀ ਸੀ ਕਿ ਹੁਣ ਤਕ ਉਸ ਨੇ ਜੋ ਕਿਹਾ, ਉਸ ਨੂੰ ਹੁਣ ਰੂਪ ਮਿਲਿਆ।

ਪਹਿਲਾਂ ਵਾਲੀ ਕਵਿਤਾ ਦਾ ਓਨਾ ਪ੍ਰਭਾਵ ਨਹੀਂ ਪਿਆ, ਜਿੰਨਾ ਕਿ ਇਸ ਕਵਿਤਾ ਦਾ, ਕਿਉਂਕਿ ਸਪੇਨੀ ਭਾਸ਼ਾ ਤੋਂ ਅਸੀਂ ਸਾਰੇ ਅਨਜਾਣ ਸਾਂ। ਕਦੇ ਲੱਗਦਾ ਕਿ ਨੇਰੂਦਾ ਇਸ ਤਰ੍ਹਾਂ ਬੋਲ ਰਿਹਾ ਹੈ ਜਿਵੇਂ ਲੱਕੜੀ ਵਿਚ ਬਵਰਮਾ ਸੁਰਾਖ ਕਰਦਾ ਹੈ, ਕਦੇ ਲੱਗਦਾ ਕਿ ਲੱਕੜੀ 'ਤੇ ਰੰਦਾ ਚਲਾਇਆ ਜਾ ਰਿਹਾ ਹੈ।

ਜਦੋਂ ਨੇਰੂਦਾ ਨੇ ਕਵਿਤਾ-ਪਾਠ ਖ਼ਤਮ ਕੀਤਾ ਤਾਂ ਉਰਦੂ ਕਵੀ ਅਲੀ ਸਰਦਾਰ ਜਾਫ਼ਰੀ ਦੇ ਕਹਿਣ 'ਤੇ ਸਭਾ ਵਿਚੋਂ ਇਕ ਵਿਅਕਤੀ ਨੇ ਉਠ ਕੇ 'ਰੈਜ਼ੀਡੈਂਸੀ ਆੱਨ ਅਰਥ' ਵਿਚੋਂ ਇਕ ਸਪੇਨੀ ਕਵਿਤਾ ਦਾ ਅੰਗਰੇਜ਼ੀ ਅਨੁਵਾਦ ਪੜ੍ਹ ਕੇ ਸੁਣਾਇਆ। ਉਸ ਕਵਿਤਾ ਦਾ ਕੁਝ ਅੰਸ਼ ਏਥੇ ਪੇਸ਼ ਕਰਨ ਦਾ ਮੋਹ ਨਹੀਂ ਛੱਡਿਆ ਜਾ ਸਕਦਾ:

ਤੁਸੀਂ ਪੁੱਛੋਗੇ ਬਕਾਇਨ ਕਿੱਥੇ ਹੈ ?<br>
ਖਸਖਸ ਨਾਲ ਗੁੰਨ੍ਹੀ ਆਤਮ-ਵਿਧਾ ਕਿੱਥੇ ਹੈ ?<br>
ਟਪਟਪ ਵਰ੍ਹਨ ਵਾਲਾ ਮੀਂਹ ਕਿੱਥੇ ਹੈ ?<br>
ਜਿਸ ਤੋਂ ਰੁਕਾਵਟ-ਭਰੇ ਸੁਰ ਨਿਕਲਦੇ ਹਨ,<br>
ਅਤੇ ਨਿਕਲਦੇ ਨੇ ਚਿੜੀਆਂ ਜਿਹੇ ਸੁਰ ?<br>
ਮੈਂ ਤੁਹਾਨੂੰ ਦੱਸਾਂਗਾ ਮੈਨੂੰ ਹੋ ਕੀ ਗਿਆ ਹੈ ?...<br>
ਹਥਿਆਰਾਂ ਤੇ ਹਵਾਈ ਜਹਾਜ਼ਾਂ ਵਾਲੇ ਕਾਤਿਲ<br>
ਮਹੰਤਾਂ ਤੇ ਪੰਡਿਆਂ ਤੋਂ ਅਸੀਸ ਪ੍ਰਾਪਤ ਕਾਤਿਲ<br>
ਉਹ ਬੱਚਿਆਂ ਨੂੰ ਕਤਲ ਕਰਨ ਲਈ ਹੇਠ ਉਤਰੇ<br>
ਸੜਕਾਂ ਦੇ ਕੰਢੇ ਬੱਚਿਆਂ ਦਾ ਲਹੂ ਵਗਿਆ<br>
ਜਿਵੇਂ ਬੱਚਿਆਂ ਦਾ ਲਹੂ ਵਗਦਾ ਹੈ !

ਨੇਰੂਦਾ ਦੇ ਬਾਅਦ ਜੋਸ਼ ਮਲੀਹਾਬਾਦੀ ਨੇ ਆਪਣੀਆਂ ਕੁਝ ਰੁਬਾਈਆਂ ਸੁਣਾਈਆਂ ਜਿਨ੍ਹਾਂ ਵਿਚੋਂ ਕੁਝ ਵਿਚੋਂ ਕਵੀ ਦੀ ਆਤਮ-ਕਥਾ ਬੋਲ ਉਠੀ :

ਮਹਿਰੂਮੇਂ ਨਿਸ਼ਾਤੇ ਜ਼ਿੰਦਗੀ ਹੂੰ ਅਬ ਤਕ<br>
ਪਾਮਾਲੇ ਖ਼ਰਈ ਓ ਅਬਲਹੀ ਹੂੰ ਅਬ ਤਕ<br>
ਇਸ ਦਰਦ ਕਾ ਤੂ ਗਵਾਹ ਰਹਿਨਾ, ਐ ਵਕਤ !<br>
ਮੈਂ ਅਪਨੇ ਵਤਨ ਮੇਂ ਅਜਨਬੀ ਹੂੰ ਅਬ ਤਕ।

ਇਸ ਰੁਬਾਈ ਦੀ ਦੂਜੀ ਪੰਕਤੀ ਵਿਚ ਸ਼ਾਇਰ ਨੇ ਇਹ ਦੱਸਣ ਦਾ ਜਤਨ ਕੀਤਾ ਹੈ ਕਿ ਉਹ ਹੁਣ

ਤਕ ਗਧੇਪਨ ਅਤੇ ਬੇਵਕੂਫ਼ੀ ਦੇ ਹੇਠਾਂ ਰੌਂਦਿਆਂ ਜਾ ਰਿਹਾ ਹੈ।

ਫਿਰ ਅਲੀ ਸਰਦਾਰ ਜ਼ਾਫ਼ਰੀ ਨੇ 'ਏਸ਼ੀਆ ਜਾਗ ਉਠਾ' ਦੇ ਕੁਝ ਬੰਦ ਸੁਣਾਏ:

ਯਹ ਸ਼ਾਇਰੀ ਨਹੀਂ ਹੈ
ਰਜਜ਼ ਕੀ ਆਵਾਜ਼, ਬਾਦਲੋਂ ਕੀ ਗਰਜ ਹੈ,
ਤੂਫ਼ਾਨ ਕੀ ਸਦਾ ਹੈ ਕਿ ਜਿਸਕੋ ਸੁਨਕਰ
ਪਹਾੜ ਆਤੇ ਹੈ ਸਬਜ਼ ਮਾਥੇ ਮੇਂ ਬਰਫ਼ ਕੀ ਕਲਗੀਆਂ ਲਗਾਏ
ਧੂੰਏਂ ਕੇ ਬਾਲੋਂ ਮੇਂ ਸੁਰਖ਼ ਸ਼ੋਲੋਂ ਕੇ ਹਾਰ ਗੂੰਥੇ
ਸਮੁੰਦਰ ਆਤੇ ਹੈ ਝਾਗ ਕੀ ਝਾਂਝਨੇਂ ਬਜਾਤੇ
ਹਵਾਏਂ ਆਤੀ ਹੈਂ ਬਿਜਲੀਓਂ ਪੇ ਸਵਾਰ ਹੋ ਕੇ
ਪਹਾੜ ਆਤੇ ਹੈਂ ਅਪਨੇ ਕੰਧੋਂ ਪੇ ਨਦੀਓਂ ਕੀ ਕਮੰਦ ਡਾਲੇਂ
ਵੋ ਹਾਥ ਆਤੇ ਹੈਂ ਜਿਨਕੋ ਧੋਯਾ ਗਿਆ ਹੈ ਸ਼ਬਨਮ ਕੇ ਆਸੂਓਂ ਸੇ
ਵੋ ਹਾਥ ਆਤੇ ਜੋ ਹਲੋਂ ਕੋ ਚਲਾ ਰਹੇ ਹੈਂ
ਵੋ ਹਾਥ ਆਤੇ ਹੈਂ ਜੋ ਮਸ਼ੀਨੋਂ ਕੋ ਛੂ ਰਹੇ ਹੈਂ
ਵੋ ਹਾਥ ਆਤੇ ਹੈਂ ਜਿਨ ਮੇਂ ਝੰਡੇ ਉਗੇ ਹੁਏ ਹੈਂ
ਵੋ ਹਾਥ ਆਤੇ ਹੈਂ ਜਿਨ ਪੇ ਨਜ਼ਮੇਂ ਲਿਖੀ ਹੁਈ ਹੈਂ
ਵੋ ਹਾਥ ਆਤੇ ਹੈਂ ਜੋ ਕਹਾਨੀ ਸੁਨਾ ਰਹੇ ਹੈਂ
ਵੋ ਹਾਥ ਅਤੇ ਹੈਂ ਜੋ ਸਿਤਾਰੇ ਬਨਾ ਰਹੇ ਹੈਂ
ਵੋ ਹਾਥ ਆਤੇ ਜੋ ਬਿਜਲੀਓਂ ਕੀ ਗਰਦਨ ਪਕੜ ਰਹੇ ਹੈਂ
ਹਮਾਰੀ ਬੇਤਾਬ ਮੁੱਠੀਓਂ ਮੇਂ
ਸ਼ਫ਼ਕ ਕਾ ਸਿੰਦੂਰ
ਚਾਂਦ ਤਾਰੋਂ ਕੇ ਫੂਲ
ਕਿਰਨੋਂ ਕੀ ਸੁਰਖ਼ ਅਫ਼ਸ਼ਾਂ ਭਰੀ ਹੁਈ ਹੈ।

ਇਸ ਦੇ ਬਾਅਦ ਅਲੀ ਸਰਦਾਰ ਜਾਫ਼ਰੀ ਨੇ ਪਹਿਲਾਂ ਅੱਖਾਂ ਹੀ ਅੱਖਾਂ ਵਿਚ, ਫਿਰ ਜ਼ਬਾਨ 'ਤੇ ਆਏ ਸ਼ਬਦਾਂ ਰਾਹੀਂ ਮੈਨੂੰ ਵੀ ਕਿਹਾ ਕਿ ਮੈਂ ਵੀ ਇਕ ਕਵਿਤਾ ਸੁਣਾਵਾਂ। ਪਤਾ ਨਹੀਂ, ਕਿਵੇਂ ਮੈਂ ਝੇਪ ਕੇ ਰਹਿ ਗਿਆ। ਨੇਰੂਦਾ ਦੀ ਕਵਿਤਾ ਸੁਨਣ ਦੇ ਬਾਅਦ ਮੈਂ ਮਹਿਸੂਸ ਕਰ ਰਿਹਾ ਸੀ ਕਿ ਹੁਣ ਕੁਝ ਸੁਨਾਉਣ ਲਈ ਨਹੀਂ ਰਹਿ ਗਿਆ।

ਹੁਣ ਪੰਜਾਬੀ ਕਵਿਤਰੀ-ਅੰਮ੍ਰਿਤਾ ਪ੍ਰੀਤਮ ਨੇ ਇਕ ਪ੍ਰਸਿੱਧ ਕਵਿਤਾ ਸੁਣਾਈ ਜੋ ਇਸ ਤਰ੍ਹਾਂ ਸ਼ੁਰੂ ਹੁੰਦੀ ਸੀ—

ਅੱਜ ਆਖਾਂ ਵਾਰਿਸਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ।

ਇਸ ਕਵਿਤਾ ਵਿਚ ਉਨ੍ਹਾਂ ਜ਼ੁਲਮਾਂ ਦਾ ਚਿਤਰਣ ਪੇਸ਼ ਕੀਤਾ ਗਿਆ ਸੀ ਜੋ ਦੇਸ਼-ਵੰਡ ਦੇ ਮੌਕੇ 'ਤੇ ਸਰਹੱਦ ਦੇ ਦੋਹੀਂ ਪਾਸੀਂ ਢਾਏ ਗਏ ਸਨ।

ਇਸ ਦੌਰਾਨ ਉਥੇ ਹੀ ਮੇਜ਼ 'ਤੇ ਬੈਠੇ-ਬੈਠੇ ਮੈਨੂੰ ਨੇਰੂਦਾ ਤੋਂ ਅੱਛਾ-ਖ਼ਾਸਾ ਪੁਰਸਕਾਰ ਮਿਲਿਆ। ਮੇਰਾ ਇਸ਼ਾਰਾ ਉਸ ਚਿਤਰ ਵੱਲ ਹੈ ਜਿਸ ਵਿਚ ਅਮਨ ਦੇ ਦੂਤ ਕਬੂਤਰ ਨੂੰ ਦਿਖਾਇਆ ਗਿਆ ਹੈ।

ਪਿੱਠ-ਭੂਮੀ ਵਿਚ ਦੇਸ-ਦੇਸ ਦੇ ਅਖ਼ਬਾਰਾਂ ਦੇ ਪੰਨੇ ਦਿਖਾਏ ਗਏ ਸਨ ਜਿਨ੍ਹਾਂ ਵਿਚ ਵਿਸ਼ਵ-ਅਮਨ ਦੀ ਅਪੀਲ ਕੀਤੀ ਗਈ ਸੀ।



ਮੈਂ ਇਹ ਪੁਰਸਕਾਰ ਪਾ ਕੇ ਧੰਨ ਹੋ ਉਠਿਆ। ਇਸ 'ਤੇ ਕਵੀ ਨੇਰੂਦਾ ਨੇ ਅੰਗਰੇਜ਼ੀ ਵਿਚ ਝੱਟ ਲਿਖ ਦਿੱਤਾ— ਟੂ ਦੇਵਿੰਦਰ ਸਤਿਆਰਥੀ— ਪਾਬਲੋ ਨੇਰੂਦਾ, ਡੇਲੀ 1950।

ਇਸ ਦੇ ਇਲਾਵਾ ਉਸੇ ਸਮੇਂ ਕੋਲ ਬੈਠੇ ਇਕ ਫ਼ੋਟੋਗ੍ਰਾਫ਼ਰ ਮਿੱਤਰ ਤੋਂ ਨੇਰੂਦਾ ਦਾ ਇਕ ਪੋਰਟ੍ਰੇਟ ਖ਼ਰੀਦ ਕੇ ਮੈਂ ਉਸ 'ਤੇ ਵੀ ਪਾਬਲੋ ਨੇਰੂਦਾ ਤੋਂ ਹਸਤਾਖ਼ਰ ਲੈ ਲਏ। ਇੰਜ ਲੱਗਿਆ ਜਿਵੇਂ ਇਹ ਵੀ ਇਕ ਪੁਰਸਕਾਰ ਹੋਵੇ।

ਮੈਨੂੰ ਚਾਹ ਦੀ ਓਨੀ ਫ਼ਿਕਰ ਨਹੀਂ ਸੀ ਜਿੰਨੀ ਇਸ ਗੱਲ ਦੀ ਕਿ ਨੇਰੂਦਾ ਦੇ ਦਿਲ ਵਿਚ ਆਪਣੀ ਯਾਦ ਗਹਿਰੀ ਕਰ ਲਵਾਂ। ਚਾਹ ਪੀਂਦਿਆਂ ਮੈਂ ਪਹਿਲਾਂ ਨੇਰੂਦਾ ਨੂੰ ਆਪਣੀ ਕਵਿਤਾ 'ਗੁਲਮੋਹਰ ਦੇ ਫੁੱਲ' ਦਾ ਭਾਵਾਰਥ ਸਮਝਾਇਆ ਅਤੇ ਫਿਰ ਹੌਲੀ-ਹੌਲੀ ਮੂਲ ਕਵਿਤਾ ਸੁਣਾ ਦਿੱਤੀ:

ਗੁਲਮੋਹਰ ਦੇ ਫੁੱਲ ਵੀ ਕੀ ਫੁੱਲ ਹਨ
ਚਾਰ ਦਿਨ ਦੇ ਮਹਿਮਾਨ
ਆਖ਼ਰੀ ਝਾਕੀ ਵੀ ਹੋ ਉਠਦੀ ਹੈ
ਕਿੰਨੀ ਮੁੱਲਵਾਨ!
ਕਾਸ਼! ਕੋਈ ਇਨ੍ਹਾਂ ਫੁੱਲਾਂ ਨਾਲ
ਸਜਾ ਦੇਵੇ ਅੱਜ ਵੰਦਨਵਾਰ।
ਪਰ ਪਤਾ ਨਹੀਂ ਮਨ ਆਖੇ ਕਿਉਂ ਅੱਜ ਬਾਰੰਬਾਰ
ਗੁਲਮੋਹਰ ਦੇ ਫੁੱਲ ਜ਼ਿਆਦਾ ਸ਼ੋਖ਼ ਹਨ, ਨਾਦਾਨ!
ਸਨਸਨਾਉਂਦੇ ਤੀਰ ਜਿਹਾ ਆ ਕੇ ਲੱਗਿਆ
ਗੁਲਮੋਹਰ ਦੇ ਦਿਲ-ਤਲ 'ਤੇ ਵਿਅੰਗ ਇਹ ਤਿੱਖਾ ਨੁਕੀਲਾ
ਕੀ ਬੁਰਾ ਰੰਗ ਹੋਵੇ ਜੇ ਸ਼ੋਖ਼ ਵੀ ?
ਰੰਗ ਆਖ਼ਰ ਰੰਗ ਹੈ— ਹਾਂ ਰੰਗ ਹੈ ਵਰਦਾਨ।
ਗੁਲਮੋਹਰ ਜੇ ਹੋ ਉਠਿਆ ਨਾਰਾਜ਼,
ਅਤੇ ਖਾ ਲਈ ਸਹੁੰ ਉਸ ਨੇ— ਮਨ ਦੀਆਂ ਆਸ਼ਾਵਾਂ ਉਮੰਗਾਂ
ਮਨ ਦੇ ਅੰਦਰ ਹੀ ਖਿੜਨ ਦੀ ਸਦਾ
ਇਸ ਸੜਕ ਦੀ ਫਿਰ ਨਾ ਰਹਿ ਜਾਵੇਗੀ ਇਹ ਸ਼ਾਨ।
ਇੰਨੀ ਆਜ਼ਾਦੀ ਤਾਂ ਹੋਣੀ ਚਾਹੀਦੀ ਹੈ ਹਰ ਫੁੱਲ ਨੂੰ
ਰੰਗ ਦਿਲ ਦੀ ਅੱਗ ਨੂੰ ਭੜਕਾ ਸਕੇ,
ਗੁਲਮੋਹਰ ਦੇ ਫੁੱਲ ਵੀ ਕੀ ਫੁੱਲ ਹਨ
ਚਾਰ ਦਿਨ ਦੇ ਮਹਿਮਾਨ।

ਨੇਰੂਦਾ ਨੇ ਹੱਸ ਕੇ ਮੇਰੇ ਵੱਲ ਦੇਖਿਆ, ਜਿਵੇਂ ਪੁੱਛ ਰਹੇ ਹੋਣ— ਭਲੇ ਆਦਮੀ ਭਰੀ ਮਹਿਫ਼ਲ ਵਿਚ ਇਹ ਕਵਿਤਾ ਕਿਉਂ ਨਾ ਸੁਣਾਈ। ਮੈਂ ਖ਼ੁਸ਼ ਸੀ। ਬੱਸ ਇਹੋ ਖ਼ੁਸ਼ੀ ਮੇਰੇ ਲਈ ਕਾਫ਼ੀ ਸੀ ਕਿ ਮੈਂ ਨੇਰੂਦਾ ਨਾਲ ਇਕ ਕਵੀ ਦੇ ਤੌਰ 'ਤੇ ਮਿਲਿਆ। ਹਾਲਾਂਕਿ ਅਗਲੇ ਹੀ ਪਲ ਮੈਂ ਨੇਰੂਦਾ ਨੂੰ ਦੱਸ ਦਿੱਤਾ— "ਕਵਿਤਾ ਦੀ ਪ੍ਰੇਰਨਾ ਮੈਨੂੰ ਲੋਕ-ਗੀਤ ਇੱਕਠੇ ਕਰਦਿਆਂ ਮਿਲੀ। ਮੈਂ ਛੰਦ-ਸ਼ਾਸਤਰ ਕਾਇਦੇ-ਕਾਨੂੰਨ ਨਹੀਂ ਸਿੱਖੇ। ਮੈਂ ਆਲੋਚਨਾ ਦੇ ਵੱਡੇ-ਵੱਡੇ ਕਾਵਿ-ਗ੍ਰੰਥ ਵੀ ਨਹੀਂ ਪੜ੍ਹੇ। ਮੇਰਾ ਪ੍ਰੇਰਨਾ-ਸ੍ਰੋਤ ਅਲੱਗ ਹੈ, ਉਥੇ ਜਿਥੇ ਜਨਤਾ ਰਹਿੰਦੀ ਹੈ।"

ਸਮਾਂ ਘੱਟ ਸੀ। ਨੇਰੂਦਾ ਨੇ ਜਲਦੀ-ਜਲਦੀ ਸਾਰਿਆਂ ਤੋਂ ਵਿਦਾ ਲਈ। ਪਰ ਮੈਂ ਹੁਣ ਤਕ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਜਿਵੇਂ ਨੇਰੂਦਾ ਮੇਰੇ ਦਿਲ ਵਿਚ ਮੌਜੂਦ ਹੈ।

*ਕਹਾਣੀ :*

## ਕਿੱਕਰਾਂ ਦੀ ਛਾਂ/*ਜਸਵੀਰ ਕਲਸੀ*

ਐੱਮ. ਐੱਲ. ਏ. ਜਾ ਚੁੱਕਾ ਸੀ। ਤੇ ਏਧਰ ਗੇਜੇ ਦੇ ਘਰ ਅੰਦਰ ਰੋਟੀ ਦਾ ਖਿਲਾਰਾ ਖਿੱਲਰਿਆ ਹੋਇਆ ਸੀ। ਤੇ ਗੇਜਾ ਗੁੱਸੇ ਵਿੱਚ ਖਿਝਿਆ ਵੀ ਹੋਇਆ ਸੀ। ਉਹ ਬੋਲਦਾ ਸੀ, "...............ਐਹੇ ਜਿਹੇ ਰਿਸ਼ਤੇਦਾਰ ਨੂੰ ਚੁੱਲ੍ਹੇ ਫੂਕਨਾਂ.............।ਆ ਤਿੰਨ-ਚਾਰ ਦਿਨਾਂ ਵਿੱਚ ਹੀ, ਕੀ ਦਾ ਕੀ ਹੋ ਗਿਆ ਹੈ ?"

"ਆ ਭੂਆ ਆਪਣੇ ਘਰ ਸੌਖੀ ਸੀ। ਫ਼ਿਰ ਇਹ ਸਭ ਤੋਂ ਨਿੱਕਾ। ਕਿਸੇ ਨੇ ਘੂਰਿਆ ਨਹੀਂ। ਜੋ ਮਨ ਵਿੱਚ ਆਉਂਦਾ, ਉਹੀ ਕਰਦਾ। ਆ ਮੇਰੇ ਵਰਗੇ ! ਮੇਰਿਆਂ ਮਾਪਿਆਂ ਨੇ ਤਾਂ ਗਾਲ੍ਹਾਂ ਹੀ ਕੱਢਣੀਆਂ ਜਾਂ ਛਿੱਤਰ ਪਰੇਡ। ਪਿਆਰ ਦਾ ਨਾਂ-ਨਿਸ਼ਾਨ ਹੀ ਨਹੀਂ ਸੀ। ਪਿਆਰ ਹੁੰਦਾ ਕੀ ਹੈ, ਪਤਾ ਹੀ ਨਹੀਂ ਸੀ ਤੇ ਫ਼ਿਰ ਅਨਪੜ੍ਹ। ਅੰਗੂਠਾ ਛਾਪ। ਪਰ, ਇਹ ਸੀਰਾ, ਇਹਨੂੰ ਤਾਂ ਭੂਆ ਨੇ ਚਾਰ ਜਮਾਤਾਂ ਵੀ ਪੜ੍ਹਾ ਦਿੱਤੀਆਂ ਸਨ। ਮੇਰਾ ਪਿਉ ਤਾਂ ਆਖਦਾ ਸੀ, "ਕੀ ਕਰਨਾ ਏ ਪੜ੍ਹ ਕੇ ? ਕੋਈ ਕੰਮਕਾਰ ਕਰ। ਚਾਰ ਪੈਸੇ ਆਉਣਗੇ। ਪਿਉ ਅੜੀ 'ਤੇ ਹੀ ਰਿਹਾ। ਫਿਰ, ਆ ਕੋਠਾ ਵੀ ਪੱਕਾ ਨਹੀਂ ਕਰ ਸਕਿਆ। ਜਦ ਕਿ ਦਿਨ ਪੁਰ ਰਾਤ, ਲੋਕਾਂ ਦੇ ਘਰੀਂ ਧੰਧ (ਕੰਮ) ਕਰਦਾ ਰਿਹਾ।

ਆ ਭੂਆ ਦੇ ਕਰਮ ਚੰਗੇ ਸੀ। ਸਹੁਰੇ ਚੰਗੇ ਮਿਲ ਗਏ। ਆਪਣੇ ਘਰ ਮੌਜਾਂ ਕਰਦੀ ਏ। ਉਹਨੇ ਈ ਸੀਰੇ ਨੂੰ ਪੜ੍ਹਾਇਆ। ਸਹੁਰੇ ਘਰੇ ਕਈ ਪੜ੍ਹੇ ਸੀ। ਤੇ ਏਧਰ ਮੈਂ ਕੰਮ ਤੋਂ ਅੱਕ ਕੇ ਭੱਜਣਾ ਤਾਂ ਪਿਉ ਨੇ ਸੂਈ ਕੁੱਤੀ ਦੇ ਵੱਢਣ ਤਰ੍ਹਾਂ ਬੋਲਣਾ, "ਕੀ ਕਰਦਾਂ ਉਏ ਕੰਜਰਾ ? ਆ ਕੰਮ ਕਰਦੇ ਨੂੰ ਮੌਤ ਪੈਂਦੀ ਏ। ਕਿਉਂ ਹੱਡ ਹਰਾਮ ਕਰਦਾ ਏਂ। ਆ ਮਿਹਨਤ ਦੇ ਬਿਨਾਂ ਕੋਈ ਕਦਰ ਨਹੀਂ ਗੀ। ਵਿਹਲਿਆਂ ਨੂੰ ਕੋਈ ਕੁਝ ਨਹੀਂ ਦਿੰਦਾ।"

ਹੁਣ ਨੂੰ ਜਿਊਂਦਾ ਰਹਿੰਦਾ ਤਾਂ ਪੁੱਛ ਲੈਂਦਾ, "ਬਾਪੂ ! ਹੁਣ ਅਸੀਂ ਭੁੱਖੇ ਮਰਦੇ ਹਾਂ। ਆ ਕੋਠਾ ਵੀ ਪੱਕਾ ਕਰ ਲਿਆ ਹੈ। ਭੋਲੇ ਨੂੰ ਵੀ ਪੜ੍ਹਨ ਲਾਇਆ। ਤੇ ਆ ਮਿੱਟੀ ਨਾਲ ਮਿੱਟੀ ਮੈਂ ਨਈਓਂ ਹੋਣਾ ਸੀ, ਜੇ ਤੂੰ ਪੜ੍ਹਾ ਦੇਂਦਾ ਚਾਰ ਅੱਖਰ। ਚਾਰ ਅੱਖਰਾਂ ਦੇ ਆਸਰੇ ਹੀ ਕਿੱਧਰੇ ਚੰਗਾ ਕੰਮ ਮਿਲ ਜਾਣਾ ਸੀ। ਮੈਂ ਲੱਭ ਲੈਣਾ ਸੀ।"

ਸੀਰੇ ਨੇ ਚਾਰ ਜਮਾਤਾਂ ਹੀ ਪੜ੍ਹੀਆਂ ਨੇ। ਹੁਣ ਲੀਡਰ ਬਣਿਆ ਫਿਰਦਾ ਹੈ। ਕਈ ਤਾਂ ਅਨਪੜ੍ਹ ਵੀ ਲੀਡਰ ਨੇ। ਤੇ ਮੇਰਾ ਭੋਲਾ ਸੱਤ ਪਾਸ ਹੈ। ਅੱਠਵੀਂ 'ਚੋਂ ਫੇਲ੍ਹ ਹੋ ਗਿਆ ਸੀ, ਉਸ ਨੂੰ ਕਿੱਧਰੇ ਨੌਕਰੀ ਨਹੀਂ ਮਿਲਦੀ। ਸਭ ਥਾਂ ਤੋਂ ਜਵਾਬ ਹੀ ਮਿਲਦਾ ਹੈ। ਤੇ ਇਹ ਸੀਰਾ, ਸਾਰਾ ਦਿਨ ਵਿਹਲਾ ਰਹਿੰਦਾ ਹੈ। ਚੰਗਾ ਖਾਂਦਾ ਹੈ। ਚੰਗਾ ਹੀ ਕੱਪੜਾ ਪਾਉਂਦਾ ਹੈ। ਤੇ ਲੋਕ ਤਾਂ ਘਰੋਂ ਹੀ ਲੈ ਜਾਂਦੇ ਨੇ ਕਾਰਾਂ, ਜੀਪਾਂ ਵਿਚ ਬਿਠਾ ਕੇ। ਕਿਸਮਤ ਦੀਆਂ ਗੱਲਾਂ ਹਨ। ਤੇ ਮੇਰੀ ਕਿਸਮਤ ?

ਇਕ ਆਹ ਘਰਵਾਲੀ, ਪਿਉ ਤਰ੍ਹਾਂ ਹੀ ਹਰੇਕ ਕੰਮ ਵਿਚ ਲੱਤ ਅੜਾਉਂਦੀ ਹੈ। ਆਖਦੀ ਹੈ, "ਤੂੰ ਰਹਿਣ ਦੇ ਮੁੰਡਾ ਪੜ੍ਹਾਉਣ ਨੂੰ। ਦੋ ਡੰਗ ਦਾਲ ਤਾਂ ਧਰ ਨਹੀਂ ਹੁੰਦੀ, ਕਿਉਂ ਔਖਾ ਹੁੰਨਾ ਏ।"

ਪੁੱਛਣ ਵਾਲਾ ਹੋਵੇ ਤਾਂ ਪੁੱਛੇ, "ਆ ਥੋੜ੍ਹਾ ਚਿਰ ਹੀ, ਫੇਰ ਜਦੋਂ ਮੁੰਡਾ ਪੜ੍ਹ ਕੇ ਕਿੱਧਰੇ ਨੌਕਰੀ 'ਤੇ ਲੱਗ ਗਿਆ ਤਾਂ। ਤਾਂ ਕਿਤੇ ਮਾਣ ਨਹੀਂ ਹੋਣਾ ਫਿਰ। ਚੌੜੀ ਹੋ ਹੋ ਬੈਠੂੰਗੀ।"

ਹੁਣ ਤਾਂ ਹਰ ਵਕਤ ਕੁੜ੍ਹਦੀ ਰਹਿੰਦੀ ਹੈ। ਪਰ, ਕੰਮ ਵੀ ਬਹੁਤ ਕਰਦੀ ਹੈ। ਸਾਰਾ ਦਿਨ ਨਾ ਟਿਕਦੀ। ਰੋਟੀ ਟੁੱਕ ਤੇ ਭਾਂਡੇ-ਟੀਂਡੇ ਦਾ ਤਾਂ ਕਰਨਾ ਹੀ ਕਰਨਾ ਹੋਇਆ। ਪਸ਼ੂਆਂ ਲਈ ਘਾਹ ਖੇਤ ਲਿਆਉਂਦੀ ਹੈ। ਮੁੰਡਾ ਤਾਂ ਕੰਮ ਨੂੰ ਹੱਥ ਨਹੀਂ ਲਗਾਉਂਦਾ। ਖੇਡਣ ਵਿਚ ਰਹਿੰਦਾ ਹੈ। ਜੇ ਘੂਰ ਦੇਵਾਂ ਤਾਂ ਕਿਤਾਬ ਚੁੱਕ ਬੈਠ ਜਾਂਦਾ ਹੈ ਤੇ ਆਖਦਾ, "ਬਾਪੂ ਮੈਂ ਪੜ੍ਹਨ ਲੱਗਾ ਆਂ।"

ਮੈਂ ਤਾਂ ਆਪ ਸੋਚਦਾ ਹਾਂ, "ਪੜ੍ਹੇ।" ਔਖਾ ਹੋਵਾਂ ਜਾਂ ਸੌਖਾ, ਮੰਗ-ਤੰਗ ਕੇ ਲਿਆਵਾਂ। ਪੜ੍ਹੇ ਤਾਂ ਸਹੀ।



ਸ਼ਾਇਦ ਸਾਡੀ ਵੀ ਜੂਨ ਬਦਲ ਜੂ ? ਖ਼ਬਰੇ ਇਹਦੀ ਕਿਸਮਤ ਨਾਲ ਈ ਸੌਖੇ ਹੋ ਜਾਈਏ। ਜੇ ਹੁਣ ਔਖੇ ਦਿਨ ਕੱਟ ਲੂ ਤਾਂ ਕੀ ਹੈ ? ਸ਼ਾਮੋ ਤਾਂ ਬਥੇਰਾ ਕਲਪਦੀ ਹੈ, "ਆਹ ਮੁੰਡਾ ਹੀ ਸਤਾਉਂਦਾ ਰਹਿੰਦਾ ਏ। ਬੀਬੀ, ਫੀਸ ਲਿਜਾਣੀ ਹੈ। ਬੀਬੀ, ਪੈਂਟ ਸੀਉਣੀ ਐ। ਬੀਬੀ, ਕਾਪੀ ਲਿਆਉਣੀ ਐ।"

ਤੇ ਮੈਂ ਕੀ ਕਰਾਂ, ਮੁੰਡੇ ਨੂੰ ਪੜ੍ਹਾਉਣਾ ਚਾਹੁੰਦਾ ਹਾਂ। ਚੁੱਪ ਰਹਿੰਦਾ ਹਾਂ, ਜੇ ਬੋਲਦਾ ਹਾਂ, ਲੜਾਈ ਹੁੰਦੀ ਹੈ। ਸ਼ਾਮੋ ਤਾਂ ਚੁੱਪ ਨਹੀਂ ਹੁੰਦੀ। ਕਹਿੰਦੀ ਹੈ, "ਆਪ ਤੜਕੇ ਨਿਕਲ ਜਾਨਾਂ ਏਂ, ਅੱਧੀ ਰਾਤ ਨੂੰ ਘਰ ਵੜਦਾ ਏਂ। ਦਿਨੇ ਕੀ ਕੀ ਹੁੰਦਾ ਏ ? ਤੂੰ ਕੀ ਜਾਣੇ। ਘਰ ਦੀਆਂ ਤਾਂ ਬੁੜ੍ਹੀਆਂ ਨੂੰ ਹੀ ਪਤਾ ਹੁੰਦਾ ਏ।"

ਬੰਦਾ ਕਿੱਧਰ-ਕਿੱਧਰ ਧਿਆਨ ਦੇਵੇ। ਏਹਦੇ ਸ਼ਾਮੋ ਦੇ ਭਰਾ-ਭਰਜਾਈਆਂ ਵੀ ਲੜਦੇ ਰਹਿੰਦੇ ਨੇ ਉਹ ਵੀ ਤਾਂ ਮੇਰੇ ਵਰਗੇ ਹੀ ਨੇ। ਆਵਦੇ-ਆਵਦੇ ਘਰ ਸਭ ਔਖਾ ਏ। ਸਾਰੀ ਦੁਨੀਆਂ ਈ ਦੁਖੀ ਏ। ਤੇ ਮੇਰੇ ਵਰਗੇ ਤੋਂ ਸੀਰਪੁਣਾ ਕਰਨਾ ਕਿਹੜਾ ਸੌਖਾ ਏ। ਬਹੁਤ ਭੈੜੀ ਜੂਨ ਏ। ਸਾਲ ਦਾ ਪੰਦਰਾਂ-ਸੋਲ੍ਹਾਂ ਹਜ਼ਾਰ। ਉਹ ਵੀ ਤਾਂ ਅੱਧ ਤੋਂ ਬਹੁਤਾ, ਪਹਿਲਾਂ ਹੀ ਲੈ-ਲੈ ਕੇ ਖਾ ਜਾਂਦਾ ਏ। ਤੇ ਅਗਲੇ ਕਹਿੰਦੇ ਰਹਿੰਦੇ ਨੇ, "ਔਹ ਵੀ ਕੰਮ ਸੀਰੀ ਤੋਂ ਕਰਵਾ ਲੋ। ਆ ਵੀ, ਐ ਵੀ.....। ਸੀਰੀ ਨੂੰ ਬੰਦਾ ਹੀ ਨਹੀਂ ਸਮਝਦੇ। ਜੁਆਕਾਂ ਦਾ ਗੂੰਹ ਸੁਟਾਉਣ ਤੱਕ ਜਾਂਦੇ ਨੇ ਅਗਲੇ। ਦਿਨ-ਰਾਤ ਕੰਮ ਕਰਕੇ ਵੀ ਕੋਈ ਹਾਲ ਨਹੀਂ ਹੈ। ਜੇ ਘਰੇ ਪ੍ਰਾਹੁਣਾ ਆ ਜਾਵੇ ਤਾਂ ਬਸ....।"

ਸੀਰਾ ਤਾਂ ਅਕਸਰ ਆਉਂਦਾ ਰਹਿੰਦਾ ਹੈ। ਮੇਰੇ ਨਾਲ ਤਾਂ ਮੋਹ ਵੀ ਬਹੁਤ ਕਰਦਾ ਹੈ। ਮੈਂ ਵੀ ਨਿੱਕਾ ਹੁੰਦਾ ਭੂਆ ਕੋਲ ਹੀ ਰਿਹਾ ਸੀ। ਅਸੀਂ ਲੁਕਣ-ਮੀਟੀ ਖੇਡਣਾ। ਉੱਠਣ-ਬੈਠਣ ਖੇਡਣਾ।

ਹੁਣ ਤਾਂ ਆਹ ਕੰਮ ਤੋਂ ਹੀ ਅੱਧੀ ਰਾਤ ਹੋ ਜਾਂਦੀ ਹੈ। ਆ ਘਰ ਪਹੁੰਚੇ ਜੇ ਅੱਗੇ ਸੀਰਾ ਬੈਠਾ, ਸ਼ਾਮੋ ਨਾਲ ਗੱਲਾਂ ਕਰਦਾ ਵੇਖ ਲਵਾਂ ਤਾਂ ਮਨ ਬਾਗੋ ਬਾਗ, ਕਿ ਹੁਣ ਹੱਸਾਂ ਖੇਡਾਂਗੇ। ਤੇ ਘਰ ਅੰਦਰ ਪਹੁੰਚੇ ਨੂੰ ਵੇਖ ਹੀ ਆਖਦਾ, "ਆ ਬਾਈ, ਆ ਗਏ। ਨਬੇੜ ਆਂਦਾ ਕੰਮ। ਹੋਰ ਸੁਣਾ ਕੇਹੋ ਜੇਹਾ ਹਾਲ-ਬਾਲ ਏ।"

ਉਸ ਘੁਟ ਕੇ ਜੱਫੀ ਪਾ ਲਈ ਸੀ। ਮੈਂ ਵੀ ਕਿੰਨਾ ਚਿਰ ਘੁੱਟੀ ਰੱਖਿਆ। ਮੋਹ ਸੀ, ਪਿਆਰ ਸੀ। ਫਿਰ ਆਪਣੇ ਹਾਲ-ਬਾਲ ਦਾ ਪਤਾ ਦਿੱਤਾ। ਤੇ, ਭੂਆ-ਫੁੱਫੜ ਦਾ ਪੁੱਛਿਆ। ਫਿਰ ਘਰ ਦੀ ਕੱਢੀ ਦੀ ਬੋਤਲ ਖੋਲ੍ਹ ਲਈ। ਵਾਹਵਾ ਗਈ ਰਾਤ ਤੱਕ ਪੀਂਦੇ ਰਹੇ। ਜਦ ਸਾਰੀ ਮੁੱਕੀ, ਤਦ ਹੀ ਰੋਟੀ ਖਾਧੀ। ਸੀਰਾ ਤਾਂ ਬਹੁਤੀ ਪੀ ਕੇ ਸਹੀ ਬੋਲਣਾ ਵੀ ਭੁੱਲ ਗਿਆ ਸੀ। ਕਮਲ ਮਾਰਨ ਲੱਗਾ। ਸ਼ਾਮੋ ਨੂੰ ਰੋਟੀ ਲਿਆਉਣ ਲਈ ਕਿਹਾ ਸੀ ਤਾਂ ਅੱਗੋਂ ਪਟਾਕੇ ਦੇ ਭੜਾਕੇ (ਆਵਾਜ਼) ਤਰ੍ਹਾਂ ਬੋਲੀ ਸੀ, "ਕਿੱਥੋਂ ਖੁਆਵਾਂ ਲੰਗੋਰੇ (ਰੋਟੀ) ਕੋਈ ਫਿਕਰ ਹੈ ? ਦੁਪਹਿਰ ਦੀਆਂ ਮਸਾਂ ਪੱਕੀਆਂ ਸੀ। ਇਹ ਸਾਰੀ ਕਬੀਲਦਾਰੀ ਮੇਰੀ ਤਾਂ ਨਹੀ।"

ਉਸ ਸਮੇਂ, ਮੈਂ ਵੀ ਅੱਗੋਂ ਟੁਟ ਕੇ ਪੈ ਗਿਆ ਸੀ, "ਕਿੱਥੋਂ ਲਿਆਵਾਂ ਹੁਣ ਆਟਾ ! ਐਸ ਵੇਲੇ ਕਿਹੜੇ ਪਿਉ ਦੀ ਚੱਕੀ ਖੁੱਲ੍ਹੀ ਐ ?"

"ਚੰਗਾ, ਮੈਂ ਵੀ ਆ ਬੈਠੀ ਆ। ਕਿਥੋਂ ਲਿਆ ਕੇ ਖੁਆਵਾਂ ਲੰਗੋਰੇ। ਏਥੇ ਤਾਂ ਇਹੋ ਤਮਾਸ਼ਾ ਬਣਿਆ ਰਹਿੰਦਾ ਏ।"

ਸੀਰਾ ਚੁੱਪ ਸੀ। ਬਿਲਕੁਲ ਨਾ ਬੋਲਿਆ। ਮੈਨੂੰ ਤਾਂ ਇੰਝ ਲੱਗਿਆ ਸੀ, ਜਿਵੇਂ ਉਸਦਾ ਨਸ਼ਾ ਵੀ ਲੱਥ ਗਿਆ ਸੀ। ਆਖਰ ਭੱਠ ਤਾਂ ਝੋਕਣਾ ਹੀ ਸੀ। ਢਿੱਡ ਨੂੰ ਤਾਂ ਫੂਕਣਾ ਹੀ ਸੀ। ਫਿਰ ਬਿਸ਼ਨੇ ਕੇ ਗਿਆ। ਆਟਾ ਲਿਆਂਦਾ। ਜਿੰਨਾ ਦਾ ਸੀਰਪੁਣਾ ਕਰੀਏ, ਉਥੇ ਹੀ ਜਾਣਾ ਹੋਇਆ। ਫ਼ਿਰ ਕਈ ਸਾਲ ਲੰਘ ਗਏ ਸੀ। ਸੀਰਾ ਨਾ ਆਇਆ। ਜੇ ਆਇਆ ਤਾਂ ਰਾਤ ਨਾ ਰਿਹਾ। ਬਾਹਰ ਖੇਤਾਂ ਵਿਚ ਹੀ ਮੈਨੂੰ ਮਿਲ ਲੈਣਾ। ਉਥੇ ਹੀ ਘੁੱਟ-ਘੁੱਟ ਪੀ ਲੈਣੀ ਰਲ ਮਿਲ ਕੇ। ਹੱਸ ਲੈਣਾ। ਜੇ ਜ਼ਿਆਦਾ ਪੀਤੀ ਜਾਣੀ ਤਾਂ ਮੈਥੋਂ ਘਰ ਪਹੁੰਚਣ ਵਿਚ ਕੁਵੇਲਾ ਹੋ ਜਾਂਦਾ ਸੀ। ਤਾਂ ਅੱਗੋਂ ਸ਼ਾਮੋ ਵੀ ਬੂਹੇ ਵਿਚ ਹੀ ਖੜੋਤੀ ਹੁੰਦੀ ਸੀ। ਮੈਨੂੰ ਵੇਖ, ਸ਼ੁਰੂ, "..ਕਿਉਂ, ਆ ਗਿਆ ਚੇਤਾ ਘਰ ਦਾ ? ਕੀ ਕਰਨਾ ਆ ਕੇ ! ਉਥੇ ਹੀ ਰਹਿ ਪਿਆ ਕਰ। ਇਕ ਰਾਤ ਕੱਟਣੀ ਏ। ਕੀ ਲੋੜ ਏ ਘਰ ਵੱਲ ਧਿਆਨ ਦੇਣ ਦੀ। ਜਿਥੇ ਸ਼ਰਾਬ ਪੀਨਾ ਏ, ਉੱਥੇ ਰੋਟੀ ਖਾ, ਉਥੇ ਈ ਮੰਜਾ

ਬਿਸਤਰ ਮੰਗ ਲਿਆ ਕਰ। ਘਰ ਤੋਂ ਕੀ ਲੈਣਾ ਏ..?"

ਜੇਕਰ ਮੈਂ ਸੀਰੇ ਦੇ ਆਏ ਹੋਣ ਦਾ ਦੱਸ ਦੇਣਾ ਤਾਂ ਹੋਰ ਅੱਗ ਭਬੂਕਾ ਹੋ ਮੱਚ ਜਾਣਾ। ਉੱਚੀ ਉੱਚੀ ਬੋਲਣਾ ਸ਼ੁਰੂ, "..ਉਸਦਾ ਕੀ ਏ, ਵਿਹਲੜ ਏ ਉਹ ਤਾਂ। ਉਹ ਤਾਂ ਤੁਰਿਆ ਫਿਰਦਾ ਰਹਿੰਦਾ ਏ। ਨਾ ਰੰਨ, ਨਾ ਕੰਨ। ਤੂੰ ਤਾਂ ਕਬੀਲਦਾਰ ਏਂ। ਕੁਝ ਅਕਲ ਸਿੱਖ ਲੈ। ਜੇ ਅਕਲ ਆਵਦੇ ਕੋਲ ਨਾ ਹੋਵੇ ਤਾਂ ਦੂਜੇ ਤੋਂ ਲੈ ਲਵੇਂ।"

ਮੈਂ ਘਰ ਤੋਂ ਵੀ ਤੰਗ ਹੋ ਗਿਆ ਸੀ। ਬਿਸ਼ਨੇ ਤੋਂ ਸਾਲ ਦੇ ਰੁਪਏ ਤਾਂ ਪਹਿਲਾਂ ਹੀ ਖਾ-ਪੀ ਲਏ ਜਾਂਦੇ ਸੀ। ਮਸਾਂ ਹੀ ਡੰਗ ਲੰਘਦਾ। ਆ ਕੁੜੀਆਂ ਵੀ ਮੇਰੇ ਬਰੋਬਰ ਤੁਰੀਆਂ ਆਉਂਦੀਆਂ ਸਨ। ਉਨ੍ਹਾਂ ਨੂੰ ਵਿਆਹੁਣ ਦਾ ਫ਼ਿਕਰ ਹੁੰਦਾ ਸੀ। ਦਿਨ ਤਾਂ ਲੰਘਦੇ ਜਾਂਦੇ ਹਨ। ਪਰ ਕਿਹੜਾ ਦਿਨ ਸੀ, ਜਿਸ ਦਿਨ ਨਾ ਲੜਾਈ ਹੋਵੇ। ਹਰ ਰੋਜ਼ ਹੀ ਲੜਾਈ। ਮੈਂ ਅੱਕ ਕੇ ਸ਼ਾਮੋ ਦੇ ਚਾਰ ਚਪੇੜਾਂ ਮਾਰ ਦੇਂਦਾ ਸਾਂ ਤਾਂ ਲੜਾਈ ਵੇਖਣ ਆਂਢ-ਗੁਆਂਢ ਇਕੱਠਾ ਹੋ ਜਾਂਦਾ ਸੀ। ਲੋਕ ਵੀ ਅੱਕ ਗਏ ਲੱਗਦੇ ਸਨ। ਕਈ ਸੁਣੇ ਸਨ ਇਹ ਕਹਿੰਦੇ ਕਿ "ਇਹਨਾਂ ਦਾ ਤਾਂ ਰੋਜ਼ ਦੀ ਕੰਜਰਖਾਨਾ ਏ।"

ਵੱਡੀ ਕੁੜੀ ਨੂੰ ਕਈ ਘਰ ਵੇਖ ਗਏ ਸਨ। ਕਿਸੇ ਨੇ 'ਹਾਂ' ਨਹੀਂ ਸੀ ਸੁਣਾਈ। ਕਈ ਨਖਰੇ ਕਰਦੇ, ਜਿਵੇਂ ਵੀਹ ਕਿੱਲਿਆਂ ਦੇ ਮਾਲਕ ਹੋਣ। ਪਰ, ਉਹ ਵੀ ਤਾਂ ਮੇਰੇ ਤਰ੍ਹਾਂ ਸੀਰੀ ਦਾ ਕੰਮ ਹੀ ਕਰਦੇ ਸਨ, ਜਾਂ ਫਿਰ ਮੁੰਡਾ, ਮੰਡੀ ਦਾ ਟਰੈਕਟਰ ਚਲਾਉਂਦਾ ਹੁੰਦਾ ਸੀ।

ਕਈ ਆਏ ਸੀ। ਤੇ ਸਿਰ ਫੇਰ ਤੁਰਦੇ ਬਣੇ ਸਨ। ਜਿਨ੍ਹਾਂ ਨੇ ਹਾਂ ਕੀਤੀ ਸੀ, ਜਿਸ ਦਿਨ ਉਹਨਾਂ ਆਉਣਾ ਸੀ, ਤਾਂ ਸ਼ਾਮੋ ਕਹਿ ਰਹੀ ਸੀ, "ਲੈ, ਆ ਲੈਣ ਦੇ। ਮੇਰਾ ਫੁੱਫੜ ਐ ਵਿਚਕਾਰ। ਇਹ ਤਾਂ ਸਾਕ ਸਿਰੇ ਚੜ੍ਹ ਈ ਜਾਣੈ।" ਸੱਚ ਹੀ ਰਿਸ਼ਤਾ ਪੱਕਾ ਹੋ ਗਿਆ ਸੀ। ਛੇ ਮਹੀਨੇ ਬਾਅਦ ਹੀ ਵਿਆਹ ਦੀ ਤਰੀਕ ਮੰਗਣ ਲੱਗ ਗਏ ਸਨ। ਮੈਂ ਤਾਂ ਨਾਂਹ ਕਰ ਰਿਹਾ ਸਾਂ। ਮੇਰੇ ਕੋਲ ਗੁੰਜਾਇਸ਼ ਨਹੀਂ ਸੀ ਵਿਆਹ ਦੇ ਖਰਚੇ ਲਈ। ਪਰ, ਉਹਨਾਂ ਅੜੀ ਕੀਤੀ। ਅਖੀਰ ਧੀ ਦਾ ਪਿਉ ਸਾਂ, ਮੰਨ ਕੇ ਵਿਆਹ ਬੰਨ੍ਹ ਦਿੱਤਾ। ਬਿਸ਼ਨ ਸਿੰਹੁ ਤੋਂ ਚਾਰ ਹਜ਼ਾਰ ਨਗਦ ਫੜਿਆ। ਸਮਾਨ ਹੱਥ-ਉਧਾਰ ਲਿਆਂਦਾ ਸੀ। ਤੇ ਸੀਰੇ ਦੇ ਕਹਿਣ ਤੇ ਘਰੇ ਹੀ ਘੜਾ ਪਾ ਲਿਆ ਸੀ। ਘਰ ਦੀ ਕੱਢੀ ਦਾਰੂ ਤਾਂ ਕਮਾਲਾਂ ਹੀ ਸੀ। ਲਪਟਾਂ ਛੱਡਦੀ ਸੀ। ਅੱਗ ਲਾਇਆ ਅੱਗ ਲੱਗਦੀ ਸੀ।

ਪਰ, ਵਿਆਹ ਨੇ ਕਰਜ਼ਈ ਕਰ ਦਿੱਤਾ। ਘਰ ਵਿਚ ਹੋਰ ਕਲੇਸ਼ ਵਧ ਗਿਆ ਸੀ। ਸ਼ਾਮੋ ਦੇ ਫੁੱਫੜ ਦਾ ਰਿਸ਼ਤਾ ਕਰਵਾਇਆ ਹੋਣ ਕਰਕੇ ਮੈਨੂੰ ਚੁੱਪ ਰਹਿਣਾ ਜ਼ਰੂਰੀ ਹੋ ਜਾਂਦਾ ਸੀ। ਕੁੜੀ ਵਲੋਂ ਤਾਂ ਕੋਈ ਦੁੱਖ-ਤਕਲੀਫ਼ ਨਹੀਂ ਸੀ ਸੁਣਨ ਨੂੰ ਮਿਲੀ। ਉਹ ਤਾਂ ਛੋਟੀ ਦਾ ਰਿਸ਼ਤਾ ਵੀ ਕਈ ਵਾਰ ਮੰਗ ਗਏ ਸਨ। ਮੈਂ ਤਾਂ ਸੋਚਦਾ ਸੀ ਇਹ ਮੁੰਡਾ ਪੜ੍ਹ ਜਾਵੇ। ਸੀਰਾ ਲੀਡਰ ਬੰਦਾ ਹੈ। ਉਹ ਤਾਂ ਵੋਟਾਂ ਵਿਚ ਖੜਣ ਨੂੰ ਫਿਰਦਾ ਸੀ, ਉਸ ਨੇ ਗੱਲ ਦੱਸੀ ਸੀ ਮੈਨੂੰ। ਤਾਂ ਮੈਂ ਸੋਚਿਆ ਸੀ ਕਿ ਜੇ ਸੀਰਾ ਜਿੱਤ ਗਿਆ ਤਾਂ ਫਿਰ ਵਾਰੇ ਨਿਆਰੇ ਹੋ ਜਾਣਗੇ। ਮੁੰਡੇ ਨੂੰ ਕਿਧਰੇ ਕੋਈ ਨਿੱਕੀ ਜਿਹੀ ਹੀ ਨੌਕਰੀ ਮਿਲ ਜਾਵੇ।

ਇਕ ਦਿਨ ਸਵੇਰੇ ਸਵੇਰੇ ਹੀ ਲੜਾਈ ਸ਼ੁਰੂ ਹੋ ਗਈ ਸੀ। ਖੰਡ ਵਾਲੀ ਪੀਪੀ ਖਾਲੀ ਸੀ। ਸਵੇਰ ਦੀ ਚਾਹ ਵੀ ਨਾ ਬਣ ਸਕੀ। ਤੇ ਮੈਂ ਕਹਿ ਦਿੱਤਾ ਸੀ, "ਆ ਸਵੇਰੇ ਈ ਟਾਊਂ-ਟਾਊਂ ਕਰੀਂ ਜਾਨੀ ਏਂ ਆ ਚੇਤਾ ਤਾਂ ਤੂੰ ਰੱਖਣਾ ਏ। ਚੁੱਲ੍ਹੇ ਚੌਕੇ ਦੀ ਚੀਜ਼-ਵਸਤ ਮੁੱਕੀ ਏ ਜਾ ਹੈਗੀ ਏ, ਮੈਨੂੰ ਕੀ ਪਤਾ। ਇਹ ਤਾਂ ਜ਼ਨਾਨੀ ਨੂੰ ਈ ਪਤਾ ਹੁੰਦਾ ਏ।"

ਸਵੇਰੇ-ਸਵੇਰੇ ਹੀ ਸੀਰਾ ਆ ਗਿਆ ਸੀ। ਸਾਡੇ ਸਾਰੇ ਟੱਬਰ ਦੇ ਚਿਹਰੇ ਢਿਲਕੇ ਹੋਏ ਸਨ। ਸਭ ਤੇ ਸਭ ਅਸੀਂ ਇਕ ਦਮ ਚੁੱਪ। ਬੁੱਤ ਹੀ ਬਣ ਗਏ ਸਾਂ। ਉਸ ਪੁੱਛ ਹੀ ਲਿਆ, "ਕਿਉਂ ਭਾਬੀ, ਕੀ ਗੱਲ ਐ ? ਇਉਂ ਲੱਗਦੈ ਜਿਵੇਂ ਲੜੇ ਹੁਨੇ ਐ...?"



ਸ਼ਾਮੋ ਚੁੱਪ। ਕਿੰਨਾ ਚਿਰ ਚੁੱਪ ਹੀ ਰਹੀ। ਫ਼ਿਰ ਦੱਸਿਆ ਤੇ ਨਾਲ ਹੀ ਹੋਰ ਗੱਲਾਂ ਕਰਨ ਲੱਗੇ। ਉਸ ਨੇ ਕੁਝ ਰੁਪੇ ਦਿੱਤੇ ਤਾਂ ਖੰਡ ਲਿਆਂਦੀ ਹੱਟੀ ਤੋਂ। ਗੱਲਾਂ-ਗੱਲਾਂ ਵਿਚ ਦਾਰੂ ਪੀਣ ਦੀਆਂ ਗੱਲਾਂ ਸ਼ੁਰੂ ਹੋ ਗਈਆਂ ਸਨ। ਸੀਰਾ ਕਹਿ ਰਿਹਾ ਸੀ, "ਪੀਣ ਦੀ ਗੱਲ ਕਰਦਾ ਏਂ, ......।"

ਮੈਨੂੰ ਉਸ ਦਾ ਕਿਹਾ ਸਮਝ ਵਿਚ ਨਾ ਆਇਆ। ਦੁਬਾਰਾ ਪੁੱਛਿਆ। ਉਸ ਸਮਝਾਇਆ, "ਲੈ! ਆਪਾਂ ਨੂੰ ਐੱਮ.ਐੱਲ.ਏ. ਦੀ ਟਿਕਟ ਮਿਲ ਗਈ ਏ।"

ਤੇ ਮੈਂ ਮਹੀਨੇ ਦੇ ਦਿਨਾਂ ਤੋਂ ਵੱਧ ਦਿਨ ਭੱਜਿਆ ਫਿਰਦਾ ਰਿਹਾ ਸਾਂ। ਕਦੇ ਏਧਰ। ਕਦੇ ਉਧਰ। ਸ਼ਾਮੋ ਖੁਸ਼ ਸੀ। ਇਕ ਦਿਨ ਉਸ ਕਿਹਾ ਸੀ, "ਲੈ, ਮੈਂ ਤਾਂ ਆਪ ਆਂਹਨੀ ਆਂ, ਆਵਦਾ ਬਣੇ ਸਹੀ, ਮੇਰੇ ਵਰਗਿਆਂ ਨੂੰ ਵੀ ਫੈਦਾ ਹੋਊ। ਖ਼ਬਰੇ, ਜੂਨ ਸੁਧਰ ਜਾਵੇ।"

ਸੀਰਾ ਜਿੱਤ ਗਿਆ ਸੀ। ਤੇ ਖੁਸ਼ੀ ਵਿਚ ਰੱਜ ਕੇ ਦਾਰੂ ਪੀਤੀ ਸੀ। ਏਧਰ ਬਿਸ਼ਨ ਸਿੰਹੁ ਔਖਾ ਸੀ ਕਿ ਮੈਂ ਉਸ ਦਾ ਕੰਮ ਕਰਾਂ। ਕੰਮ ਤਾਂ ਸਿਰ ਦੇ ਉੱਤੇ ਚੜ੍ਹ ਗਿਆ ਸੀ। ਉਹ ਸੱਚੀ ਹੀ ਕਹਿੰਦਾ ਸੀ।

ਜਦੋਂ ਭੋਲੇ ਦੇ ਪੇਪਰ ਆਏ ਤਾਂ ਉਹ ਹਰ ਰੋਜ਼ ਕਹਿਣ ਲੱਗਾ, "ਬਾਪੂ-ਬਾਪੂ! ਮੁੰਡੇ ਆਂਹਦੇ ਨੇ ਅੱਠਵੀਂ ਦੇ ਪੇਪਰ ਔਖੇ ਨੇ। ਕੋਈ ਨਕਲ ਮਾਰਨ ਲਈ ਹੀ ਸਿਫਾਰਸ਼ ਪਵਾ ਦੇ ਚਾਚੇ ਸੀਰੇ ਦੀ ?" ਪਰ, ਮੈਂ ਤਾਂ ਇਹ ਕਿਹਾ ਸੀ, "ਐਂ ਨਕਲ ਤੋਂ ਬਿਨਾਂ ਪੇਪਰ ਨਹੀਂ ਹੋ ਸਕਦੇ।" ਤੇ ਸਮਝਾਇਆ ਵੀ ਸੀ, "ਪੜ੍ਹਿਆ ਕਰ। ਆਪਣੇ ਆਪ ਹੀ ਪੜ੍ਹਣਾ ਚਾਹੀਦਾ ਏ। ਮਨੀਟਰ ਤੋਂ ਕੁਝ ਪੁੱਛ ਲਿਆ ਕਰ। ਉਹਨਾਂ ਤੋਂ ਕੁਝ ਸਿੱਖ ਲੈ ?"

ਮੁੰਡੇ ਨੇ ਪੇਪਰ ਦਿੱਤੇ। ਨਤੀਜਾ ਫੇਲ੍ਹ ਆਇਆ। ਘੂਰਿਆ ਕੁੱਟਿਆ। ਅੱਗੋਂ ਰੋ-ਰੋ ਕਹਿ ਰਿਹਾ ਸੀ, "ਬਾਪੂ! ਉਹੀ ਪਾਸ ਹੋਏ ਨੇ ਜਿਨ੍ਹਾਂ ਦੀਆਂ ਟੂਸ਼ਨਾਂ ਰੱਖੀਆਂ ਸੀ। ਤੂੰ ਮੈਨੂੰ ਨਾ ਟੂਸ਼ਨ ਲਾਇਆ। ਨਾ ਹੀ ਕੋਈ ਨਕਲ ਲਈ ਸਿਫਾਰਸ਼ ਕੀਤੀ।"

"ਪੜ੍ਹਾਉਂਦਾ ਤੈਨੂੰ ਟੂਸ਼ਨੇ। ਆਪ ਪੜ੍ਹੋ। ਪੜ੍ਹਨ ਤੋਂ ਡਰ ਲੱਗਦਾ ਏ।" ਖਿੱਝ ਕੇ ਹੋਰ ਚਪੇੜਾਂ ਜੜ ਦਿੱਤੀਆਂ ਸਨ। ਸ਼ਾਮੋ ਵੀ ਬੋਲ ਰਹੀ ਸੀ, "ਐਸ ਘਰੇ ਡੋਬਣਾ ਸੀ ਮੈਨੂੰ..। ਆ ਘਰ ਲੱਭਿਆ। ਨਾ ਚੁੱਲ੍ਹੇ ਅੱਗ ਬਲਦੀ ਏ ਚੱਜ ਨਾਲ। ਤੇ ਆ ਛੀ ਜੁਆਕ ਜੰਮ ਦਿੱਤੇ ਨੇ। ਤੇ ਆਂਹਦਾ ਏ ਏਹਨੂੰ ਪੜ੍ਹਾਉਣਾ ਏ। ਲੈ ਪੜ੍ਹਾ ਲੈ ਏਹਨੂੰ ਹੋ ਗਿਆ ਏ ਫੇਲ੍ਹ।" ਨਾ ਚੁੱਪ ਹੋਈ ਤਾਂ ਕੁਟਤੀ। ਗੁੱਸੇ ਵਿਚ ਅਜਿਹੀ ਵੱਜੀ ਕਿ ਸ਼ਾਮੋ ਤਾਂ ਪੈਰ ਤੋਂ ਲੰਗ ਮਾਰ ਕੇ ਤੁਰਨ ਲੱਗੀ ਸੀ ਕਈ ਦਿਨ।

ਮਨ 'ਤੇ ਪੱਥਰ ਰੱਖ ਕੇ ਭੋਲੇ ਨੂੰ ਪਸ਼ੂਆਂ ਮਗਰ ਹੇ-ਹੇ ਕਰਨ ਲਾਉਣਾ ਹੀ ਪੈ ਗਿਆ ਸੀ। ਜਦ ਮੈਂ ਇਸ ਭੋਲੇ ਦੀ ਉਮਰ ਦਾ ਸਾਂ ਤਾਂ ਮੈਂ ਵੀ ਪਸ਼ੂਆਂ ਮਗਰ ਹੇ-ਹੇ ਕਰਨ ਜਾਂਦਾ। ਪਰ, ਮਨ ਪੜ੍ਹਨ ਨੂੰ ਕਰਦਾ ਹੁੰਦਾ ਸੀ। ਬਾਪੂ ਨੇ ਸਕੂਲ ਨਾ ਭੇਜਿਆ। ਤੇ ਏਹਨੂੰ ਮੈਂ ਪੜ੍ਹਾਉਂਦਾ ਸੀ, ਇਹ ਨਹੀਂ ਪੜ੍ਹਿਆ।

ਕਈਆਂ ਉਲ੍ਹਾਮੇ ਦਿੱਤੇ ਸਨ। ਭੋਲੇ ਦੀਆਂ ਕਰਤੂਤਾਂ ਦੱਸੀਆਂ ਸਨ। ਭੋਲੇ ਨੇ ਪਸ਼ੂ ਚਰਨੇ ਛੱਡ, ਤਾਸ਼ ਖੇਡਣੀ, ਸਿਗਰਟਾਂ ਪੀਣੀਆਂ ਅਜਿਹੇ ਭੈੜੇ ਕੰਮ ਸ਼ੁਰੂ ਕਰ ਦਿੱਤੇ ਸਨ ਤਾਂ ਇਹ ਸੁਣ ਕੇ ਹੋਰ ਗੁੱਸਾ ਆਇਆ ਸੀ ਮਨ ਵਿਚ। ਇਕ ਦਿਨ ਭੋਲੇ ਨੂੰ ਕੁੱਟ ਵੀ ਦਿੱਤਾ ਸੀ। ਪਰ, ਉਹ ਤਾਂ ਢੀਠ ਹੋ ਗਿਆ ਲੱਗਿਆ। ਕੁੱਟ ਦਾ ਅਸਰ ਹੀ ਨਹੀਂ ਸੀ ਉਸ 'ਤੇ।

ਪਿੰਡ ਵਿਚ ਖੇਡਾਂ ਸਨ। ਮੈਨੂੰ ਪਤਾ ਲੱਗਾ ਕਿ ਸੀਰਾ ਆ ਰਿਹਾ ਏ। ਉਹ ਜਦੋਂ ਦਾ ਜਿੱਤਿਆ ਏ ਵੋਟਾਂ ਵਿਚੋਂ, ਉਸ ਤੋਂ ਬਾਅਦ ਉਹ ਮੇਰੇ ਕੋਲ ਆਇਆ ਹੀ ਨਹੀਂ ਸੀ। ਮੈਂ ਦੋ ਤਿੰਨ ਵਾਰ ਭੂਆ ਕੋਲ ਗਿਆ ਵੀ ਸੀ। ਪਰ, ਸੀਰਾ ਨਹੀਂ ਸੀ ਮਿਲਿਆ ਮੈਨੂੰ। ਕਈ ਮਹੀਨੇ ਲੰਘ ਗਏ ਸਨ।

ਖੇਡਾਂ ਵਿਚ ਦੋ ਦਿਨ ਬਾਕੀ ਸਨ, ਭੋਲੇ ਨੇ ਵੀ ਦੱਸਿਆ ਸੀ, "ਬਾਪੂ! ਸੀਰਾ ਚਾਚਾ ਆ ਰਿਹਾ ਏ ਖੇਡਾਂ 'ਤੇ।" ਮੈਂ ਖੁਸ਼ ਹੋਇਆ ਸਾਂ। ਸੋਚਿਆ ਸੀ, ਚਲੋ ਹੁਣ ਮਿਲਾਂਗੇ ਵੱਡੇ ਲੀਡਰ ਨੂੰ। ਖੇਡਾਂ ਵਾਲੇ ਦਿਨ ਤੋਂ ਪਹਿਲਾਂ ਹੀ ਗੁਰਦਵਾਰੇ ਦੇ ਭਾਈ ਨੇ ਹੋਕਾ ਦਿੱਤਾ ਸੀ, "ਭਾਈ ਨਗਰ ਵਾਸੀਓ, ਸਵੇਰੇ ਸਾਰੇ ਨਗਰ ਨੇ ਖੇਡਾਂ ਵੇਖਣੀਆਂ ਨੇ। ਵੱਡਾ ਪ੍ਰੋਗਰਾਮ ਏ। ਆਪਣੇ ਲੀਡਰ ਜਗਸੀਰ ਸਿੰਹੁ, ਐੱਮ.ਐੱਲ.ਏ. ਸਾਹਿਬ

ਉਦਘਾਟਨ ਕਰਨ ਆ ਰਹੇ ਹਨ।"

ਤਾਂ ਸੋਚਿਆ ਸੀ....। ਹੁਣ ਤਾਂ ਮੇਲੇ ਹੋਣਗੇ। ਰਾਤ ਦੀ ਰੋਟੀ ਖਾਣ ਸਮੇਂ ਗੱਲਾਂ ਤੁਰ ਪਈਆਂ ਸਨ। "ਸ਼ਾਮੋ ! ਸਵੇਰੇ ਸੀਰਾ ਆ ਰਿਹਾ ਏ। ਹੁਣ ਗੱਲ ਕਰੂ ਉਹਦੇ ਨਾਲ। ਵੱਡੇ ਨਾਢੂ ਖਾਂ ਨਾਲ। ਬਸ ! ਐਨਾ ਹੀ ਮੋਹ ਸੀ। ਭੁੱਲ ਗਿਆ। ਆ ਭੋਲੇ ਨੂੰ ਸੱਤ ਜਮਾਤਾਂ ਮਸਾਂ ਪਾਸ ਕਰਵਾਈਆਂ। ਅੱਗੇ ਤਾਂ ਇਹ ਪੜ੍ਹਨ ਈ ਨਾ ਲੱਗਿਆ। ਮਾਸਟਰਾਂ ਨੇ ਈ ਕਹਿ ਦਿੱਤਾ ਸੀ, ਇਹਨੇ ਨ੍ਹੀਂ ਪੜ੍ਹਨਾ। ਇਹ ਪੜ੍ਹਨ ਵਾਲਾ ਹੀ ਬੱਚਾ ਈ ਨੀ। ਪਰ ਮੈਂ ਤਾਂ ਸੋਚਿਆ ਸੀ, ਖਬਰੇ ਕਿੱਧਰੇ ਕੋਈ ਨਿੱਕੀ ਜਿਹੀ ਨੌਕਰੀ ਈ ਲੈ ਦਿਉ ਸੀਰਾ ਬਾਈ।"

ਮੈਂ ਬੋਲੀ ਹੀ ਜਾ ਰਿਹਾ ਸਾਂ। ਕਮਲਿਆ ਦੇ ਬੋਲਣ ਤਰ੍ਹਾਂ। ਸ਼ਾਮੋ ਤਾਂ ਚੁੱਪ ਹੀ ਬੈਠੀ ਸੀ। ਜਵਾਂ ਭੂੰਨ ਵੱਟਾਂ। ਜਿਵੇਂ ਮੂੰਹ ਈ ਸਿਉਂਤਾ ਗਿਆ ਹੋਵੇ। ਮੈਨੂੰ ਰਾਤ ਮਸਾਂ ਦੇਣੇ ਲੰਘੀ। ਦਿਨ ਚੜ੍ਹਿਆ ਤਾਂ ਵੇਖਿਆ, ਸਕੂਲ ਵਾਲੇ ਪਾਸੇ ਲੋਕ ਜਾ ਰਹੇ ਸਨ। ਮੈਂ ਵੀ ਗੇੜਾ ਲਾ ਕੇ ਵੇਖਿਆ, ਤਿਆਰੀਆਂ ਕਰਨ ਵਾਲੇ ਰੁਝੇ ਹੋਏ ਸਨ। ਕਿਧਰੇ ਰੰਗ-ਬਰੰਗੀਆਂ ਝੰਡੀਆਂ। ਕਿੱਧਰੇ ਚਿੱਟੀ-ਚਿੱਟੀ ਕਲੀ।

ਸੀਰਾ ਆ ਗਿਆ ਸੀ। ਉਹ ਤਾਂ ਪਛਾਣ ਵਿਚ ਨਾ ਆਇਆ ਮੇਰੇ। ਮੋਟਾ ਈ ਬਲਾ ਹੋ ਗਿਆ ਸੀ। ਵੱਡਾ ਸਾਰਾ ਢਿੱਡ ਹੋਇਆ ਹੋਇਆ ਸੀ। ਉਸਨੇ ਸਟੇਜ 'ਤੇ ਲਾਲ-ਲਾਲ ਰੀਬਨ ਕੱਟਿਆ ਸੀ। ਮੈਂ ਤਾਂ ਦੂਰੋਂ ਹੀ ਵੇਖੀ ਜਾ ਰਿਹਾ ਸਾਂ। ਮਿਲਣ ਲਈ ਨੇੜ ਨੂੰ ਹੋਇਆ ਤਾਂ ਅੱਗੋਂ ਪੁਲਸ ਵਾਲੇ ਔਖੇ-ਭਾਰੇ ਹੋਣ ਲੱਗੇ ਸਨ। ਇਕ ਨੇ ਕਹਿ ਦਿੱਤਾ, "ਕਿੱਧਰ ਮੂੰਹ ਚੁੱਕਿਆ ਏ। ਐਧਰ ਜਾ ਪਰੇ...।"

ਤਾਂ ਗੁੱਸਾ ਬੜਾ ਆਇਆ ਸੀ। ਪਰ ਚੁੱਪ ਹੀ ਰਿਹਾ। ਮਨੋਂ ਮਨ ਹੀ ਸੋਚਿਆ ਸੀ, ਏਹਨਾਂ ਨੂੰ ਕੀ ਪਤਾ ਏ, ਮੈਂ ਕੌਣ ਹਾਂ ? ਅਖੀਰ ਦੱਸ ਹੀ ਦਿੱਤਾ। ਤਾਂ ਫਿਰ ਝੱਟ ਹੀ ਅੱਗੇ ਨੂੰ ਜਾਣ ਦੇ ਦਿੱਤਾ ਸੀ ਪਰ, ਅੱਗੋਂ ਸੀਰੇ ਨੇ ਤਾਂ ਪਛਾਣਿਆਂ ਈ ਨਾ ਮੈਨੂੰ। ਮਸਾਂ ਈ ਬੋਲ ਬੋਲਿਆ, "ਓ ਬਾਈ, ਗੇਜਿਆ ! ਕੀ ਹਾਲ ਬਾਲ ਏ ?"

ਮੈਂ ਤਾਂ ਕਈ ਗੱਲਾਂ ਕਰਨੀਆਂ ਚਾਹੁੰਦਾ ਸਾਂ। ਪਰ ਉਹ ਤਾਂ ਆਪਣੀਆਂ ਗੱਲਾਂ ਵਿਚ ਮਸਤ ਹੋ ਗਿਆ ਸੀ। ਸਰਪੰਚ ਨਾਲ ਗੱਲਾਂ ਕਰ ਰਿਹਾ ਸੀ। 'ਤੇ ਮੈਂ ਤਾਂ ਫਿਰ ਵੀ ਉਸ ਵੇਲੇ ਤੁਰਨ ਲੱਗਾ ਕਹਿ ਆਇਆ, "ਬਾਈ, ਰੋਟੀ ਘਰੇ ਖਾਣੀ ਏ ? ਆਹੋ, ਸਭ ਤਿਆਰੀਆਂ ਕੀਤੀਆਂ ਪਈਆਂ।"

ਸਭ ਤਿਆਰੀਆਂ ਕਰਨ ਲਈ ਤਾਂ ਸਵੇਰੇ ਈ ਸ਼ਾਮੋ ਨੂੰ ਕਹਿ ਦਿੱਤਾ ਸੀ। ਤੇ ਘਰ ਵਿਚ ਪੈਸੇ ਵੀ ਥੋੜ੍ਹੇ ਹੀ ਸਨ। ਦਰਬਾਰੇ ਨੰਗ-ਪੈਰਿਆਂ ਤੋਂ ਦੋ ਸੌ ਲਿਆਂਦਾ ਹੱਥ ਉਧਾਰਾ ਮੰਗ ਕੇ ਸਵੇਰੇ ਸਵੇਰੇ ਹੀ।

ਮੀਟ ਵੀ ਚਾਹੀਦਾ ਸੀ। ਦਾਰੂ ਵੀ। ਹੁਣ ਤਾਂ ਸੀਰਾ ਵੱਡਾ ਲੀਡਰ ਏ। ਚੰਗੀ ਰੋਟੀ ਤਾਂ ਜ਼ਰੂਰੀ ਸੀ। ਫਿਰ ਘਰ ਆਏ ਨੂੰ ਕਹਿਣਾ ਸੀ, ਮੁੰਡੇ ਨੂੰ ਕਿੱਧਰੇ ਨੌਕਰੀ 'ਤੇ ਲਵਾ ਦੇ। ਨੌਕਰੀ ਵਾਲਿਆਂ ਨੂੰ ਤਾਂ ਮੌਜਾਂ ਈ ਮੌਜਾਂ ਨੇ। ਮੀਂਹ ਆਵੇ, ਨ੍ਹੇਰੀ ਆਵੇ, ਚੜ੍ਹੇ ਮਹੀਨਾ ਤਨਖਾਹ ਮਿਲ ਈ ਜਾਣੀ ਏ। ਮੁੰਡਾ ਨੌਕਰੀ ਲੱਗ ਗਿਆ ਤਾਂ ਕਿਧਰੇ ਚਾਰ ਦਿਨ ਚੱਜ ਦੇ ਜਿਉਣ ਲਈ ਮਿਲ ਜਾਣਗੇ।

ਪਿੰਡ ਦੇ ਲੋਕਾਂ ਨੂੰ ਮੇਰੀ ਤੇ ਸੀਰੇ ਦੀ ਰਿਸ਼ਤੇਦਾਰੀ ਬਾਰੇ ਵੀ ਪਤਾ ਸੀ। ਕਈ ਲੋਕ ਤਾਂ ਮੇਰੇ ਆਲੇ-ਦੁਆਲੇ ਗੇੜੇ ਕੱਢ ਰਹੇ ਸੀ। ਚੱਕੀ ਵਾਲਾ ਤਾਂ ਬਾਹਲੇ ਈ ਗੇੜੇ ਕੱਢ ਰਿਹਾ ਸੀ। ਉਹ ਕਹਿੰਦਾ ਸੀ ਕਿ ਉਹਨੇ "ਵੱਡਾ ਕਨੈਕਸ਼ਨ ਲੈਣਾ ਏ। ਗੇਜਿਆ ਸਿਫਾਰਸ਼ ਈ ਕਰ ਦੇ।" ਉਹ ਤਾਂ ਚਾਰ ਮੁਰਗੇ ਫੜਾ ਗਿਆ ਸੀ ਘਰੇ। ਇਕ ਦੋ ਜਣੇ ਬੋਤਲਾਂ ਰੱਖ ਗਏ ਸਨ। ਇਕ ਵਾਰ ਤਾਂ ਮਨ ਵਿਚ ਆਇਆ ਕਿ ਮੇਰੀ ਪੁੱਛ-ਪਰਤੀਤ ਏਹ ਸੀਰੇ ਕਰਕੇ ਈ ਏ। ਜੇ ਮੈਂ ਲੋਕਾਂ ਦੇ ਕੰਮ ਕਰਵਾ ਦਿੱਤੇ ਤਾਂ, ਤਾਂ ਤੇ ਸਾਰੇ ਪਿੰਡ ਵਿਚ ਮੇਰੀ ਬੱਲੇ-ਬੱਲੇ ਹੋ ਜਾਣੀ ਏ। ਕਈ ਤਾਂ ਹੁਣ ਈ ਅੰਗਰੇਜ਼ ਸਿੰਘ ਕਹਿ ਕੇ ਆਵਾਜ਼ ਦੇਂਦੇ ਨੇ ਤੇ ਬਈ, ਸ਼ਾਮੋ ਨੇ ਸ਼ਾਮ ਕੌਰ ਬਣ ਜਾਣਾ ਏ ਫਿਰ ਤਾਂ। ਮੈਨੂੰ ਆ ਬਿਸ਼ਨ ਸਿਹੁ ਦਾ ਸੀਰਪੁਣਾ ਕਰਨ ਦੀ ਲੋੜ ਨਈਂ ਰਹਿਣੀ।

ਘਰ ਦੇ ਸਾਰੇ ਈ ਖੁਸ਼ ਸਨ। ਰਾਤ ਸ਼ੁਰੂ ਹੋਣ ਵਾਲੀ ਸੀ। ਪਰ ਸੀਰਾ ਤਾਂ ਆਇਆ ਈ ਨਾ। ਕੀ ਦੱਸਦਾ ਮੈਂ ਲੋਕਾਂ ਨੂੰ। ਕੀ ਕਹਿੰਦਾ...। ਮੇਰੀ ਤਾਂ ਜ਼ਬਾਨ ਈ ਤਾਲੂ ਨਾਲ ਲੱਗ ਗਈ ਸੀ। ਸਵੇਰ ਵਾਲੀ ਚਹਿਲ-ਪਹਿਲ ਖ਼ਤਮ ਹੋ ਗਈ ਸੀ। ਸਭ ਦੇ ਸਭ ਲੋਕ ਤੁਰ ਗਏ ਸਨ। ਜੁਆਕ ਤਾਂ ਭੁੱਖ ਨਾਲ ਵਿਲਕ ਰਹੇ ਸਨ।



ਰੀਂ-ਰੀਂ ਕਰੀ ਈ ਜਾ ਰਹੇ ਸਨ। ਮੈਥੋਂ ਰਿਹਾ ਨਾ ਗਿਆ। ਇਕ ਦੇ ਦੋ ਜੜ ਦਿੱਤੀਆਂ ਚਪੇੜਾਂ। ਤੇ ਕਹਿ ਦਿੱਤਾ ਸੀ, "ਵੇਖ ਕਿਵੇਂ ਟੈਂ-ਟੈਂ ਲਾਈ ਏ। ਕੋਈ ਮਰ ਗਿਆ ਏ...।"

ਸ਼ਾਮੋ ਇਉਂ ਭੁੜਕੀ ਜਿਵੇਂ ਅੱਗ 'ਤੇ ਤੇਲ ਪੈ ਗਿਆ ਹੋਵੇ। ਉਹ ਕਹਿ ਰਹੀ ਸੀ, "ਜਿਹੜੇ ਘਰ ਸੀ, ਉਹ ਤਾਂ ਲਾਉਣੇ ਈ ਸੀ। ਹੋਰ ਮੰਗ ਤੰਗ ਕੇ ਵੀ ਦਿੱਤੇ ਨੇ। ਸਭ ਕੁਝ ਬਣਿਆ ਈ ਰਹਿ ਗਿਆ ਏ ਵੱਡੇ ਸਰਦਾਰ ਦਾ। ਆਖੇ ਮੇਰੀ ਭੂਆ ਦੇ ਪੁੱਤ ਨੇ ਘਰ ਆਉਣਾ ਏ। ਮੇਰੇ ਐੱਮ.ਐੱਲ.ਏ. ਨੇ ਆਉਣਾ ਏ।"

ਮੈਂ ਵੀ ਬੋਲਣ ਲੱਗਾ ਸਾਂ, "ਮੁਰਗਾ ਤਾਂ ਲੋਕ ਖਾ ਗਏ। ਸ਼ਰਾਬ ਵੀ ਪੀ ਗਏ ਨੇ। ਜਦ ਆਂਵਦਾ ਈ ਫਰਕ ਕਰਦਾ ਏ, ਤਾਂ ਫਿਰ ਆ ਲੋਕ ਕੀ ਸਿਆਣ ਕੱਢਦੇ ਨੇ ਕਿਸੇ ਦੀ...?"

ਕਈ ਦਿਨ ਲੰਘ ਗਏ ਸਨ। ਇਕ ਦਿਨ ਸ਼ਾਮੋ ਕਹਿ ਰਹੀ ਸੀ, "ਅੱਜ ਆਈ ਸੀ ਦੀਪੇ ਦੀ ਬੁੜੀ, ਆਂਹਦੀ ਸੀ, ਮੁਰਗਿਆਂ ਦੇ ਪੈਸੇ ਦਿਓ। ਆਂਹਦੀ ਸੀ ਦੋ ਸੌ ਦੇ ਉੱਤੇ ਵੀਹ ਨੇ।"

ਤੇ ਆਥਣ ਨੂੰ ਹੀ ਫਿਰ ਕਹਿ ਰਹੀ ਸੀ, "ਆ ਚੇਤੂ ਕੇ ਵੀ ਸ਼ਰਾਬ ਦੇ ਪੈਸੇ ਮੰਗਣ ਆਏ ਸੀ। ਉਹਨਾਂ ਦਾ ਮੁੰਡਾ ਆਇਆ ਸੀ। ਕਹਿੰਦਾ ਸੀ, "ਤੀਹਾਂ ਦੀ ਇਕ ਬੋਤਲ ਐ ਛੀ ਆਈਆਂ ਨੇ ਭਾਬੀ।"

ਮੈਂ ਵੀ ਬੋਲਣ ਲੱਗਾ, "ਲਗੌੜ ਪੀ ਕੇ ਗੱਲਾਂ ਵੀ ਕਰਦੀ ਸੀ, ਅਖੇ, ਸੀਰਾ ਤਾਂ ਐੱਮ.ਐੱਲ.ਏ. ਆ ਐੱਮ.ਐੱਲ.ਏ.। ਨੰਗ ਤੋਂ ਉਸ ਹੁਣ ਕੀ ਲੈਣਾ ਏ। ਲੋੜ ਵੇਲੇ ਈ ਗਧੇ ਨੂੰ ਬਾਪੂ ਕਿਹਾ ਜਾਂਦਾ ਹੈ।"

"ਕੀਹਦੇ ਕੀਹਦੇ ਪੈਸੇ ਮੋੜਾਂ ? ਲੋਕ ਤਾਂ ਤਮਾਸ਼ਾ ਵੇਖਦੇ ਨੇ। ਕਿਤੇ ਇਧਰ। ਕਿਤੇ ਉਧਰ। ਤਾਂ ਈ ਸਿਆਣੇ ਕਹਿੰਦੇ ਨੇ, ਲੋਕਾਂ ਦੀ ਜੀਭ ਨੂੰ ਤਾਂ ਫੜਿਆ ਨਹੀਂ ਜਾ ਸਕਦਾ। ਜਦ ਆਵਦਾ ਈ ਮਾੜਾ ਬਣ ਗਿਆ ਤਾਂ ਦੋਸ਼ ਕੀਹਨੂੰ ਦੇਵਾਂ ? ਉਹ ਤਾਂ ਵੱਡਾ ਲੀਡਰ ਬਣਿਆ ਫਿਰਦਾ ਏ। ਮਾੜਾ ਔਖਾ ਵੇਲਾ ਤਾਂ ਹੁਣ ਭੁਲ ਗਿਆ ਏ। ਇਹੋ ਗੱਲ ਮਾੜੀ ਏ। ਫਿਰ ਉਹੋ ਗੱਲ, ਦੋਸ਼ ਕੀਹਨੂੰ ਦੇਵਾਂ ? ਇਹ ਗੱਲ ਸੋਚਦਾ ਗੇਜਾ ਘਰ ਵੱਲ ਨੂੰ ਆਉਂਦਾ ਸੀ। ਉਹ ਪਿੰਡ ਦੇ ਨਾਲ ਹੀ ਲੰਘਦੇ ਸੂਏ ਦੀ ਪਟੜੀ 'ਤੇ ਤੁਰ ਰਿਹਾ ਸੀ। ਉਸ ਇਕ ਦਮ ਛਿਪ ਰਹੇ ਦਿਨ ਵੱਲ ਧਿਆਨ ਜਾਣ ਤੇ ਸੂਏ ਦੇ ਨਾਲ-ਨਾਲ ਲੱਗੀਆਂ ਕਿੱਕਰਾਂ ਦੇ ਵਿਚ ਦੀ ਡੁੱਬਦਾ ਜਾਂਦਾ ਸੂਰਜ ਵੇਖਿਆ ਸੀ। 'ਤੇ ਡੁੱਬਦੇ ਸੂਰਜ ਦੀ ਲਿਸ਼ਕੋਰ ਤੇ ਕਿੱਕਰਾਂ ਦਾ ਪਰਛਾਵਾਂ ਸੂਏ ਦੇ ਪਾਣੀ ਵਿਚ ਵੇਖਿਆ। ਤਾਂ ਉਹ ਕਾਹਲੀ-ਕਾਹਲੀ ਤੁਰਨ ਲੱਗਾ ਸੀ।

*—ਪੰਡੋਰੀ ਗੇਟ, ਧਰਮ ਕੋਟ (ਮੋਗਾ)*


'ਮੇਰੇ ਪਰਤ ਆਉਣ ਤਕ' ਦੇ ਵੀਹ ਸਾਲਾਂ ਬਾਅਦ

ਅਵਤਾਰ ਦਾ ਤੀਜਾ ਕਾਵਿ-ਸੰਗ੍ਰਹਿ

**ਅਸੀਂ ਕਾਲੇ ਲੋਕ ਸਦੀਂਦੇ**

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, ਦਿੱਲੀ

ਮੁੱਲ : 60 ਰੁਪਏ

## ਗ਼ਜ਼ਲਾਂ

### 1. ਦੇਵ ਰਾਊਕੇ

ਜਿਵੇਂ ਮੇਰੇ ਤੇ ਹੋਇਆ ਸੀ ਘਿਨਾਉਣਾ ਵਾਰ ਬਿਜਲੀ ਦਾ।
ਹਿਲਾਕੇ ਰੱਖ ਦਿੱਤਾ ਮੈਂ ਸਗੋਂ ਘਰ ਬਾਰ ਬਿਜਲੀ ਦਾ।
ਨਿੱਗਰ ਸੀ ਹੌਸਲਾ ਮੇਰਾ ਬਚਾਈ ਰੱਖਿਆ ਜਿਸਨੇ,
ਝੱਪਟਿਆ ਸੀ ਜਿਵੇਂ ਮੇਰੇ ਤੇ ਪੰਜਾ ਖੂੰਖਾਰ ਬਿਜਲੀ ਦਾ।
ਜ਼ਮਾਨੇ ਦੇ ਉਦੋਂ ਸਨ ਦੰਦ ਜੁੜੇ ਇਕਦਮ ਮੇਰੇ ਯਾਰੋ,
ਮੁਹੱਬਤ ਨੇ ਪੁਆਇਆ ਹੱਸਕੇ ਜਦ ਗਲ਼ ਹਾਰ ਬਿਜਲੀ ਦਾ
ਬੜੇ ਹਨ ਲੋਕ ਜਿਹੜੇ ਇਸ ਦਾ ਭਾਣਾ ਮੰਨੀ ਬੈਠੇ ਨੇ,
ਖ਼ੁਸ਼ੀ ਤੂੰ ਇਮਤਿਹਾਨ ਲੈ ਐ ਭੋਲੇ ਸਰਦਾਰ ਬਿਜਲੀ ਦਾ।
ਇਹਦਾ ਤਾਂ ਸ਼ੌਕ ਏਹੋ ਖੇਡਣਾ ਇਕ ਜ਼ਿੰਦਗੀ ਦੇ ਨਾਲ,
ਬੜਾ ਜ਼ਾਲਿਮ ਹੈ ਮਨਸਾ ਕਿ ਮੇਰੇ ਦਿਲਦਾਰ ਬਿਜਲੀ ਦਾ।
ਇਹਦੇ ਨਕਸ਼ਾ ਚੋਂ ਪੈਂਦੇ ਮੌਤ ਦਾ ਝਾਉਲ਼ਾ ਮੇਰੇ ਯਾਰੋ,
ਕਰਾਂ ਤੇ ਕਿੰਜ ਕਰਾਂ ਦੱਸੋ ਮੈਂ ਫਿਰ ਸਤਿਕਾਰ ਬਿਜਲੀ ਦਾ।
ਇਹ ਤੋੜੇ ਪੰਛੀਆਂ ਦੇ ਦਿਲ, ਉਜਾੜੇ ਘਰ ਮੁਹੱਬਤ ਦੇ,
ਬੜਾ ਮਾੜਾ ਰਿਹੈ ਐਪਰ ਸਦਾ ਕਿਰਦਾਰ ਬਿਜਲੀ ਦਾ।
ਬੜਾ ਹੀ ਦਿਲ ਕਰੇ ਸਿਜਦਾ ਕਰੀ ਜਾਵਾਂ, ਕਰੀ ਜਾਵਾਂ,
ਜਿਹਨੇ ਹਰ ਵਾਰ ਕੀਤੇ ਵਾਰ ਜੋ ਬੇਕਾਰ ਬਿਜਲੀ ਦਾ।
ਉਹ ਇਕਦਮ ਟਹਕਿਆ ਹੈ ਇਸ ਤਰ੍ਹਾਂ ਲਗਦੈ,
ਅਚਾਨਕ ਹੋ ਗਿਆ ਹੈ ਉਸਨੂੰ ਖੁਲ੍ਹਕੇ ਦੀਦਾਰ ਬਿਜਲੀ ਦਾ।
ਪਊਗਾ ਉਮਰ, ਭਰ ਐ 'ਦੇਵ' ਪਲ-ਪਲ ਤੜਪਣਾ ਤੈਨੂੰ,
ਰਹੀਂ ਬਚਕੇ! ਕਿਤੇ ਹੋ ਨਾ ਜਾਈਂ ਤੂੰ ਸ਼ਿਕਾਰ ਬਿਜਲੀ ਦਾ।

(2)

ਪ੍ਰਤੀਕ ਜ਼ਿੰਦਗੀ ਦੇ ਸੂਹਾ ਗੁਲਾਬ ਸੋਚੋ!
ਪੁੱਟਦੇ ਕਿਉਂ ਲਾ ਕੇ ਹੱਥੀਂ ਕੁਝ ਤਾਂ ਜਨਾਬ ਸੋਚੋ।
ਆਉ ਖਾਂ ਸਾਰੇ ਰਲਕੇ ਇਸਦਾ ਜੁਆਬ ਸੋਚੋ!
ਰੰਗਾਂ ਦੇ ਹੁੰਦੇ ਕਾਹਤੋਂ ਤੜਪੇ ਸ਼ਬਾਬ ਸੋਚੋ।
ਇਉਂ ਢੇਰੀ ਢਾਕੇ ਬਹਿਣਾ, ਇਹਤਾਂ ਹੈ ਮੂਲੋਂ ਮਾੜਾ,
ਏਦਾਂ ਨਾ ਪੂਰੇ ਹੋਵੇ ਰੰਗਲੇ ਖ਼ੁਆਬ ਸੋਚੋ।
ਇਹ ਲਾ ਜੁਆਬ ਮਸਲੈ, ਸਭ ਦਾ ਧਿਆਨ ਮੰਗਦੈ,
ਕਿਸ ਵਰਕਾ ਵਰਕਾ ਕੀਤੀ ਜੀਵਨ ਕਿਤਾਬ ਸੋਚੋ।
ਪੰਜਆਬ ਵੰਡ ਦਿੱਤੇ ਖੁਦਗਰਜ਼ ਲੀਡਰੀ ਨੇ,
ਵਿਰਲਾਪ ਏਹੋ ਕਰਦੇ ਨੇ ਪੰਜਆਬ ਸੋਚੋ।
ਜ਼ੁਲਫਾਂ 'ਚ ਉਲਝ ਜਾਵਾਂ ਹਰਗਿਜ਼ ਨਹੀਂ ਇਹ ਮੁਮਕਿਨ,
ਹਨ ਹੋਰ ਮਸਲੇ ਉਲਝੇ ਨੇ ਬੇਹਿਸਾਬ ਸੋਚੋ।

ਅੱਕਾਂ ਦੇ ਫੁੱਲ ਟਹਿਕੇ, ਜੋਬਨ ਹੈ ਭਸਰੇ ਤੇ,
ਕੀ ਚਾਲ ਮੌਸਮਾਂ ਦੀ ਸੜਦਾ ਗੁਲਾਬ ਸੋਚੋ।



ਚਿੜੀਓ ਸੁਚੇਤ ਹੋ ਜੋ ਹੁਣ ਮੌਤ ਨਾਲ ਲੜਨੈ
ਮੂੰਹ ਤੇ ਨਕਾਬ ਲੈ ਕੇ ਫਿਰਦੇ ਉਕਾਬ ਸੋਚੋ।
ਹੱਕ ਜੀਣ ਦਾ ਜੇ ਸਭ ਨੂੰ ਤਾਂ 'ਦੇਵ' ਜੱਗ ਅੰਦਰ
ਫਿਰ ਬਾਜ ਘੁੱਗੀਆਂ ਨੂੰ ਕਿਉਂ ਦਿੰਦੇ ਦਾਬ ਸੋਚੋ।

*(ਬਰਨਾਲਾ ਰੋਡ, ਮੰਡੀ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ)*

### 3. ਪੰਮਦੀਪ

ਲਹੂ ਭਿੱਜਾ ਚਮਨ ਤੇ ਫੁੱਲ ਹਰ ਇਕ ਸਿਸਕਦਾ ਦੇਖਾਂ,
ਉਮਰ ਭਰ ਖਾਬ ਇਹ ਕੇਹਾ ਮੈਂ ਸੂਲੀ ਲਟਕਦਾ ਦੇਖਾਂ!

ਨ ਆਇਆ ਖਾਬ ਉਹ ਮੈਨੂੰ ਸੀ ਜਿਹੜਾ ਜ਼ਿੰਦਗੀ ਵਰਗਾ,
ਨ ਸੀ ਕਿਸਮਤ ਕਿ ਮੈਂ ਫੁੱਲਾਂ ਤੇ ਸਾਵਣ ਬਰਸਦਾ ਦੇਖਾਂ!

ਫੜੀ ਇਉਂ ਅੱਗ ਜੰਗਲ ਨੇ ਕਿ ਮੈਂ ਵੀ ਬਚ ਨਹੀਂ ਸਕਿਆ,
ਬਿਰਖ਼ ਦੇ ਵਾਂਗ ਹੁਣ ਚੁੱਪ-ਚਾਪ ਆਪਾ ਝੁਲਸਦਾ ਦੇਖਾਂ!

ਮਿਹਰ ਸੀ ਤੇਰੀ ਉਹ ਮੈਨੂੰ ਮਿਟਾ ਕੇ ਨਾ ਮਿਟਾ ਸਕਿਆ,
ਤੂੰ ਫਿਰ ਤੋਂ ਜੋੜਿਆ ਮੈਨੂੰ ਮੈਂ ਆਪਾ ਪਰਤਦਾ ਦੇਖਾਂ!

ਮੈਂ ਉਸਦੇ ਜਿਗਰ ਦੀ ਹਰ ਪਰਤ ਨੂੰ ਹਾਂ ਖੋਲ ਕੇ ਦੇਖਾਂ,
ਪਰਤ ਦਰ ਪਰਤ ਉਸਨੂੰ ਹੋਰ ਵੀ ਮੈਂ ਲਿਸ਼ਕਦਾ ਦੇਖਾਂ!

ਚਟਾਨਾਂ ਖੋਰ ਪਰਬਤ ਚੀਰ ਜੰਗਲ ਲੰਘ ਆਇਆ ਜੋ,
ਮੈਂ ਸਾਗਰ ਦੀ ਲਹਿਰ ਦਰ ਲਹਿਰ ਦਰਿਆ ਤੜਪਦਾ ਦੇਖਾਂ!

ਪਤਾ ਨਾ ਉਹ ਖੁਦਾ ਜਾਣੇ ਹੈ ਕਿਹੜੇ ਤੁਰ ਗਿਆ ਰਾਹੀਂ,
ਮੈਂ ਜਿਸਨੂੰ ਰੋਜ਼ ਸੀਨੇ ਆਪਣੇ ਹਾਂ ਉਤਰਦਾ ਦੇਖਾਂ।

### 4. ਹਰਪਿੰਦਰ ਰਾਣਾ

ਕਦੇ ਕਰਦਾ ਸੀ ਉੱਚਿਆਂ ਚੁਬਾਰਿਆਂ ਦੀ ਗੱਲ
ਅੱਜ ਸੁਣੇ ਨਾ ਉਹ ਦੁਖਾਂ ਦਿਆਂ ਮਾਰਿਆਂ ਦੀ ਗੱਲ
ਮਾਣ ਕੁਰਸੀ ਦਾ ਨਿੱਤ ਉਹਨੂੰ ਜਾਵੇ ਚੜ੍ਹਦਾ
ਕਿਵੇਂ ਸੁਣੇਗਾ ਉਹ ਹੁਣ ਕੱਖਾਂ, ਢਾਰਿਆਂ ਦੀ ਗੱਲ
ਨਿੱਤ ਧਾਂਦਲੀ ਮਚਾਵੇ, ਘਾਟਾ ਨੱਬਿਆਂ ਦਾ ਪਾਵੇ
ਚੰਗੀ ਲੱਗਦੀ ਨਾ ਉਹਨੂੰ ਅੱਜ ਸਾਰਿਆਂ ਦੀ ਗੱਲ
ਲਾ ਕੇ ਨਾਰਿਆਂ ਨੂੰ ਤੋਰ ਦੇਵੇ ਕਿਵੇਂ ਚੁੱਪ-ਚਾਪ
ਉਹਨੂੰ ਭੁੱਲ ਗਈ, ਦਰਦਾਂ ਸਹਾਰਿਆਂ ਦੀ ਗੱਲ
ਨਿੱਤ ਲੋਕਾਂ ਦੀਆਂ ਆਸਾਂ ਉੱਤੇ ਪਾਣੀ ਫੇਰਦਾ
ਕਿੰਝ ਕਰੇਗਾ ਉਹ ਪੱਤਣਾਂ, ਕਿਨਾਰਿਆਂ ਦੀ ਗੱਲ
ਕਾਹਤੋਂ ਲਾਈ ਬੈਠੇ ਆਸ, ਕਿਉਂ ਵਿਛਾਈ ਬਹੇਂ ਪੱਲਾ
ਉਹ ਤਾਂ ਪਾਈ ਜਾਵੇ ਪੱਲੇ ਥੋਥੇ ਲਾਰਿਆਂ ਦੀ ਗੱਲ

# 'ਸ਼ੈਖ਼ ਬਦਰਉਦੀਨ ਦੀ ਵਾਰ'/ *ਹਰਭਜਨ ਸਿੰਘ ਹੁੰਦਲ*

ਤੁਰਕੀ-ਕਵੀ ਨਾਜ਼ਿਮ ਹਿਕਮਤ ਦੇ ਜੀਵਨ ਵਿਚ 1928-38 ਤੀਕ ਦਾ ਦਹਾਕਾ, ਸਾਹਿਤਕ ਹਲਕਿਆਂ ਵਿਚ ਮਕਬੂਲੀਅਤ ਅਥਵਾ ਪ੍ਰਵਾਨ ਹੋਣ ਦਾ ਦਹਾਕਾ ਹੋਣ ਦੇ ਨਾਲ ਨਾਲ, ਬੜੀਆਂ ਅਲੋਕਾਰ ਘਟਨਾਵਾਂ ਦਾ ਦਹਾਕਾ ਵੀ ਸੀ। ਪੜ੍ਹਾਈ ਪਿੱਛੋਂ ਸੋਵੀਅਤ ਰੂਸ ਤੋਂ ਪਰਤਦੇ ਹੋਏ ਆਉਂਦਿਆਂ ਹੀ ਫੜੇ ਜਾਣਾ, ਮੁਕੱਦਮੇ ਪਿੱਛੋਂ ਹੋਏ ਫੈਸਲੇ ਕਾਰਨ ਤਿੰਨ ਮਹੀਨੇ ਦੀ ਕੈਦ, ਪਹਿਲੇ ਕਾਵਿ-ਸੰਗ੍ਰਹਿ ਦਾ ਛਪਣਾ ਤੇ ਛੇਤੀ ਹੀ ਵਿਕ ਜਾਣਾ ਅਤੇ ਚਰਚਾ ਦਾ ਕੇਂਦਰ ਬਣ ਜਾਣਾ ਆਦਿ ਘਟਨਾਵਾਂ ਨਾਲੋ ਨਾਲ ਵਾਪਰਦੀਆਂ ਰਹੀਆਂ ਸਨ। ਇਹ ਵਰ੍ਹੇ ਚੜ੍ਹਦੀ ਜਵਾਨੀ ਦੇ ਵਰ੍ਹੇ ਸਨ, ਪੂਰੇ ਜੋਸ਼ ਤੇ ਨਾਲ ਦੀ ਨਾਲ ਹੋਸ਼ ਦੇ ਵਰ੍ਹੇ, ਜਦੋਂ ਬੰਦਾ ਅਸਮਾਨ ਵਿਚ ਉੱਡਣ ਦੇ ਸੁਪਨੇ ਲੈਂਦਾ ਹੈ। ਇਕ ਸੁਚਿੱਤਰ ਮਾਸਕ-ਪੱਤਰ ਵਿਚ ਛਪ ਰਹੀਆਂ ਨਾਜ਼ਿਮ ਦੀਆਂ ਤਾਜ਼ੀਆਂ ਕਵਿਤਾਵਾਂ ਤੇ ਅਣਗਿਣਤ ਵਾਰਤਕ-ਲਿਖਤਾਂ ਨੇ ਸਾਹਿਤਕ ਹਲਕਿਆਂ ਵਿਚ ਖਾਸੀ ਹਿਲਜੁਲ ਪੈਦਾ ਕੀਤੀ ਹੋਈ ਸੀ। 1930 ਵਿਚ ਛਪੀ ਨਾਜ਼ਿਮ ਦੀ ਹੇਠਲੀ ਨਜ਼ਮ ਗਹੁ ਨਾਲ ਵਿਚਾਰੀ ਜਾਣ ਵਾਲੀ ਮਹੱਤਵ-ਪੂਰਨ ਕਵਿਤਾ ਸੀ।

ਜੇ ਮੈਂ ਨਾ ਜਲਿਆ
ਜੇ ਤੂੰ ਨਾ ਜਲਿਆ
ਜੇ ਆਪਾਂ ਸਾਰੇ ਹੀ ਨਾ ਜਲੇ
ਤਾਂ ਹਨੇਰਾ ਰੌਸ਼ਨੀ ਵਿਚ
ਕਿਵੇਂ ਤਬਦੀਲ ਹੋਵੇਗਾ।

ਇਸ ਸਮੇਂ ਤੀਕ ਮੁਸਤਫਾ ਕੇਮਲ ਪਾਸ਼ਾ ਦੀ ਜਮਹੂਰੀ ਸਰਕਾਰ ਪੱਕੇ ਪੈਰੀਂ ਹੋ ਚੁੱਕੀ ਸੀ ਤੇ ਹੁਣ ਉਹ ਵਿਰੋਧ ਤੇ ਆਲੋਚਨਾ ਨੂੰ ਦਬਾਉਣ ਲਈ ਸਖਤੀ ਕਰਨ ਲੱਗ ਪਈ ਸੀ। ਨਾਜ਼ਿਮ ਦੀਆਂ ਇਹਨਾਂ ਦਿਨਾਂ ਦੀਆਂ ਵਾਰਤਕ ਲਿਖਤਾਂ ਦੀ ਗਿਣਤੀ 600 ਦੇ ਕਰੀਬ ਹੈ, ਜੋ ਤੁਰਕੀ ਭਾਸ਼ਾ ਵਿਚ ਚਾਰ ਜਿਲਦਾਂ ਵਿਚ ਛਪ ਚੁੱਕੀ ਹੈ।

ਕਈ ਛੋਟੀਆਂ ਨਜ਼ਮਾਂ ਤੋਂ ਬਿਨਾਂ 1935 ਦੇ ਸਾਲ ਵਿਚ ਨਾਜ਼ਿਮ ਦੀਆਂ ਦੋ ਮਹੱਤਵ-ਪੂਰਨ ਕਾਵਿ-ਰਚਨਾਵਾਂ ਛਪਦੀਆਂ ਹਨ। 'ਤਰਾਂਤਾ ਬਾਬੂ ਨੂੰ ਚਿੱਠੀਆਂ' ਅਤੇ 'ਸ਼ੇਖ ਬਦਰਉਦੀਨ ਦੀ ਵਾਰ'। ਸੈਂਸਰਸ਼ਿਪ ਦੀ ਮਾਰ ਤੋਂ ਬਚਣ ਲਈ ਦੋਹਾਂ ਹੀ ਕਵਿਤਾਵਾਂ ਦੀ ਰਚਨਾ ਵਿਚ ਐਸੀਆਂ ਕਾਵਿ-ਜੁਗਤਾਂ ਵਰਤੀਆਂ ਗਈਆਂ ਹਨ ਜੋ ਰਹੱਸ ਪੂਰਨ ਤੇ ਕਲਾਮਈ ਵੀ ਹਨ।

ਨਾਜ਼ਿਮ ਦੀ ਅੰਗਰੇਜ਼ੀ ਵਿਚ ਅਨੁਵਾਦ ਹੋਈ 'ਸ਼ੇਖ਼ ਬਦਰਉਦੀਨ ਦੀ ਵਾਰ ਤੇ ਹੋਰ ਕਵਿਤਾਵਾਂ' ਪੁਸਤਕ ਮੈਨੂੰ ਚਿਰਾਗ਼ ਦੇ ਸਹਾਇਕ ਸੰਪਾਦਕ ਸ੍ਰੀ ਅਮਰਜੀਤ ਸੂਫ਼ੀ ਦੇ ਉੱਦਮ ਨਾਲ 1999 ਦੇ ਅੰਤ ਵਿਚ ਪ੍ਰਾਪਤ ਹੋਈ ਸੀ। ਉਨ੍ਹਾਂ ਨੇ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਵਿਚ ਪੈਂਦੀ ਡੈਵੀਸ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚੋਂ ਕਿਸੇ ਪੰਜਾਬੀ ਲਾਇਬ੍ਰੇਰੀਅਨ ਦੀ ਸਹਾਇਤਾ ਨਾਲ ਇਹ ਫੋਟੋ ਕਾਪੀ ਕਰਾ ਕੇ ਲਿਆਂਦੀ ਸੀ। ਇਸ ਦੇ ਅਨੁਵਾਦਕ Randy Blasing ਅਤੇ Mutlu Konuk ਹਨ। ਹੈਰਾਨੀ ਦੀ ਗੱਲ ਹੈ ਕਿ 1977 ਵਿਚ ਅਮਰੀਕਾ ਵਿਚ ਛਪੀ ਇਹ ਪੁਸਤਕ ਸਾਡੇ ਪੰਜਾਬੀ ਹੱਥਾਂ ਵਿਚ 1999 ਵਿਚ ਅਰਥਾਤ 22 ਸਾਲ ਬਾਅਦ ਅਪੜਦੀ ਹੈ। ਭਾਵੇਂ ਮੈਂ ਇਹ ਪੁਸਤਕ ਲੈਂਦੇ ਸਾਰ ਹੀ ਅਨੁਵਾਦ ਕਰ ਲਈ ਸੀ, ਪਰ ਇਸ ਦੇ ਛਪਦੇ ਛਪਦੇ ਦੋ ਸਾਲ ਲੰਘ ਜਾਂਦੇ ਹਨ। ਹੁਣ ਇਹ ਬੀਰ-ਗਾਥਾ ਕੁਕਨੁਸ ਪ੍ਰਕਾਸ਼ਨ ਦੇ ਮਾਲਕ ਸ੍ਰੀ ਰਾਜਿੰਦਰ ਬਿਮਲ ਦੀ ਮਿਲਵਰਤਨ ਤੇ ਉੱਦਮ ਨਾਲ ਛਪ ਕੇ ਬਾਹਰ ਆਈ ਹੈ।

ਇਹ ਬੀਰ-ਗਾਥਾ ਪ੍ਰਾਚੀਨ ਓਟੋਮਾਨ ਸਲਤਨਤ ਵਿਚ ਹੋਈ ਵੱਡੀ ਕਿਸਾਨ ਬਗਾਵਤ ਬਾਰੇ ਹੈ। ਬਦਰਉਦੀਨ ਇਕ ਗੈਰ-ਕੱਟੜਪੰਥੀ ਇਸਲਾਮੀ ਚਿੰਤਕ ਸੀ, ਜੋ ਬਾਲਕਾਰ ਸੂਬੇ ਦੇ ਨਿੱਕੇ ਨਗਰ ਈਡਰਨੇ (Ederne) ਵਿਚ 1359 ਵਿਚ ਜੰਮਿਆ ਸੀ। ਕਵੀ ਨਾਜ਼ਿਮ ਵਾਂਗ ਹੀ ਬਦਰਉਦੀਨ ਵਿਸ਼ਵ-ਦ੍ਰਿਸ਼ਟੀ ਰੱਖਣ ਵਾਲੇ ਉਦਾਰ-ਦਿਲ ਪਰਿਵਾਰ ਵਿਚੋਂ ਆਇਆ ਸੀ। ਉਸ ਦਾ ਪਿਤਾ ਸਿਮਾਨਵੇ ਸ਼ਹਿਰ ਵਿਚ



ਇਸਲਾਮੀ ਜੱਜ ਸੀ, ਜਦਕਿ ਉਸ ਦੀ ਮਾਤਾ ਈਸਾਈ ਧਰਤ ਤੋਂ ਇਸਲਾਮ ਵਿਚ ਆਈ ਸੀ। ਉਹ ਇਲਾਕਾ ਤੁਰਕੀ ਤੇ ਯੂਨਾਨੀ ਲੋਕਾਂ ਦੀ ਰਲਵੀਂ ਮਿਲਵੀਂ ਆਬਾਦੀ ਵਾਲਾ ਸੀ।

ਕੋਨਿਆ, ਈਡਰਨੀ ਅਤੇ ਕੈਰੀਓ ਵਿਚ ਪੜ੍ਹਾਈ ਕਰਨ ਤੋਂ ਬਾਅਦ ਉਸ ਨੇ ਇਕ ਸੁੰਦਰ ਖਾਨਾ-ਬਦੋਸ਼ ਲੜਕੀ ਨਾਲ ਸ਼ਾਦੀ ਕਰ ਲਈ। ਕਈ ਸਾਲ ਇਕ ਧਾਰਮਿਕ ਉਸਤਾਦ ਵਜੋਂ ਕੰਮ ਕੀਤਾ ਤੇ ਆਪਣੇ ਵਿਚਾਰਾਂ ਨੂੰ 'ਪ੍ਰੇਰਨਾਵਾਂ' ਨਾਂ ਦੇ ਧਾਰਮਿਕ ਗ੍ਰੰਥ ਵਿਚ ਪ੍ਰਗਟ ਕੀਤਾ। ਕੁਝ ਸਮੇਂ ਬਾਅਦ ਵਾਪਸ ਈਡਰਨੇ ਪਰਤ ਕੇ, ਉਹ ਇਕ ਪ੍ਰਭਾਵਸ਼ਾਲੀ ਜੱਜ ਤੇ ਪ੍ਰਗਤੀਸ਼ੀਲ ਧਾਰਮਿਕ ਆਗੂ ਬਣ ਕੇ ਓਟੋਮਾਨ ਖਾਨਦਾਨ ਦੇ ਦਰਬਾਰ ਵਿਚ ਆ ਗਿਆ।

1413 ਵਿਚ ਨਵੇਂ ਬਾਦਸ਼ਾਹ ਸੁਲਤਾਨ-ਰਹਿਮਤ ਪਹਿਲੇ ਨੇ ਉਸ ਨੂੰ ਜਲਾਵਤਨ ਕਰ ਇਜ਼ਨੀਕ ਦੇ ਇਲਾਕੇ ਵਿਚ ਭੇਜ ਦਿੱਤਾ, ਜਿਥੇ ਉਸ ਦੇ ਵਿਚਾਰ ਹੋਰ ਵਧੇਰੇ ਖੱਬੇ ਪੱਖੀ ਤੇ ਸਰਕਾਰ-ਵਿਰੋਧੀ ਹੋ ਗਏ ਅਤੇ ਉਹ ਸਥਾਪਤੀ-ਵਿਰੋਧੀ ਚਿੰਤਕ ਵਜੋਂ ਪ੍ਰਸਿੱਧ ਹੋ ਗਿਆ। ਉਸ ਦੇ ਵਿਚਾਰਾਂ ਦਾ ਪ੍ਰਭਾਵ ਸਿਮਨਾਵੇ ਫਿਰਕੇ 'ਤੇ ਪਿਆ ਤੇ ਉਹ ਪ੍ਰਚਲਤ ਗ਼ਲਤ ਸਮਾਜਿਕ-ਵਿਸ਼ਵਾਸਾਂ ਦਾ ਤਿੱਖਾ ਆਲੋਚਕ ਬਣ ਗਿਆ। ਉਸ ਦਾ ਬੁਨਿਆਦੀ ਸਿਧਾਂਤ ਇਹ ਸੀ ਕਿ ਸਾਰੀ ਜਾਇਦਾਦ ਖ਼ੁਦਾ ਦੀ ਹੈ। ਉਸ ਦੇ ਚੇਲਿਆਂ ਵਿਚੋਂ ਮੁਸਤਫ਼ਾ ਖਾਸ ਤੌਰ 'ਤੇ ਪ੍ਰਸਿੱਧ ਸੀ। ਉਸ ਦੇ ਇਹ ਵਿਚਾਰ ਉਸ ਵੇਲੇ ਦੇ ਸਾਮੰਤਵਾਦੀ ਵਿਚਾਰਾਂ ਤੇ ਜਾਗੀਰੂ ਪ੍ਰਬੰਧ ਲਈ ਵੱਡੀ ਚੁਣੌਤੀ ਬਣ ਗਏ।

ਅਖੀਰ ਬਾਦਸ਼ਾਹੀ ਫੌਜਾਂ ਨਾਲ ਸਿੱਧੀ ਲੜਾਈ ਵਿੱਚ 1417 ਵਿੱਚ ਬਦਰਉਦੀਨ ਨੂੰ ਕੈਦੀ ਬਣਾ ਲਿਆ ਗਿਆ ਤੇ ਮੁਕੱਦਮਾ ਚਲਾਉਣ ਤੋਂ ਪਿੱਛੋਂ ਫਾਂਸੀ ਲਾ ਦਿੱਤਾ ਗਿਆ। ਲੜਾਈ ਵਿੱਚ ਉਸ ਦੇ 4000 ਦੇ ਕਰੀਬ ਸ਼ਰਧਾਲੂ ਕਿਸਾਨ ਮਾਰੇ ਗਏ ਤੇ ਲਹਿਰ ਦਬਾ ਦਿੱਤੀ ਗਈ।

1929-30 ਵਿੱਚ ਨਾਜ਼ਿਮ ਜਦੋਂ ਆਪਣੀ ਪਹਿਲੀ ਕੈਦ ਸਮੇਂ ਬੁਰਸਾ ਜੇਲ੍ਹ ਵਿੱਚ ਸੀ ਤਾਂ ਉਹ ਆਪਣੀ ਇਹ ਬੀਰ-ਗਾਥਾ ਨੂੰ ਸਾਥੀ ਕੈਦੀਆਂ ਨੂੰ ਸੁਣਾਉਂਦਾ ਹੁੰਦਾ ਸੀ। ਇਸ ਕਾਵਿ-ਰਚਨਾ ਦੇ ਬਹੁਤੇ ਪਾਤਰ ਨਾਜ਼ਿਮ ਦੇ ਜੇਲ ਵਿਚਲੇ ਕੈਦੀ-ਸਾਥੀਆਂ ਨਾਲ ਮਿਲਦੇ ਜੁਲਦੇ ਸਨ।

ਤੁਰਕੀ ਦੀ ਇਸ ਪੁਰਾਤਨ ਇਤਿਹਾਸਕ ਬੀਰ-ਗਾਥਾ ਨੂੰ ਕਾਵਿ-ਰੂਪ ਦੇਣ ਵੇਲੇ ਨਾਜ਼ਿਮ ਇੱਕ ਵੱਖਰੀ ਪ੍ਰਯੋਗਸ਼ੀਲ ਵਿਧੀ ਦੀ ਵਰਤੋਂ ਕਰਦਾ ਹੈ। ਸ਼ੁਰੂ ਵਿੱਚ ਗੱਲ ਵਾਰਤਕ ਵਿੱਚ ਆਰੰਭ ਹੁੰਦੀ ਹੈ ਤੇ ਵਿੱਚ ਵਿੱਚ ਕਵਿਤਾ ਦੇ ਟੋਟੇ ਹਨ। ਇਹ ਵਿਧੀ ਸਾਡੀ ਪੰਜਾਬੀ ਦੀ ਬੀਰ-ਕਾਵਿ-ਪਰੰਪਰਾ ਨਾਲ ਕਾਫੀ ਮਿਲਦੀ ਹੈ। ਸਾਡੇ ਢਾਡੀ ਜਾਂ ਕਵੀਸ਼ਰ ਆਪਣੀ ਗੱਲ ਵਾਰਤਕਮਈ ਭਾਸ਼ਣ ਨਾਲ ਸ਼ੁਰੂ ਕਰਦੇ ਹਨ ਤੇ ਵਿੱਚ ਵਿੱਚ ਕਵਿਤਾ ਦੇ ਪ੍ਰਸੰਗ ਗਾ ਕੇ ਪੇਸ਼ ਕਰਦੇ ਹਨ।

ਇਸ ਕਾਵਿ-ਰਚਨਾ ਵਿੱਚ ਨਾਜ਼ਿਮ ਆਪਣੀ ਗੱਲ ਇਸ ਵਿਸ਼ੇ ਬਾਰੇ ਲਿਖੀ ਇੱਕ ਇਤਿਹਾਸਕ ਪੁਸਤਕ ਦੇ ਪਾਠ ਤੋਂ ਸ਼ੁਰੂ ਕਰਦਾ ਹੈ। ਅੱਧੀ ਰਾਤ ਵੇਲੇ ਇਸ ਪੁਸਤਕ ਨੂੰ ਪੜ੍ਹਦੇ ਹੋਏ ਉਸ ਦੀ ਬਿਰਤੀ ਉੱਖੜ ਜਾਂਦੀ ਹੈ ਤੇ ਉਹ ਲਾਗਲੀ ਕੋਠੜੀ ਵਿੱਚ ਫਾਂਸੀ ਦਾ ਹੁਕਮ ਹੋਏ ਕੈਦੀਆਂ ਦੀਆਂ ਹੱਥ-ਕੜੀਆਂ ਦਾ ਖੜਾਕ ਸੁਣਦਾ ਹੈ।

ਕਵੀ ਦੇ ਰੌਂਅ ਵਿੱਚ ਵਿਘਨ ਪੈ ਜਾਂਦਾ ਹੈ ਤੇ ਉਹ ਲਿਖਦਾ ਹੈ ;

"ਜੇ ਮੈਂ ਐਸਪਰੀਨ ਲੈ ਲਵਾਂ। ਜੇ ਇਹ ਅੰਨ੍ਹੇ-ਕਰ ਦੇਣ ਵਾਲੀ ਸਿਰ-ਪੀੜ ਨਾ ਹੁੰਦੀ ਹੋਵੇ, ਤਾਂ ਮੈਂ ਨਿਰੰਤਰ ਖੜਕਦੀਆਂ ਤਲਵਾਰਾਂ , ਘੋੜਿਆਂ ਦਾ ਹਿਣਕਣਾ, ਤਿੜਕਦੇ ਛਾਟਿਆਂ ਦੀ ਆਵਾਜ਼ ਸੁਣਨ ਦੇ ਕਾਬਿਲ ਹੋ ਜਾਣਾ ਸੀ ਅਤੇ ਮੈਂ ਦੁਰਾਡੇ ਵਰ੍ਹਿਆਂ ਵਿੱਚ, ਵਿਲਕਦੇ ਬੱਚਿਆਂ ਤੇ ਔਰਤਾਂ ਦੀਆਂ ਚੀਕਾਂ ਵਿਚਕਾਰ ਬਦਰਉਦੀਨ ਤੇ ਮੁਸਤਫਾ, ਆਸ ਦੇ ਦੋ ਚਮਕਦੇ ਕਿਰਦਾਰਾਂ ਨੂੰ ਵੇਖਣ ਦੇ ਸਮਰੱਥ ਹੋ ਜਾਣਾ ਸੀ।" (ਨਾਜ਼ਿਮ ਹਿਕਮਤ, ਚੋਣਵੀਂ ਕਵਿਤਾ-ਪੰਜਾਬੀ ਅਨੁਵਾਦ 2002 ਪੰਨਾ 134)

ਜੇਲ੍ਹ ਦੀਆਂ ਬੰਦਸ਼ਾਂ, ਖ਼ੌਫ਼, ਉਨੀਂਦਰਾ, ਸਿਰਦਰਦ ਦੇ ਵਾਤਾਵਰਨ ਵਿੱਚ ਕਵੀ ਦੀ ਕਲਪਨਾ ਉਡਾਨ ਭਰਦੀ ਹੈ ਤੇ ਉਸ ਦੀ ਕਾਵਿ-ਯਾਤਰਾ ਦਾ ਆਰੰਭ ਹੁੰਦਾ ਹੈ। ਇਹ ਉਡਾਨ ਇੱਕ ਸੁਪਨੇ ਦੇ ਰੂਪ ਵਿੱਚ ਹੈ, ਕਵੀ ਸਦੀਆਂ ਦੇ ਫਾਸਲੇ ਨੂੰ ਕਲਪਨਾ ਦੀ ਸ਼ਕਤੀ ਨਾਲ ਤੈਅ ਕਰਦਾ ਹੈ, ਜੇਲ੍ਹ ਦੀ ਖਿੜਕੀ ਕੋਲ, ਮੁਸਤਫਾ ਦਾ ਕੋਈ ਉਪਾਸ਼ਕ ਚਿੱਟਾ ਕੁੜਤਾ ਪਾਈ ਪ੍ਰਗਟ ਹੁੰਦਾ ਹੈ ਅਤੇ ਉਹ ਕਵੀ ਨੂੰ ਨਾਲ ਲੈ

ਪੰਦਰਵੀਂ ਸਦੀ ਦੇ ਉਸ ਚੌਗਿਰਦੇ ਵਿੱਚ ਲੈ ਜਾਂਦਾ ਹੈ। ਅਗਲੀਆਂ ਪੰਦਰਾਂ ਘਟਨਾਵਾਂ ਦਾ ਬਿਰਤਾਂਤ ਕਦੇ ਕਵਿਤਾ, ਕਦੇ ਵਾਰਤਕ ਵਿੱਚ ਪੇਸ਼ ਹੁੰਦਾ ਹੈ। ਬਿਰਤਾਂਤ ਵਿਚਲੀਆਂ ਨਾਟਕੀ ਘਟਨਾਵਾਂ ਤੇ ਲੋਕ—ਧਾਰਾ ਦੇ ਪ੍ਰੇਰਨਾ-ਸ੍ਰੋਤ ਕਹਾਣੀ ਨੂੰ ਅੰਤਿਕਾ ਵੱਲ ਤੋਰ ਲੈਂਦੇ ਹਨ ਅਤੇ ਕਹਾਣੀ ਬਦਰਉਦੀਨ ਦੀ ਮੌਤ ਤੇ ਉਸ ਦੇ ਉਪਾਸ਼ਕਾਂ ਦੇ ਕਤਲੇ-ਆਮ ਤੀਕ ਅੱਪੜ ਕੇ ਖ਼ਤਮ ਹੁੰਦੀ ਹੈ। ਨਾਜ਼ਿਮ ਦੀ ਸਿਫਤ ਏਸ ਗੱਲ ਵਿੱਚ ਹੈ ਕਿ ਇਕ ਰਵਾਇਤੀ ਭਾਂਤ ਦੀ ਬੀਰ-ਕਥਾ ਨੂੰ ਉਹ ਨਵਾਂ ਕਲਾਤਮਿਕ ਰੂਪ ਦਿੰਦਾ ਹੈ। ਕਵੀ ਦੀ ਮੌਲਿਕਤਾ ਇਸ ਗੱਲ ਵਿਚ ਹੈ ਕਿ ਉਸ ਭੂਤ, ਵਰਤਮਾਨ ਤੇ ਭਵਿਖ ਨੂੰ ਆਪਣੇ ਵਿਚ ਬੜੀ ਸੁੰਘੜਤਾ ਨਾਲ ਜੋੜ ਦਿੰਦਾ ਹੈ। ਸਾਧਾਰਨ ਕਵੀ ਨੇ ਅਜਿਹੀਆਂ ਘਟਨਾਵਾਂ ਨੂੰ ਸਿੱਧੇ ਸਾਦੇ ਢੰਗ ਨਾਲ ਬਿਆਨ ਕਰਕੇ ਬੀਰ-ਰਸੀ ਢੰਗ ਨਾਲ ਸਮਾਪਤ ਕਰਕੇ ਸੁਰਖ਼ਰੂ ਹੋ ਜਾਣਾ ਸੀ। ਪਰ ਨਾਜ਼ਿਮ ਕੋਲ ਹੋਰ ਗੁਣਾਂ ਤੋਂ ਇਲਾਵਾ ਨਾਟਕੀ ਤੇ ਸਿਨੇਮੇਂ ਦਾ ਨਿੱਜੀ ਅਨੁਭਵ ਵੀ ਸੀ, ਜਿਸ ਸਦਕਾ ਉਸ ਨੇ ਸਾਰੀ ਕਹਾਣੀ ਨੂੰ ਇੱਕ ਨਵੇਂ ਤੇ ਵੱਖਰੇ ਢੰਗ ਨਾਲ ਬਿਆਨ ਕੀਤਾ ਹੈ। ਇਸ ਤਰ੍ਹਾਂ ਕਰਦਿਆਂ ਕਵੀ ਨੇ ਪੁਰਾਣੇ ਧਾਰਮਿਕ ਜਾਪਦੇ ਕਿਸਾਨ ਸੰਘਰਸ਼ ਨੂੰ ਅਜੋਕੇ ਸਮਾਜਵਾਦੀ ਸੰਘਰਸ਼ ਨਾਲ ਜੋੜ ਦਿੱਤਾ ਹੈ, ਕਹਾਣੀ ਨੂੰ ਅੰਤਿਮ ਸਿਖਰ ਤੀਕ ਪਹੁੰਚਾਣ ਲਈ ਕਵੀ ਨੇ ਸਮਕਾਲੀ, ਭਰਮ-ਭੁਲੇਖਿਆਂ ਨੂੰ ਵਾਰਤਾਲਾਪੀ ਢੰਗ ਨਾਲ ਰਵਾਇਤੀ ਛੰਦਾ-ਬੰਦੀ ਅਤੇ ਲੋਕ-ਗੀਤਾਂ ਰਾਹੀਂ ਜੋੜ ਕੇ ਕ੍ਰਾਂਤੀ ਦੀਆਂ ਸ਼ਕਤੀਆਂ ਤੇ ਪ੍ਰਕਿਰਤੀ ਦੀ ਡਾਇਲੈਟਿਕ ਨੂੰ ਇਕਸੁਰ ਕਰ ਦਿੱਤਾ ਹੈ।

ਕਵੀ ਦੇ ਇਸ ਸੁਪਨ-ਮਈ ਵਿਧੀ ਵਾਲੇ ਬਿਰਤਾਂਤ ਵਿਚ ਕਈ ਵੰਨ-ਸੁਵੰਨੇ ਇਤਿਹਾਸਕ ਪਾਤਰ ਤੇ ਸਥਿਤੀਆਂ ਉਜਾਗਰ ਹੋ ਉਠਦੀਆਂ ਹਨ। ਇਕ ਪਾਸੇ ਮਹੱਲਾਂ ਦਾ ਸ਼ਾਹੀ ਠਾਠ ਤੇ ਦੂਜੇ ਪਾਸੇ ਮਲੇਰੀਏ ਨਾਲ ਅਜਾਈਂ ਮਰਦੇ ਸਾਧਾਰਨ-ਲੋਕ, ਭੁੱਖੇ ਵਿਲਕਦੇ ਬੱਚੇ ਤੇ ਨੰਗੇ-ਪੈਰ, ਆਪਣੇ ਪਤੀ ਲਈ ਤੜਪਦੀ ਪਤਨੀ, ਜਿਸ ਦੇ ਪਤੀ ਨੇ ਚੋਰੀ ਇਕ ਮੱਛੀ ਫੜ ਲਈ ਸੀ। ਵਿਦਵਾਨ ਤੇ ਚਿੰਤਕ ਬਦਰਉਦੀਨ ਇਸ ਸਥਿਤੀ ਤੇ ਦ੍ਰਿਸ਼ ਨੂੰ ਵੇਖ ਵਿਆਕੁਲ ਹੋ ਉੱਠਦਾ ਹੈ।

ਇਜ਼ਨੀਕ ਨਜ਼ਰ ਵਿਚ
ਲੁਹਾਰ ਦੀ ਅਹਿਰਨ ਟੁੱਟੇ ਦਿਲ ਵਰਗੀ ਹੈ
ਬਾਲ ਭੁੱਖੇ ਨੇ
ਤੀਵੀਆਂ ਦੇ ਥਣ ਸੁਕਾਈਆਂ
ਮੱਛੀਆਂ ਵਰਗੇ
ਤੇ ਨੌਜਵਾਨ ਗੀਤ ਨਹੀਂ ਗਾਉਂਦੇ। (ਚੋਣਵੀਂ ਕਵਿਤਾ ਪੰਨਾ-139)

ਵੇਲੇ ਦੇ ਵੱਡੇ ਚਿੰਤਕ, ਧਾਰਮਿਕ ਵਿਆਖਿਆਕਾਰ ਪ੍ਰਚਾਰਕ ਤੇ ਸੂਫ਼ੀ ਰਹੱਸਵਾਦੀ ਆਗੂ ਕੋਲੋਂ ਜਨ-ਸਾਧਾਰਨ ਦੀ ਇਹ ਹਾਲਤ ਬਰਦਾਸ਼ਤ ਨਹੀਂ ਹੋਈ ਤਾਂ ਉਹ ਕਹਿ ਉੱਠਿਆ ;

ਮੇਰੇ ਦਿਲ ਦੀ ਅੱਗ
ਹੁਣ ਇਕ ਲਾਟ ਬਣ ਗਈ ਹੈ
ਤੇ ਦਿਨੋ ਦਿਨ ਉੱਚੀ ਉੱਠ ਰਹੀ ਹੈ
ਬੇਸ਼ੱਕ ਮੇਰਾ ਦਿਲ ਲੋਹਾ ਦਾ ਬਣਿਆ ਹੁੰਦਾ
ਫਿਰ ਵੀ ਇਹ ਕਾਬੂ ਵਿਚ ਨਹੀਂ ਸੀ ਰਹਿਣਾ
ਇਹਨੇ ਪਿਘਲ ਜਾਣਾ ਸੀ। (ਨਾਜ਼ਿਮ ਹਿਕਮਤ-ਚੋਣਵੀਂ ਕਵਿਤਾ ਪੰਨਾ-140)

ਬਦਰਉਦੀਨ ਉਹਨਾਂ ਸਾਰੇ ਕਾਨੂੰਨਾਂ ਨੂੰ ਬਦਲ ਦੇਣ ਦੀ ਗੱਲ ਕਰਦਾ ਸੀ, ਜਿਹੜੇ ਤੁਰਕੀ ਦੀਆਂ ਕੌਮੀ ਘਟ-ਗਿਣਤੀਆਂ ਦੇ ਨਾਲ ਨਸਲੀ ਜਾਂ ਰੰਗ ਦੇ ਆਧਾਰ 'ਤੇ ਵਿਤਕਰਾ ਕਰਦੇ ਸਨ। ਏਹੋ ਕਾਰਨ ਸੀ ਕਿ ਪੰਦਰਵੀਂ ਸਦੀ ਦੇ ਇਸਲਾਮੀ ਪ੍ਰਭਾਵ ਵਾਲੇ ਦੇਸ਼ ਵਿਚ ਉਹ ਯਹੂਦੀਆਂ ਤੇ ਯੂਨਾਨੀ ਲੋਕਾਂ ਨੂੰ ਆਪਣੇ ਅੰਦੋਲਨ ਵਿਚ ਭਾਈਵਾਲ ਬਣਾ ਸਕਿਆ ਸੀ।



ਕਵਿਤਾ ਦੇ ਨੌਵੇਂ ਭਾਗ ਵਿਚ ਕਹਾਣੀ ਆਪਣੀ ਸਿਖਰ 'ਤੇ ਪਹੁੰਚ ਜਾਂਦੀ ਹੈ। ਜਿਥੇ ਸ਼ਾਹੀ ਫੌਜਾਂ ਕਿਸਾਨਾਂ ਦੀ ਦਸ ਹਜ਼ਾਰ ਫੌਜ ਨਾਲ ਟੱਕਰ ਲੈਂਦੀ ਹੈ।

'ਆਈਦਿਨ' ਤੇ ਤੁਰਕੀ ਕਿਸਾਨ
'ਚੀਓਸ' ਦੇ ਯੂਨਾਨੀ ਜਲ-ਸੈਨਿਕ
ਯਹੂਦੀ ਕਾਰੀਗਰ
'ਬਾਰਗਲੂਜ਼ੇ' ਦੇ ਦਸ ਹਜ਼ਾਰ ਕਾਫ਼ਿਰ
ਦੁਸ਼ਮਣਾਂ ਦੇ ਜੰਗਲ ਵਿਚ
ਦਸ ਹਜ਼ਾਰ ਕੁਹਾੜੀਆਂ ਵਾਂਗ ਕੁੱਦ ਪਏ। (ਪੰਨਾ 149)

ਯੂਨਾਨੀ, ਯਹੂਦੀ ਅਤੇ ਤੁਰਕੀ ਦੇ ਕਿਸਾਨਾਂ ਦੀ ਇਸ ਇਤਿਹਾਸਕ ਏਕਤਾ ਦਾ ਵਰਨਣ, ਬੜੇ ਡੂੰਘੇ ਵਿਚਾਰਧਾਰਕ ਅਰਥ ਲੁਕਾਈ ਬੈਠਾ ਹੈ ਕਿਉਂਕਿ ਜਿਨ੍ਹਾਂ ਸਮਿਆਂ ਵਿਚ ਇਹ ਕਵਿਤਾ ਲਿਖੀ ਗਈ ਸੀ, ਉਸ ਵੇਲੇ ਜਰਮਨੀ ਦੇ ਫਾਸਿਸਟ ਹਮਲੇ ਵਿਰੁੱਧ ਸਾਂਝੇ ਮੋਰਚੇ ਦੇ ਦਾਅ-ਪੇਚਾਂ ਅਨੁਸਾਰ ਸਾਰੀ ਲੋਕਾਈ ਦੇ ਏਕੇ ਤੇ ਇਕਮੁੱਠਤਾ ਦੀ ਲੋੜ ਸੀ।

ਇਸ ਯੁੱਧ ਵਿਚ ਸ਼ਾਹੀ ਫੌਜਾਂ ਜਿੱਤ ਜਾਂਦੀਆਂ ਹਨ। ਬਦਰਉਦੀਨ ਦੇ ਸਾਥੀ ਕਿਸਾਨ ਯੁੱਧ ਵਿਚ ਮਾਰੇ ਜਾਂਦੇ ਹਨ ਤੇ ਬਾਕੀ ਬਚੇ ਫਾਹੇ ਲਾ ਦਿੱਤੇ ਜਾਂਦੇ ਹਨ।

11ਵੇਂ ਭਾਗ ਵਿਚ ਇਸ ਹਾਰ ਬਾਰੇ ਕਵੀ ਆਪਣੀ ਟਿੱਪਣੀ ਵਿਚ ਆਖਦਾ ਹੈ ;

"ਸਵਤੰਤਰ ਤੇ ਗ਼ੁਲਾਮ ਖਾਨਦਾਨੀ ਅਮੀਰ ਤੇ ਜਨ-ਸਾਧਾਰਨ, ਮਾਲਕ ਤੇ ਗੁਲਾਮ, ਗਿਲਡ ਮਾਲਕ ਤੇ ਮੁਸਾਫਰ ਗੱਲ ਕੀ ਲਿਤਾੜਨ ਵਾਲੇ ਤੇ ਲਿਤਾੜੇ ਗਏ, ਇਕ ਦੂਜੇ ਦੇ ਵਿਰੋਧ ਵਿਚ ਨਿਰੰਤਰ ਖਲੋਂਦੇ ਹਨ, ਕਦੇ ਪ੍ਰਗਟ ਰੂਪ ਵਿਚ ਤੇ ਕਦੇ ਲੁਕਵੇਂ ਢੰਗ ਨਾਲ ਸੰਘਰਸ਼ ਨੂੰ ਜਾਰੀ ਰੱਖਦੇ ਹਨ।" (ਪੰਨਾ-154)

ਅਖੀਰ ਬਦਰਉਦੀਨ ਵੀ ਫੜਿਆ ਜਾਂਦਾ ਹੈ ਤੇ ਉਸ ਨੂੰ ਫਾਂਸੀ ਦੇ ਦਿੱਤੀ ਜਾਂਦੀ ਹੈ। ਨਿਸਚੇ ਹੀ ਕਹਾਣੀ ਦਾ ਅੰਤਲਾ ਪ੍ਰਭਾਵ ਦੁਖਾਂਤਕ ਤੇ ਨਿਰਾਸ਼ਾ-ਭਰਿਆ ਹੈ। ਪਰ ਕਿਸਾਨਾਂ ਦੀ ਇਹ ਬਗਾਵਤ ਇਤਿਹਾਸਕ ਮਹੱਤਵ ਗ੍ਰਹਿਣ ਕਰ ਜਾਂਦੀ ਹੈ ਅਤੇ ਬਦਰਉਦੀਨ ਤੇ ਉਸ ਦਾ ਸਾਥੀ ਮੁਸਤਫਾ ਲੋਕ-ਨਾਇਕ ਵਜੋਂ ਤੁਰਕੀ ਲੋਕਾਂ ਦੇ ਹਿਰਦੇ ਵਿਚ ਆਪਣੀ ਪੱਕੀ ਥਾਂ ਬਣਾ ਲੈਂਦੇ ਹਨ।

ਭਾਵੇਂ ਸੰਸਾਰ-ਭਰ ਦੇ ਨਾਜ਼ਿਮ-ਕਾਵਿ ਦੇ ਪ੍ਰਸ਼ੰਸਕਾਂ ਨੇ ਨਾਜ਼ਿਮ ਦੀ ਸਮੁੱਚੀ ਕਾਵਿ-ਰਚਨਾ ਵਿਚੋਂ ਉਸ ਦੇ ਮਹਾਂ-ਕਾਵਿ 'ਮਨੁੱਖੀ ਧਰਤ-ਦ੍ਰਿਸ਼' ਨੂੰ ਕਵੀ ਦੀ ਸ਼ਾਹਕਾਰ ਰਚਨਾ ਕਿਹਾ ਹੈ, ਪਰ The Epic of Sheik Bedreddin ਦੇ ਅੰਗਰੇਜ਼ੀ ਅਨੁਵਾਦਕਾਂ ਨੇ ਇਸ ਬੀਰ-ਗਾਥਾ ਨੂੰ ਇਕ ਮਹੱਤਵ ਪੂਰਨ ਕਾਵਿ ਰਚਨਾ ਦਾ ਸਥਾਨ ਦਿੱਤਾ ਹੈ। ਖ਼ੁਦ ਨਾਜ਼ਿਮ ਇਸ ਰਚਨਾ ਉੱਤੇ ਪੂਰਨ ਸੰਤੁਸ਼ਟ ਨਹੀਂ ਸੀ। ਉਸ ਨੇ ਬਾਅਦ ਵਿਚ ਜ਼ਿਕਰ ਕੀਤਾ ਹੈ ਕਿ ਇਹ ਕਾਵਿ-ਰਚਨਾ "ਕਾਹਲੀ ਨਾਲ ਲਿਖੀ ਹੋਈ ਤੇ ਅਧੂਰੀ" (Hastily written, Half finished) ਕਿਹਾ ਸੀ। ਬਦਲਦੇ ਹੋਏ ਸੰਦਰਭਾਂ ਵਿਚ ਇਤਿਹਾਸ ਦੀ ਨਵੀਂ ਨਰੋਈ ਵਿਆਖਿਆ ਕਰਨੀ ਅਤੇ ਉਸ ਨੂੰ ਸਮਕਾਲ ਨਾਲ ਜੋੜ ਕੇ ਰਚਨਾਤਮਿਕ-ਕਿਰਤ ਦਾ ਵਿਸ਼ਾ ਬਣਾਉਣਾ ਆਪਣੇ ਆਪ ਵਿਚ ਬੜਾ ਮਹੱਤਵ-ਪੂਰਨ ਕਾਰਜ ਹੁੰਦਾ ਹੈ। ਸ਼ਾਇਦ ਏਸੇ ਕਾਰਨ ਹੀ ਨਾਜ਼ਿਮ ਦੀਆਂ ਹੇਠ ਲਿਖੀਆਂ ਕਾਵਿ-ਪੰਗਤੀਆਂ ਬਹੁਤ ਵਾਰ ਹਵਾਲੇ ਵਜੋਂ ਤੇ ਇਤਿਹਾਸ ਦੀ ਸਹੀ ਵਿਆਖਿਆ ਦੇ ਕਾਰਜ ਵਜੋਂ ਪਸੰਦ ਕੀਤੀਆਂ ਜਾਂਦੀਆਂ ਹਨ।

ਦੋਸਤੋ ਰੋਵੋ ਨਹੀਂ
ਨਾ ਹਉਕੇ ਭਰੋ,
ਸਗੋਂ ਕੱਲ੍ਹ ਨੂੰ ਅੱਜ ਨਾਲ ਜੋੜੋ
ਤੇ ਅੱਜ ਨੂੰ ਭਲਕ ਨਾਲ।

ਨਾਜ਼ਿਮ ਦੀ ਇਹ ਵਾਰ ਕਲਾਤਮਿਕ ਵਿਧੀ ਦੇ ਪੱਖ ਤੋਂ ਹੀ ਨਹੀਂ, ਸੁਹਜ-ਸ਼ਾਸਤਰੀ ਨਜ਼ਰੀਏ ਤੋਂ ਵੀ ਉਸ ਦੀ ਕਾਵਿ-ਸਮਰੱਥਾ ਦੀ ਗਵਾਹੀ ਭਰਦੀ ਹੈ। ਉਸ ਨੇ ਆਪਣੇ ਦਿਲ ਦਾ ਪੂਰਾ ਦਰਦ, ਇਸ ਰਚਨਾ ਵਿਚ ਗੁੰਨ੍ਹ ਦਿੱਤਾ ਹੈ ਕਿ ਕਈ ਵੇਰ ਬੀਤੇ ਇਤਿਹਾਸ ਦੇ ਇਹ ਪਾਤਰ ਅਤੇ ਧਰਤ-ਦ੍ਰਿਸ਼ ਜੀਊਂਦੇ-ਜਾਗਦੇ

ਸਾਹਮਣੇ ਆ ਖਲੋਂਦੇ ਹਨ।

ਬੜੀ ਗਰਮੀ ਸੀ
ਬੱਦਲ ਭਰੇ-ਭਰਾਏ ਸੀ
ਪਹਿਲੀ ਬੂੰਦ,
ਮਿੱਠੇ ਸ਼ਬਦ ਵਾਂਗ ਡਿੱਗਣ ਵਾਲੀ ਸੀ (ਪੰਨਾ 148)

ਜਾਂ

ਅਤਿ ਦੀ ਕੂਲੀ, ਅਤਿ ਦੀ ਸਖ਼ਤ
ਅਤਿ ਦੀ ਦਿਆਲੂ, ਅਤਿ ਦੀ ਸੰਜਮੀ
ਸਭ ਤੋਂ ਪਿਆਰੀ
ਸਭ ਤੋਂ ਵੱਡੀ
ਸਭ ਤੋਂ ਸੁੰਦਰ ਤੀਵੀਂ
ਧਰਤੀ
ਕੁਝ ਨਵੇਂ ਨੂੰ ਜਨਮ ਦੇਣ ਵਾਲੀ ਸੀ। (ਪੰਨਾ 147)

ਵਾਰ ਦਾ ਅੰਤ ਕਰਦਾ ਕਵੀ-ਨਾਜ਼ਿਮ ਭਾਰੇ ਤੇ ਦੁਖੀ ਮਨ ਨਾਲ ਸਾਰੇ ਬਿਰਤਾਂਤ ਨੂੰ ਸਮੇਟਦਾ ਲਹੂ ਦੇ ਅੱਥਰੂਆਂ ਰਾਹੀਂ ਆਪਣੀ ਅੰਦਰਲੀ ਵੇਦਨਾ ਨੂੰ ਪ੍ਰਗਟ ਕਰਦਾ ਹੈ।

ਬਾਰਸ਼ ਫੁੰਕਾਰੀ ਮਾਰਦੀ ਹੈ
ਭਰੀ ਹੋਈ
ਘੁਸਰ ਮੁਸਰ ਕਰਦੀ
ਗੱਦਾਰੀ ਦੇ ਸ਼ਬਦਾਂ ਵਾਂਗ।

ਬਾਰਸ਼ ਫੁੰਕਾਰੇ ਮਾਰਦੀ ਹੈ
ਕਾਲੀ ਧਰਤੀ 'ਤੇ
ਨੰਗੇ ਚਿੱਟੇ ਪੈਰਾਂ ਨਾਲ ਦੌੜਦੇ
ਭਗੌੜਿਆਂ ਵਾਂਗ

ਬਾਰਸ਼ ਦੰਦ ਪੀਂਹਦੀ ਹੈ
'ਸੀਰਾਏ' ਦੀ ਮੰਡੀ ਵਿਚ
ਠਠਿਆਰ ਦੀ ਭੱਠੀ ਤੋਂ ਪਰੇ
ਬਦਰਉਦੀਨ ਰੁੱਖ ਨਾਲ ਲਟਕਦਾ ਹੈ। (ਚੋਣਵੀਂ ਕਵਿਤਾ-ਨਾਜ਼ਿਮ ਹਿਕਮਤ ਪੰਨਾ 156)

ਨਾਜ਼ਿਮ ਦੀ ਵਧੇਰੇ ਕਵਿਤਾ ਲੈਅ, ਤਾਲ ਵਾਲੀ ਤੇ ਛੰਦ-ਬੱਧ ਹੈ। ਉਸ ਦੇ ਸ਼ਾਇਰਾਨਾ ਹੁਸਨ ਤੇ ਸ਼ਕਤੀ ਨੂੰ ਉਸ ਦੀ ਆਪਣੀ ਭਾਸ਼ਾ ਵਿਚ ਹੀ ਸਹੀ ਭਾਂਤ ਮਾਣਿਆ ਜਾ ਸਕਦਾ ਹੈ। ਅਨੁਵਾਦ ਤੋਂ ਅਨੁਵਾਦ ਰਾਹੀਂ ਉਸ ਦੇ ਖਿਆਲਾਂ ਜਾਂ ਕਲਪਨਾ-ਉਡਾਰੀ ਦਾ ਕੁਝ ਅਨੁਮਾਨ ਤਾਂ ਲਾਇਆ ਜਾ ਸਕਦਾ ਹੈ। ਪਰ ਉਸ ਦੀ ਕਾਵਿ-ਸਮਰੱਥਾ ਦੀ ਪੂਰੀ ਥਾਹ ਨਹੀਂ ਪਾਈ ਜਾ ਸਕਦੀ।

ਇਹ ਗੱਲ 'ਬਦਰਉਦੀਨ ਦੀ ਵਾਰ' ਬਾਰੇ ਵੀ ਸੱਚ ਹੈ। (25-8-2002)

ਸਹਾਇਕ—ਪੁਸਤਕ-ਸੂਚੀ


1. Romantic Communist (Biography) Saime Goksu, Hurst Company London 1999

2. ਚੋਣਵੀਂ ਕਵਿਤਾ (ਨਾਜ਼ਿਮ ਹਿਕਮਤ) ਅਨੁਵਾਦ, ਹਰਭਜਨ ਸਿੰਘ ਹੁੰਦਲ, ਕੁਕਨੁਸ ਪ੍ਰਕਾਸ਼ਨ-ਜਲੰਧਰ 2002

3. The Epic of Sheik Bedreddin By Nazim Hikmet English trans. Randy Blasing and Mutlu Komuk, Persea Book New York 1977.

4. Human Landscapes By Nazim Hikmet English trans. By Ramdy Blasing and Mutlu Konuk, Persea Books New York-1982.




## 'ਕਾਫ਼ਰ ਮਸੀਹਾ' ਦਾ ਗਲਪੀ ਸੰਗਠਨ


*ਡਾ. ਸੁਖਵਿੰਦਰ ਸਿੰਘ ਰੰਧਾਵਾ*


ਪੂੰਜੀਵਾਦ ਯੁੱਗ ਦੀ ਪੈਦਾਵਾਰ ਨਾਵਲ ਯਥਾਰਥ ਦੇ ਗਲਪਨਿਕ ਰੂਪਾਂਤਰਣ ਦੀ ਦ੍ਰਿਸ਼ਟੀ ਤੋਂ ਅਸੀਮ ਸਮੱਰਥਾ ਤੇ ਸੰਭਾਵਨਾ ਵਾਲਾ ਸਾਹਿਤ ਰੂਪ ਹੈ। ਵਸਤੂ-ਯਥਾਰਥ ਪ੍ਰਕਿਰਿਆ ਨੂੰ ਜਿੰਨੇ ਵਿਸ਼ਾਲ, ਵਿਸਤ੍ਰਿਤ ਰੂਪ ਵਿੱਚ ਇਹ ਰੂਪ ਗ੍ਰਹਿਣ ਕਰਦਾ ਹੈ, ਇਸ ਪ੍ਰਕਿਰਿਆ ਦੀਆਂ ਜਿੰਨੀਆਂ ਮਹੀਨ ਪਰਤਾਂ ਤੇ ਪਾਸਾਰ ਇਸ ਰਾਹੀਂ ਉਜਾਗਰ ਹੁੰਦੇ ਹਨ ; ਅਜਿਹਾ ਕਿਸੇ ਹੋਰ ਵਿਧਾ ਰਾਹੀਂ ਸੰਭਵ ਨਹੀਂ। ਜੀਵਨ ਯਥਾਰਥ ਨੂੰ ਮਹਾਂਕਾਵਿਕ ਪੱਧਰ 'ਤੇ ਗ੍ਰਹਿਣ ਕਰਨ ਕਾਰਨ ਹੀ ਨਾਵਲ ਨੂੰ ਯਥਾਰਥ-ਧਰਮੀ ਬਿਰਤਾਂਤ-ਰੂਪ ਕਿਹਾ ਜਾਂਦਾ ਹੈ। ਇਸ ਦੀ ਯਥਾਰਥਮੂਲਕਤਾ ਲੰਮੇਂ ਅਰਸੇ ਦੇ ਜੀਵਨ ਨੂੰ ਵਿਸਤਾਰ ਨਾਲ ਪੇਸ਼ ਕਰਨ ਵਿਚ ਹੀ ਨਹਿੱਤ ਨਹੀਂ, ਸਗੋਂ ਇਹ ਜੀਵਨ-ਪ੍ਰਕਿਰਿਆ ਦੀ ਅੰਦਰੂਨੀ ਗਤੀ, ਵੇਗ, ਸਾਰ ਤੇ ਦਿਸ਼ਾ ਨੂੰ ਨਿਰਧਾਰਿਤ ਕਰਨ ਵਾਲੇ ਤੱਤਾਂ ਦੀ ਰਚਨਾਤਮਿਕ ਤਰਕਸਿਧੀ ਦਾ ਵਿਵੇਕ ਵੀ ਸਿਰਜਦਾ ਹੈ। ਇਸ ਲਈ, ਨਾਵਲ ਨੂੰ ਆਕਾਰ, ਵਿਸਤਾਰ, ਪਾਸਾਰ ਤੇ ਦ੍ਰਿਸ਼ਟੀ ਦੇ ਪੱਖ ਤੋਂ ਦੂਸਰੀਆਂ ਸਾਹਿਤਕ ਵਿਧਾਵਾਂ ਨਾਲੋਂ ਸਹਿਜੇ ਹੀ ਨਿਖੇੜਿਆ ਜਾ ਸਕਦਾ ਹੈ। ਨਾਵਲ ਵਿਚਲੀ ਅਜਿਹੀ ਕਲਾਤਮਿਕ ਸਮੱਰਥਾ ਹਰੇਕ ਨਾਵਲਕਾਰ ਵਿਚੋਂ ਜਾਂ ਹਰੇਕ ਨਾਵਲਕਾਰ ਦੀ ਹਰੇਕ ਕਿਰਤ ਵਿਚੋਂ ਨਹੀਂ ਪ੍ਰਗਟ ਹੁੰਦੀ ਅਤੇ ਨਾ ਹੀ ਅਜਿਹਾ ਸੰਭਵ ਹੁੰਦਾ ਹੈ। ਤਾਂ ਵੀ, ਪੰਜਾਬੀ ਨਾਵਲ ਦੇ ਇਤਿਹਾਸਕ ਵਿਕਾਸ ਕ੍ਰਮ ਨੂੰ ਦੇਖਦਿਆਂ ਕਈ ਅਜਿਹੇ ਸਮੱਰਥ ਗਲਪਕਾਰ ਉਭਰਦੇ ਹਨ ਜਿਨ੍ਹਾਂ ਨੇ ਇਸ ਵਿਧਾ ਦੀ ਯਥਾਰਥਵਾਦੀ ਗਲਪ ਸ਼ੈਲੀ ਨੂੰ ਕਿਸੇ ਨਾ ਕਿਸੇ ਪੱਖ ਤੋਂ ਨਵੇਂ ਅਰਥ-ਵਿਸਤਾਰ ਦਿੱਤੇ ਹਨ। ਅਜਿਹੇ ਗਲਪਕਾਰਾਂ ਦੀ ਸੂਚੀ ਵਿੱਚ ਇੰਦਰ ਸਿੰਘ ਖਾਮੋਸ਼ ਦਾ ਨਾਂ ਸਹਿਜੇ ਹੀ ਸ਼ਾਮਲ ਕੀਤਾ ਜਾ ਸਕਦਾ ਹੈ। ਇਕ ਕਲਾ-ਸੰਗਠਨ ਅਤੇ ਵਸਤੂ-ਯਥਾਰਥ ਨੂੰ ਪੇਸ਼ ਕਰਨ ਵਾਲੀ ਨਿਵੇਕਲੀ ਕਲਾ-ਦ੍ਰਿਸ਼ਟੀ ਦੇ ਪੱਖ ਤੋਂ ਉਸ ਦੇ ਨਾਵਲਾਂ ਬਾਰੇ ਵਾਜਿਬ ਚਰਚਾ ਵੀ ਹੁੰਦੀ ਰਹੀ ਹੈ। ਉਸ ਦੇ ਨਾਵਲ ਰਿਸ਼ਤਿਆਂ ਦੇ ਰੰਗ (1978), ਚਾਨਣ ਦਾ ਜੰਗਲ (1980), ਇਕ ਤਾਜ ਮਹਿਲ ਹੋਰ (1987), ਬੁੱਕਲ ਦਾ ਰਿਸ਼ਤਾ (1991) ਜਾਂ ਕਰਜ਼ੱਈ ਸੁਪਨੇ—ਹਰ ਇਕ ਦੇ ਪ੍ਰਕਾਸ਼ਨ ਨਾਲ ਸਾਹਿਤ ਦੇ ਖਲੋਤੇ ਪਾਣੀਆਂ ਵਿੱਚ ਕੁਝ ਨਾ ਕੁਝ ਹਲਚਲ ਅਵੱਸ਼ ਹੋਈ ਹੈ। ਅਜਿਹੀ ਹਲਚਲ ਉਸ ਦੇ ਛੇਵੇਂ ਨਾਵਲ 'ਕਾਫ਼ਰ ਮਸੀਹਾ' (2002) ਦੇ ਛਪਣਸਾਰ ਹੀ ਹੁੰਦੀ ਦਿਸ ਰਹੀ ਹੈ।

'ਕਾਫ਼ਰ ਮਸੀਹਾ' ਦੇ ਮੁਕੰਮਲ ਪਾਠ ਅਤੇ ਪਾਠ ਤੋਂ ਪੂਰਵ ਅੰਕਿਤ ਲੇਖਕ ਦੇ ਸਵੈ ਕਥਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇੰਦਰ ਸਿੰਘ ਖਾਮੋਸ਼ ਇਕ ਅਜਿਹਾ ਮਿਹਨਤੀ, ਸਿਰੜੀ ਤੇ ਲਗਨ ਵਾਲਾ ਵਿਅਕਤੀ ਹੈ ਜਿਸ ਨੇ ਇਸ ਨਾਵਲ ਰਚਨਾ ਨੂੰ ਪੂਰੀ ਵਿਉਂਤਬੰਦੀ ਨਾਲ 'ਪਰਾਜੈਕਟ ਵਰਕ' ਦੇ ਰੂਪ ਵਿੱਚ ਨੇਪਰੇ ਚਾੜ੍ਹਿਆ ਹੈ। ਅਜਿਹੀ ਮਿਹਨਤ ਤੇ ਵਿਉਂਤਬੰਦੀ ਹੈ ਵੀ ਸੁਭਾਵਿਕ ਕਿਉਂਕਿ ਲਿਓ ਤਾਲਸਤਾਏ ਵਰਗੀ ਸੰਸਾਰ ਪ੍ਰਸਿੱਧ ਲੇਖਕ-ਸ਼ਖਸੀਅਤ ਦੀ ਸਿਰੇ ਦੇ ਉਤਰਾਵਾਂ-ਚੜ੍ਹਾਵਾਂ, ਉਲਾਰਾਂ, ਤੂਫ਼ਾਨੀ, ਤਰਲ, ਉਲਝੀ ਤੇ ਉਦੇਸ਼ ਮੁੱਖ ਜ਼ਿੰਦਗੀ ਨੂੰ ਨਾਵਲੀ ਬਿੰਬ ਵਿੱਚ ਢਾਲਣਾ ਆਪਣੇ ਆਪ ਵਿੱਚ ਇਕ ਕਠਿਨ ਤੇ ਚੁਣੌਤੀਪੂਰਨ ਕਾਰਜ ਸੀ। ਆਪਣੇ ਸਵੈ ਕਥਨ ਵਿੱਚ ਖਾਮੋਸ਼ ਜਿਨ੍ਹਾਂ ਮੁੱਖ ਚੁਣੌਤੀਆਂ ਦਾ ਉਲੇਖ ਕਰਦਾ ਹੈ, ਉਨਾਂ ਵਿੱਚ ਤਾਲਸਤਾਏ ਦੀ ਪ੍ਰਸਿੱਧੀ, ਮੁੱਖ ਵਿਸ਼ੇ ਅਨੁਸਾਰ ਲੋੜੀਂਦੇ ਤੱਥਾਂ ਦੀ ਚੋਣ, ਨਾਵਲ ਦੇ ਪਹਿਲੇ ਕਾਂਡ ਦੀ ਸਮੱਸਿਆ, ਤਾਲਸਤਾਏ ਦੀ ਜ਼ਿੰਦਗੀ ਦੇ ਇਤਿਹਾਸਕ ਤੱਥਾਂ ਦਾ ਗਲਪੀਕਰਨ ਆਦਿ ਪ੍ਰਮੁੱਖ ਹਨ। ਇਸ ਕਥਨ ਵਿੱਚ ਦਰਜ ਸੂਚਨਾ ਅਨੁਸਾਰ ਲੇਖਕ ਨੇ ਨਾਵਲ ਦੇ ਬਿਰਤਾਂਤਕੀ ਤਾਣੇ-ਪੇਟੇ ਨੂੰ 'ਤਾਲਸਤਾਏ ਵਿਆਹ ਕਿਵੇਂ ਕਰਵਾਉਂਦਾ ਹੈ ? ਅਤੇ ਆਪਣੀ ਇਸ ਗਲਤੀ ਦੀ ਸਜ਼ਾ ਕਿਵੇਂ ਭੁਗਤਦਾ ਹੈ' ਪ੍ਰਸ਼ਨਾਂ ਦੇ ਉਤਰ ਲੱਭਣ ਹਿਤ ਇਸ ਪ੍ਰਕਾਰ ਇਕ ਕਲਾ-ਸੰਗਠਨ ਦੇ ਰੂਪ ਵਿੱਚ ਉਸਾਰਿਆ ਹੈ ਕਿ ਕਿਰਤ ਵਿਚ ਰੌਚਿਕਤਾ ਬਣੀ ਰਹੇ। ਰੌਚਿਕਤਾ ਬਾਰੇ ਉਸਦਾ ਦਾਅਵਾ ਹੈ :-

"ਇਸ ਨਾਵਲ ਦੀ ਰੌਚਿਕਤਾ ਬਾਰੇ ਇਕ ਗੱਲ ਮੈਂ ਦਾਅਵੇ ਨਾਲ ਆਖ ਸਕਦਾ ਹਾਂ ਕਿ ਜਿਹੜਾ ਵੀ ਪਾਠਕ ਇਸ ਨਾਵਲ ਨੂੰ ਪੜ੍ਹਨਾ ਸ਼ੁਰੂ ਕਰੇਗਾ, ਇਹ ਇਸਨੂੰ ਪੂਰਾ ਪੜ੍ਹੇ ਬਿਨਾਂ ਛੱਡ ਨਹੀਂ ਸਕੇਗਾ। ਕਿਉਂਕਿ

ਮੇਰੇ ਇਸ ਨਾਵਲ ਦਾ ਮੁੱਖ ਵਿਸ਼ਾ ਤਾਲਸਤਾਏ ਅਤੇ ਉਸ ਦੀ ਪਤਨੀ ਦੇ ਪਰਿਵਾਰਕ ਜੀਵਨ ਦੀ ਕਹਾਣੀ ਹੈ। ਜਿਸ ਵਿਚੋਂ ਹਰ ਪਤੀ ਪਤਨੀ ਨੂੰ ਆਪਣੀ ਕਹਾਣੀ ਨਜ਼ਰ ਆਵੇਗੀ ਅਤੇ ਹਰ ਪਤੀ ਪਤਨੀ ਆਪਣੇ ਜੀਵਨ ਸਾਥੀ ਨੂੰ ਇਹ ਨਾਵਲ ਪੜ੍ਹਨ ਦੀ ਸਿਫ਼ਾਰਸ਼ ਕਰੇਗਾ/ਕਰੇਗੀ।" (ਪੰਨਾ-17)

ਲੇਖਕ ਦੇ ਇਸ ਵੱਡੇ ਸਿਰਜਣਾਤਮਕ ਦਾਅਵੇ ਨੂੰ ਨਾਵਲ ਦਾ ਪਾਠ ਕਿਸ ਹੱਦ ਤੱਕ ਪੁਸ਼ਟ ਕਰਦਾ ਹੈ ? ਇਸ ਪਾਠ ਦਾ ਸੰਰਚਨਾਤਮਕ ਸੰਗਠਨ ਇਕ ਕਲਾ-ਇਕਾਈ ਦੇ ਰੂਪ ਵਿਚ ਕਿਸ ਪ੍ਰਕਾਰ ਦਾ ਪ੍ਰਭਾਵ ਸਿਰਜਦਾ ਹੈ ? ਇਹ ਕਲਾ-ਇਕਾਈ ਪੰਜਾਬੀ ਨਾਵਲ-ਨਿਗਾਰੀ ਵਿਚ ਕੋਈ ਨਵੇਂ ਕਲਾ-ਆਯਾਮ ਵੀ ਜੋੜਦੀ ਹੈ ਜਾਂ ਪਹਿਲਾਂ ਹੰਢਾਈਆਂ ਜਾ ਚੁੱਕੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਦੁਹਰਾਉਣ ਤੱਕ ਹੀ ਸੀਮਤ ਰਹਿੰਦੀ ਹੈ ? ਅਜਿਹੇ ਅਨੇਕ ਪ੍ਰਸ਼ਨਾਂ ਦਾ ਮਸਤਿਕ ਵਿਚ ਜਾਗਣਾ ਸੁਭਾਵਿਕ ਹੈ, ਜਿਨ੍ਹਾਂ ਦੇ ਉੱਤਰਾਂ ਦੀ ਤਲਾਸ਼ ਲਈ ਨਾਵਲ ਦੇ ਮੂਲ ਬਿਰਤਾਂਤਕੀ ਢਾਂਚੇ ਦੀ ਚੀਰ ਫਾੜ ਦੇ ਨਾਲ-ਨਾਲ ਇਸ ਦੇ ਪਿਛੋਕੜ ਵਿਚ ਕਾਰਜਸ਼ੀਲ ਰਚਨਾ-ਦ੍ਰਿਸ਼ਟੀ ਦਾ ਚਿੰਤਨ-ਮਨਨ ਕਰਦੇ ਹਾਂ।

ਜੀਵਨੀ ਮੂਲਕ-ਇਤਿਹਾਸ ਮੂਲਕ ਨਾਵਲੀ ਕਿਰਤਾਂ ਲਈ ਵੱਡੀ ਚੁਣੌਤੀ ਜੀਵਨੀ/ਇਤਿਹਾਸ ਦੀਆਂ ਵਿਧਾਗਤ ਸੀਮਾਵਾਂ ਤੋਂ ਪਾਰ ਜਾ ਕੇ ਇਕ ਅਜਿਹੇ ਗਲਪ-ਬਿੰਬ ਦੀ ਉਸਾਰੀ ਦੇ ਰੂਪ ਵਿਚ ਹੁੰਦੀ ਹੈ ਜਿਸ ਜੀਵਨ-ਇਤਿਹਾਸ ਦੇ ਬੁਨਿਆਦੀ ਤੱਥ-ਸੱਚ ਗਲਪਨਿਕਤਾ ਵਿਚ ਢਲ ਕੇ ਵਿਆਪਕ ਵਾਸਤਵਿਕਤਾ ਦਾ ਇਕ ਭਰਮ ਸਿਰਜ ਸਕਣ। ਇਹ ਵਿਆਪਕ ਵਾਸਤਵਿਕਤਾ ਦਾ ਭਰਮ ਹੀ ਨਾਵਲੀ ਯਥਾਰਥ ਹੈ ਜੋ ਵਾਸਤਵਿਕ ਹੁੰਦਾ ਹੋਇਆ ਵੀ ਵਾਸਤਵਿਕ ਨਹੀਂ। ਇਸ ਕਰਕੇ ਜੀਵਨੀ/ਇਤਿਹਾਸ ਨੂੰ ਵਸਤੂ-ਸਮੱਗਰੀ ਦੇ ਰੂਪ ਵਿਚ ਆਧਾਰ ਬਣਾ ਕੇ ਨਾਵਲ-ਰਚਨਾ ਕਰਨ ਵਾਲੇ ਲੇਖਕ ਨੂੰ ਕੁਝ ਇਕ ਉਨ੍ਹਾਂ ਵਿਧੀਆਂ/ਜੁਗਤਾਂ ਦੀ ਤਲਾਸ਼ ਕਰਨੀ ਪੈਂਦੀ ਹੈ ਜੋ ਇਸ ਨੂੰ ਸੰਰਚਨਾਤਮਕ ਸੰਗਠਨ ਵਜੋਂ ਇਕ ਨਾਵਲ ਬਿੰਬ ਦੇ ਰੂਪ ਵਿਚ ਸਥਾਪਿਤ ਕਰ ਸਕਣ। ਨਾਵਲ-ਬਿੰਬ ਦੇ ਰੂਪ ਵਿਚ ਇਹ ਸਥਾਪਤੀ ਉਦੋਂ ਹੋਰ ਵੀ ਕਠਿਨ ਹੋ ਜਾਂਦੀ ਹੈ ਜਦੋਂ ਕਿਰਤ ਵਿਚ ਗ਼ੈਰ ਪੰਜਾਬੀ ਦੀ ਜੀਵਨੀ ਹੋਣ ਕਾਰਨ ਸਾਰਾ ਸਿਰਜਣਾਤਮਕ ਲੋਕੇਲ ਹੀ ਗ਼ੈਰ ਪੰਜਾਬੀ ਹੋਵੇ। ਅਜਿਹੀ ਚੁਣੌਤੀਪੂਰਨ ਸਿਰਜਣਾਤਮਕ ਸਥਿਤੀ ਇੰਦਰ ਸਿੰਘ ਖਾਮੋਸ਼ ਦੇ ਸਨਮੁੱਖ ਹੈ ਅਤੇ ਉਹ ਆਪਣੀ ਕਲਾ-ਪ੍ਰਤਿਭਾ ਦੇ ਆਸਰੇ ਪੂਰੀ ਸੁਹਿਰਦਤਾ ਨਾਲ ਇਸ ਚੁਣੌਤੀ ਨੂੰ ਨਜਿੱਠਣ ਦੀ ਕੋਸ਼ਿਸ਼ ਕਰਦਾ ਹੈ।

ਖ਼ਾਮੋਸ਼ ਨੇ 'ਕਾਫ਼ਰ ਮਸੀਹਾ' ਦੇ ਸੰਰਚਨਾਤਮਕ ਸੰਗਠਨ ਨੂੰ ਦੋ ਭਾਗਾਂ ਦੇ ਰੂਪ ਵਿਚ ਉਸਾਰਿਆ ਹੈ। ਪਹਿਲੇ ਭਾਗ ਵਿਚ 24 ਕਾਂਡ ਅਤੇ ਦੂਜੇ ਵਿਚ 36 ਹਨ। ਇਹ ਸਮੁੱਚਾ ਸੰਗਠਨ 60 ਕਾਂਡਾਂ 'ਤੇ ਅਧਾਰਿਤ ਹੈ। ਇਸ ਸੰਰਚਨਾ-ਸੰਗਠਨ ਨੂੰ ਤਾਲਸਤਾਏ ਦੇ ਜੀਵਨ ਦੇ ਤਿੰਨ ਪੜਾਵਾਂ ਨੂੰ ਆਧਾਰ ਬਣਾ ਕੇ ਵਿਉਂਤਿਆ ਗਿਆ ਹੈ। ਪਹਿਲੇ ਕਾਂਡ ਦਾ ਆਰੰਭ ਉਸ ਦੇ ਜੀਵਨ ਦੇ ਦੂਸਰੇ ਪੜਾਅ (34ਵੇਂ ਸਾਲ) ਤੋਂ ਹੁੰਦਾ ਹੈ। ਜਦੋਂ ਉਹ ਸੋਨੀਆ ਨਾਲ ਪਿਆਰ-ਵਿਆਹ ਬੰਧਨ ਵਿਚ ਬੱਝ ਕੇ ਪਹਿਲੇ ਪੜਾਅ ਵਾਲੇ ਆਕੜਖਾਨ, ਜਗੀਰਦਾਰ, ਜੂਏਬਾਜ਼, ਤੀਵੀਂਬਾਜ਼, ਵਿਹਲੜ, ਬੇਅਸੂਲੇ ਤੇ ਵਿਭਚਾਰੀ ਵਿਅਕਤੀ ਵਾਲੇ ਜੀਵਨ-ਬਿੰਬ ਨੂੰ ਸੁਚੇਤ ਤੌਰ 'ਤੇ ਤੋੜ ਕੇ ਇਕ ਜ਼ਿੰਮੇਵਾਰ, ਲੋਕਪੱਖੀ, ਮਾਨ-ਸਨਮਾਨ, ਪੈਸਾ, ਪ੍ਰਸਿੱਧੀ ਤੇ ਨੈਤਿਕਤਾ ਦੇ ਮੁੱਲਾਂ ਨਾਲ ਪਰਨਾਏ ਵਿਅਕਤੀ ਦੇ ਤੌਰ 'ਤੇ ਕਿਰਿਆਸ਼ੀਲ ਹੁੰਦਾ ਹੈ। ਭਾਗ ਦੂਜੇ ਦਾ ਪਹਿਲਾ ਕਾਂਡ ਉਸ ਦੇ ਜੀਵਨ ਦੇ ਦੂਸਰੇ ਮਹੱਤਵਪੂਰਨ ਮੋੜ (50 ਸਾਲ ਤੋਂ ਬਾਅਦ) ਆਰੰਭ ਹੁੰਦਾ ਹੈ ਜਦੋਂ ਲੇਖਕ ਅਨੁਸਾਰ ਉਹ 'ਪੈਸਾ, ਪ੍ਰਸਿੱਧੀ, ਜਾਇਦਾਦ, ਮਾਨ-ਸਨਮਾਨ ਨੂੰ ਨਫ਼ਰਤ ਕਰਨ ਵਾਲਾ, ਦੱਬੇ ਕੁਚਲੇ ਗਰੀਬਾਂ ਅਤੇ ਕਿਸਾਨਾਂ ਦਾ ਹਮਦਰਦ, ਯਸੂਹ ਦੀਆਂ ਸਿੱਖਿਆਵਾਂ ਅਨੁਸਾਰ ਆਪਣਾ ਜੀਵਨ ਢਾਲ ਕੇ ਨੇਕ ਬਣਨ ਦੀਆਂ ਕੋਸ਼ਿਸ਼ਾਂ ਵਿਚ ਜੁੱਟਿਆ ਮਹਾਤਮਾ ਤਾਲਸਤਾਏ ਹੈ' (ਪੰਨਾ 19) 34ਵੇਂ ਕਾਂਡ ਵਿਚ ਤਾਲਸਤਾਏ ਅਤੇ 36ਵੇਂ ਕਾਂਡ ਵਿਚ ਉਸ ਦੀ ਪਤਨੀ ਸੋਨੀਆ ਦੀ ਮੌਤ ਨਾਲ ਨਾਵਲ ਦਾ ਬਿਰਤਾਂਤਕੀ ਚੱਕਰ ਪੂਰਾ ਹੁੰਦਾ ਹੈ। ਬੇਸ਼ਕ, ਨਾਵਲਕਾਰ ਨੇ ਕਥਾ ਬਿਰਤਾਂਤ ਦਾ ਆਰੰਭ ਤਾਲਸਤਾਏ ਦੇ ਜੀਵਨ ਦੇ ਵਿਆਹ-ਵਰ੍ਹੇ 34ਵੇਂ ਸਾਲ ਤੋਂ ਕੀਤਾ ਹੈ ਅਤੇ ਇਹ ਬਿਰਤਾਂਤ ਸਰਲ ਲਕੀਰੀ



ਬਿਰਤਾਂਤ ਦੇ ਰੂਪ ਵਿਚ ਉੱਪਰ ਨੂੰ ਚੱਲਦਾ ਰਹਿੰਦਾ ਹੈ ਪ੍ਰੰਤੂ ਪਹਿਲੇ ਪੜਾਅ ਦਾ ਗ਼ੈਰ ਹਾਜ਼ਿਰ ਜੀਵਨ-ਬਿਰਤਾਂਤ ਵੀ ਕਥਾ-ਬਿਰਤਾਂਤ ਵਿਚ ਕਿਵੇਂ ਨਾ ਕਿਵੇਂ ਹਾਜ਼ਿਰ ਰਹਿੰਦਾ ਹੈ ਬਲਕਿ ਇਹ ਕਹਿਣਾ ਉਚਿਤ ਹੈ ਕਿ ਤਾਲਸਤਾਏ ਦੀ ਨਿੱਜੀ, ਪਰਿਵਾਰਕ, ਸਾਹਿਤਕ ਜੀਵਨ ਉੱਤੇ ਇਹ ਵਿਸ਼ੇਸ਼ ਰੂਪ ਵਿਚ ਅਸਰ ਅੰਦਾਜ਼ ਹੁੰਦਾ ਦਿਸਦਾ ਹੈ। ਨਾਵਲਕਾਰ ਦੀ ਪਹਿਲੀ ਪ੍ਰਾਪਤੀ ਪਾਠ ਵਿਚ ਗ਼ੈਰ ਹਾਜ਼ਿਰ ਜੀਵਨ-ਬਿਰਤਾਂਤ ਨੂੰ ਜ਼ਾਹਰਾ ਤੌਰ 'ਤੇ ਹਾਜ਼ਿਰ ਬਿਰਤਾਂਤ ਨਾਲ ਇਕਸੁਰ ਕਰਕੇ ਮੁਕੰਮਲ ਕਥਾ-ਬਿਰਤਾਂਤ ਦੇ ਰੂਪ ਵਿਚ ਸਥਾਪਿਤ ਕਰਨ ਵਿਚ ਹੈ। ਦੂਸਰਾ, ਜੀਵਨੀਮੂਲਕ ਕਥਾ-ਬਿਰਤਾਂਤ ਹੋਣ ਕਾਰਨ ਇਹ ਖਦਸ਼ਾ ਬਣਨਾ ਸੁਭਾਵਿਕ ਹੈ ਕਿ ਤਾਲਸਤਾਏ ਤੇ ਸੋਨੀਆ ਦੇ ਨਿੱਜੀ/ਪਰਿਵਾਰਕ ਜੀਵਨ ਦੇ ਨਾਲ ਜੁੜੇ ਵੇਰਵੇ ਭਾਰੂ ਹੋ ਕੇ ਇਕ ਅਜਿਹਾ ਵਿਅਕਤੀਗਤ ਪਰਿਵੇਸ਼ ਹੀ ਨਾ ਸਿਰਜ ਦੇਣ ਜੋ ਵਿਆਪਕ ਸਮਾਜਿਕ, ਰਾਜਨੀਤਕ, ਧਾਰਮਿਕ ਤੇ ਸਾਹਿਤਕ ਪਰਿਵੇਸ਼ ਤੋਂ ਕੱਟਿਆ ਹੋਇਆ ਹੋਵੇ ਕਿਉਂਕਿ ਕੋਈ ਵੀ ਕਲਾਕਾਰੀ ਜੀਵਨ ਅਤਿ ਨਿੱਜੀ, ਘਰੇਲੂ ਤੇ ਪਰਿਵਾਰਕ ਮਾਹੌਲ ਤੋਂ ਇਲਾਵਾ ਆਪਣੇ ਆਲੇ-ਦੁਆਲੇ ਦੇ ਚੌਗਿਰਦੇ ਤੋਂ ਵਿਸ਼ੇਸ਼ ਰੂਪ ਵਿਚ ਅਰਥ-ਵਿਵੇਕ ਗ੍ਰਹਿਣ ਕਰਦਾ ਹੈ। ਲੇਖਕ ਨੇ ਤਾਲਸਤਾਏ ਤੇ ਸੋਨੀਆ ਦੇ ਨਿੱਜੀ ਦੰਪਤੀ ਜੀਵਨ ਦਾ ਕਥਾ-ਬਿਰਤਾਂਤ ਸਿਰਜਦਿਆਂ ਇਕ ਅਜਿਹਾ ਵਿਆਪਕ ਸਮਾਜਿਕ ਪਰਿਵੇਸ਼ ਸਿਰਜਿਆ ਹੈ ਜਿਸ ਦੀ ਮਦਦ ਨਾਲ ਕੇਵਲ ਅਸੀਂ ਇਨ੍ਹਾਂ ਦੋਹਾਂ ਵਿਅਕਤਿਤਵਾਂ ਨੂੰ ਉੱਚਿਤ ਪਰਿਪੇਖ ਵਿਚ ਗ੍ਰਹਿਣ ਕਰ ਸਕਦੇ ਹਾਂ ਸਗੋਂ ਲਿਓ ਦੇ ਸਾਹਿਤਕ ਜੀਵਨ ਅਤੇ ਜੰਗ ਤੇ ਅਮਨ, ਅੱਨਾ ਕਰੈਨਿਨਾ, ਕਰੂਜ਼ਰ ਸੋਨਾਟਾ ਜਾਂ ਮੋਇਆਂ ਦੀ ਜਾਗ ਵਰਗੇ ਸੰਸਾਰ ਪ੍ਰਸਿੱਧ ਨਾਵਲਾਂ ਨੂੰ ਸਮਝਣ ਲਈ ਮਹੱਤਵਪੂਰਨ ਅੰਤਰ-ਦ੍ਰਿਸ਼ਟੀਆਂ ਵੀ ਇਸ ਤਰ੍ਹਾਂ ਸਹਿਜੇ ਹੀ ਪ੍ਰਾਪਤ ਹੋ ਜਾਂਦੀਆਂ ਹਨ। ਜਿਸ ਪ੍ਰਕਾਰ ਖਾਮੋਸ਼ ਨੇ ਇਸ ਨਾਵਲ ਵਿਚ ਵਿਅਕਤੀਗਤ ਤੇ ਵਿਆਪਕ ਸਮਾਜਿਕ ਪਰਿਵੇਸ਼ ਵਿਚਕਾਰ ਇਕ ਯੋਗ ਸਮਤੋਲ ਸਿਰਜ ਕੇ ਸੰਰਚਨਾ-ਸੰਗਠਨ ਦੀ ਉਸਾਰੀ ਕੀਤੀ ਹੈ, ਇਸ ਨੇ ਸਾਹਿਤਕ ਸਮਾਜਿਕ ਦ੍ਰਿਸ਼ਟੀ ਤੋਂ 'ਕਰਤਾ-ਕਿਰਤ-ਪਰਿਵਾਰ-ਸਮਾਜ' ਦੇ ਪਰਸਪਰ ਸੰਬੰਧਾਂ ਨੂੰ ਇਕ ਵਿਸ਼ੇਸ਼ ਯਥਾਰਥ-ਧਰਾਤਲ ਉੱਤੇ ਪੇਸ਼ ਕਰਨ ਵਿਚ ਸਹਾਇਤਾ ਕੀਤੀ ਹੈ। ਇਨ੍ਹਾਂ ਸੰਬੰਧਾਂ ਵਿਚ ਅਨੇਕਾਂ ਰੂਪਾਂ ਵਿਚ ਪਾਠ ਵਿਚ ਉਪਲਬਧ ਗਲਪਨਿਕ ਚਿੰਤਨ ਲੇਖਕ ਦੀ ਇਕ ਹੋਰ ਪ੍ਰਾਪਤੀ ਹੋ ਨਿਬੜੀ ਹੈ। ਨਾਵਲਕਾਰ ਕਿਤੇ ਤਾਂ ਤਾਲਸਤਾਏ/ਸੋਨੀਆ ਦੇ ਵਿਅਕਤੀਗਤ ਜੀਵਨ-ਵੇਰਵਿਆਂ ਦੀ ਮਦਦ ਨਾਲ ਸਮਾਜਿਕ ਪਰਿਵੇਸ਼ ਦੀ ਉਸਾਰੀ ਕਰਦਾ ਹੈ ਅਤੇ ਕਿਤੇ ਵਿਆਪਕ ਸਮਾਜਿਕ ਵੇਰਵਿਆਂ ਰਾਹੀਂ ਉਨ੍ਹਾਂ ਦੇ ਵਿਅਕਤੀਗਤ ਗੁਣਾਂ/ਔਗੁਣਾਂ ਪਿੱਛੇ ਕਾਰਜਸ਼ੀਲ ਪ੍ਰੇਰਕਾਂ ਨੂੰ ਚਿਹਨਿਤ ਕਰਨ ਦੀ ਜੁਗਤ ਅਪਨਾਉਂਦਾ ਹੈ। ਇੰਜ ਤਾਲਸਤਾਏ ਤੇ ਸੋਨੀਆ ਦਰਮਿਆਨ ਨਿਰੰਤਰ ਤਣਾਓ/ਟਕਰਾਓ ਦੀ ਸਥਿਤੀ ਵੀ ਨਿਰੋਲ ਵਿਅਕਤੀਗਤ ਤੇ ਇਕਹਿਰੇ ਜਿਹੇ ਅਰਥਾਂ ਦੀ ਸੂਚਕ ਰਹਿਣ ਦੀ ਥਾਂ ਵਿਅਕਤੀ, ਸਾਹਿਤ, ਸਮਾਜ, ਧਰਮ, ਰਾਜਨੀਤੀ ਆਦਿ ਨਾਲ ਜੁੜੇ ਵਡੇਰੇ ਪ੍ਰਸ਼ਨਾਂ/ਪ੍ਰਸੰਗਾਂ ਤੋਂ ਆਪਣਾ ਅਰਥ-ਵਿਵੇਕ ਗ੍ਰਹਿਣ ਕਰਨ ਲੱਗਦੀ ਹੈ।

ਦਰਅਸਲ, ਖਾਮੋਸ਼ ਦੀ ਵਿਸ਼ੇਸ਼ ਪ੍ਰਾਪਤੀ ਤਾਲਸਤਾਏ ਤੇ ਸੋਨੀਆ ਵਿਚਲੇ ਤਣਾਓ/ਟਕਰਾਓ/ਦਵੰਦ ਨੂੰ ਦੋ ਪ੍ਰਕਾਰ ਦੇ ਕੀਮਤ-ਪ੍ਰਬੰਧਾਂ, ਦੋ ਤਰ੍ਹਾਂ ਦੀਆਂ ਜੀਵਨ ਸ਼ੈਲੀਆਂ, ਦੋ ਸਿਧਾਂਤਾਂ/ਆਦਰਸ਼ਾਂ ਦਰਮਿਆਨ ਤਣਾਓ/ਟਕਰਾਓ ਦੇ ਰੂਪ ਵਿਚ ਪਰਿਵਰਤਿਤ ਕਰਨ ਨਾਲ ਹੈ ਅਤੇ ਅਜਿਹੇ ਵਿਆਪਕ ਅਰਥਾਂ ਵਾਲਾ ਵਸਤੂ-ਵਿਵੇਕ ਪਾਠ ਵਿਚ ਪ੍ਰਾਪਤ ਹੈ। ਇਉਂ ਇਹ ਤਣਾਓ ਵਿਅਕਤੀਗਤ/ਪਰਿਵਾਰਕ ਹੋਣ ਦੇ ਨਾਲ-ਨਾਲ ਸਮਾਜਿਕ ਤਣਾਵਾਂ/ਟਕਰਾਵਾਂ ਦਾ ਰੂਪ ਅਖਤਿਆਰ ਕਰ ਜਾਂਦੇ ਹਨ। ਬਿਰਤਾਂਤ ਜਿਉਂ-ਜਿਉਂ ਅੱਗੇ ਵਧਦਾ ਹੈ, ਸਮੂਹ ਪਾਤਰਾਂ ਦੀ ਧਿਰਬੰਦੀ ਵੀ ਇਸੇ ਆਧਾਰ 'ਤੇ ਹੁੰਦੀ ਜਾਂਦੀ ਹੈ ਅਤੇ ਇਸ ਤਣਾਓ/ਟਕਰਾਓ ਦੇ ਤੀਖਣ ਜਾਂ ਮੱਧਮ ਹੋਣ ਨਾਲ ਬਿਰਤਾਂਤਕ ਸੰਤੁਲਨ, ਅਸੰਤੁਲਨ ਦੇ ਕੇਂਦਰ ਵੀ ਤੇਜ਼ੀ ਨਾਲ ਬਦਲਣ ਲੱਗਦੇ ਹਨ। ਕੀਮਤਾਂ-ਮੁੱਲਾਂ, ਜੀਵਨ ਸ਼ੈਲੀਆਂ ਜਾਂ ਸਿਧਾਂਤਾਂ ਦਾ ਇਹ ਤਣਾਓ/ਟਕਰਾਓ ਆਮ ਆਰੋਪਿਤ ਵਿਚਾਰਧਾਰਕ ਪੈਂਤੜੇ ਤੋਂ ਪ੍ਰੇਰਿਤ ਨਹੀਂ ਸਗੋਂ ਇਹ ਮਾਕੂਲ ਘਟਨਾਵਾਂ ਤੇ ਸਥਿਤੀਆਂ ਰਾਹੀਂ ਨਿੱਜੀ ਹਉਂ, ਹਿੰਡ, ਅਣਖ, ਅਭਿਮਾਨ, ਆਤਮ ਸਨਮਾਨ, ਈਰਖਾ, ਸਾੜਾ, ਘਿਰਣਾ,

ਨਫ਼ਰਤ ਆਦਿ ਭਾਵਾਂ ਦੇ ਰੂਪ ਵਿਚ ਵੀ ਉਜਾਗਰ ਹੁੰਦਾ ਹੈ। ਇਸ ਸੰਤੁਲਨ, ਅਸੰਤੁਲਨ ਦੀਆਂ ਅਵਸਥਾਵਾਂ ਸੂਖਮ ਇਸ਼ਾਰਿਆਂ ਅਤੇ ਅਰਥ ਪੂਰਨ ਸੰਕੇਤਾਂ ਰਾਹੀਂ ਉਸਰਦੀਆਂ ਹਨ ਅਤੇ ਘਟਨਾਵਾਂ ਇਕ ਆਂਤਰਿਕ ਸੇਧ, ਤਰਕ ਦੇ ਤਹਿਤ ਇਕ ਨਿਸ਼ਚਿਤ ਦ੍ਰਿਸ਼ਟੀਗਤ ਪੈਂਤੜੇ ਦੀਆਂ ਧਾਰਨੀ ਹੋ ਨਿੱਬੜਦੀਆਂ ਹਨ। ਨਾਵਲਕਾਰ ਆਪਣੇ ਸਿਰਜਣਾਤਮਕ ਪੈਂਤੜੇ ਅਨੁਰੂਪ ਅਕਸਰ ਅਨਿਰਣੈ ਦੀ ਅਵਸਥਾ ਨੂੰ ਤੋੜ ਕੇ ਕਿਸੇ ਸੰਭਾਵੀ ਸੰਤੁਲਨ ਵੱਲ ਸੰਕੇਤ ਕਰਦਾ ਹੈ ਪਰ ਬਹੁਤ ਜਲਦੀ ਸਥਿਤੀ ਅਸੰਤੁਲਨ/ਅਨਿਰਣੈ ਦੀ ਅਵਸਥਾ ਵਿਚ ਪਹੁੰਚ ਜਾਂਦੀ ਹੈ। ਜੇ ਇਸ ਤਣਾਓ/ਟਕਰਾਓ ਦੀ ਪ੍ਰਕਿਰਤੀ ਨੂੰ ਥੋੜ੍ਹਾ ਹੋਰ ਗਹਿਰਾਈ ਨਾਲ ਵੇਖੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਮੂਲ ਰੂਪ ਵਿਚ ਇਹ ਤਣਾਓ/ਟਕਰਾਓ ਪਿੰਡ ਬਨਾਮ ਸ਼ਹਿਰ ਜਾਂ ਪੇਂਡੂ ਸੱਭਿਅਤਾ ਤੇ ਸ਼ਹਿਰੀ ਸੱਭਿਅਤਾ ਦਰਮਿਆਨ ਹੈ। ਇਹ ਇਕ ਤਰ੍ਹਾਂ ਪਰੰਪਰਾ ਬਨਾਮ ਆਧੁਨਿਕਤਾ ਦੇ ਰੂਪ ਵਿਚ ਵੀ ਹੈ। ਤਾਲਸਤਾਏ ਦੇ ਅਵਚੇਤਨ ਵਿਚ ਇਸ ਤਣਾਓ ਦਾ ਭੈਅ, ਡਰ ਵਿਆਹ ਤੋਂ ਪਹਿਲਾਂ ਦਾ ਵਸਿਆ ਹੋਇਆ ਹੈ। ਇਕ ਵਾਰ ਸਕੂਲ ਦੇ ਬੱਚਿਆਂ ਨੂੰ ਪੜ੍ਹਾਉਂਦਾ ਉਹ ਆਖਦਾ ਹੈ—

ਸ਼ਹਿਰਨ ਕੁੜੀ ਨਾਲ ਵਿਆਹ ਕਰਵਾਉਣਾ ਸੱਭਿਅਤਾ ਦੀ ਜ਼ਹਿਰ ਪੀਣ ਬਰਾਬਰ ਹੈ। (ਪੰਨਾ 114)

ਇਸ ਤਣਾਓ ਦਾ ਇਕ ਅਤਿ ਨਿੱਜੀ ਪਸਾਰ, ਜਿਸ ਵੱਲ ਬਹੁਤ ਸੂਖਮ ਸੰਕੇਤ ਤਾਲਸਤਾਏ ਦੁਆਰਾ ਸੋਨੀਆ ਬਾਰੇ ਆਪਣੀ ਡਾਇਰੀ ਵਿਚ ਅੰਕਿਤ ਇਨ੍ਹਾਂ ਕੋਡ ਅਰਥੀ ਸ਼ਬਦਾਂ ਤੋਂ ਵੀ ਪ੍ਰਾਪਤ ਹੁੰਦਾ ਹੈ :-

"ਇਹ 'ਉਹ' ਨਹੀਂ ਸੀ।" (ਪੰਨਾ 107)

ਸੋਨੀਆ ਬਾਰੇ ਇਹ ਕੋਡ-ਅਰਥੀ ਸ਼ਬਦ ਸੁਹਾਗਰਾਤ ਤੋਂ ਅਗਲੇ ਦਿਨ ਡਾਇਰੀ ਉੱਤੇ ਲਿਖੇ ਜਾਂਦੇ ਹਨ।

ਵਿਆਹ ਉਪਰੰਤ ਤਾਲਸਤਾਏ ਤੇ ਸੋਨੀਆ ਪੇਂਡੂ ਤੇ ਸ਼ਹਿਰੀ ਸੱਭਿਅਤਾਵਾਂ ਦੇ ਪ੍ਰਤੀਕਾਂ ਦੇ ਰੂਪ ਵਿਚ ਉਭਰਦੇ ਹਨ ਅਤੇ ਸਮਾਜਿਕ ਵਿਕਾਸ ਦੇ ਇਤਿਹਾਸਕ ਸੰਦਰਭ ਵਿਚ ਇਹ ਤਣਾਓ/ਟਕਰਾਓ ਹੈ ਵੀ ਅਨਿਵਾਰੀ। ਇਹ ਤਣਾਓ/ਟਕਰਾਓ ਤਾਲਸਤਾਏ ਦੀ ਮੌਤ ਤੱਕ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਰਹਿੰਦੇ ਹਨ। ਪਹਿਲੇ ਭਾਗ ਦੇ 14 ਵੇਂ ਕਾਂਡ ਵਿਚ ਸੋਨੀਆ ਤਾਲਸਤਾਏ ਅੱਗੇ ਇਕ ਕਾਗਜ਼ ਰੱਖਦੀ ਹੈ। ਜਿਸ ਦੇ ਖੱਬੇ ਪਾਸੇ 'ਸੋਨੀਆ' ਅਤੇ ਸੱਜੇ ਪਾਸੇ 'ਸਕੂਲ+ਕਿਸਾਨ' ਲਿਖਿਆ ਹੋਇਆ ਹੈ। ਤਾਲਸਤਾਏ ਲਈ ਇਹ ਬੜੀ ਕਠਿਨ ਚੋਣ ਹੈ ਕਿਉਂਕਿ ਇਹ ਚੋਣ ਉਸ ਦੇ ਸਾਹਿਤ ਸਿਧਾਂਤ/ਆਦਰਸ਼ ਤੇ ਅਮਲੀ ਜੀਵਨ ਦੇ ਇਕਸੁਰਤਾ ਦੇ ਮਸਲੇ ਨਾਲ ਜੁੜੀ ਹੋਈ ਹੈ। ਪਹਿਲਾਂ ਉਹ 'ਸਕੂਲ' ਸ਼ਬਦ ਉੱਤੇ ਕਾਟਾ ਮਾਰਦਾ ਹੈ ਅਤੇ ਸੋਨੀਆ ਵਲੋਂ ਕਲੇਸ਼ ਖੜ੍ਹਾ ਕਰਨ 'ਤੇ 'ਕਿਸਾਨ' ਉੱਤੇ ਵੀ ਕਾਟਾ ਮਾਰ ਦਿੰਦਾ ਹੈ। ਪਰ ਅਮਲੀ ਜ਼ਿੰਦਗੀ ਵਿਚ ਅੰਤ ਤੱਕ ਵੀ ਉਹ ਅਜਿਹਾ ਕਰਨ ਦੇ ਸਮਰੱਥ ਨਹੀਂ ਹੁੰਦਾ। ਇਨ੍ਹਾਂ ਇਤਿਹਾਸਕ ਪਾਤਰਾਂ ਦੇ ਅਜਿਹੇ ਕਿਰਦਾਰਾਂ ਦੇ ਮਾਧਿਅਮ ਰਾਹੀਂ ਲੇਖਕ ਬਹੁਤ ਕਲਾਤਮਿਕ ਰੂਪ ਵਿਚ ਫੋਕਸ ਅਧੀਨ ਲਿਆਉਣ ਵਿਚ ਕਾਮਯਾਬ ਰਹਿੰਦਾ ਹੈ ਕਿ ਕੀ ਸਾਹਿਤਕ ਕਿਰਤਾਂ ਵਿਚ ਪੇਸ਼ ਸਿਧਾਂਤਾਂ, ਆਦਰਸ਼ਾਂ, ਜੀਵਨ-ਮਨੋਰਥਾਂ ਦਾ ਰਚਨਾਕਾਰ ਦੇ ਆਪਣੇ ਅਮਲੀ ਜੀਵਨ ਵਿਚ ਕੋਈ ਸਥਾਨ ਹੋਣਾ ਚਾਹੀਦਾ ਹੈ ? ਕੀ ਰਚਨਾ ਕੇਵਲ ਮੰਡੀ ਦੀ ਇਕ ਵਸਤ, ਕਮਾਈ ਦਾ ਇਕ ਸਾਧਨ ਮਾਤਰ ਹੀ ਹੈ—ਜਿਹਾ ਕਿ ਸੋਨੀਆ ਸੋਚਦੀ ਹੈ। ਕੀ ਲੇਖਕ ਦਾ ਸਮਾਜਿਕ ਦਾਇਤਵ ਸਿਰਜਿਤ ਸੰਸਾਰ ਵਿਚ ਸ਼ਾਬਦਿਕ ਜਾਮਾ ਪਹਿਨਾਉਣ ਨਾਲ ਹੀ ਸਮਾਪਤ ਹੋ ਜਾਂਦੀ ਹੈ ਜਾਂ ਅਮਲੀ ਪੱਧਰ 'ਤੇ ਜੀਵਨ-ਸਰਗਰਮੀਆਂ ਵਿਚੋਂ ਵੀ ਇਸ ਦੀ ਕਿਰਿਆਸ਼ੀਲਤਾ ਦਾ ਪ੍ਰਸੰਗ ਉਜਾਗਰ ਹੋਣਾ ਚਾਹੀਦਾ ਹੈ ? ਇਸ ਦ੍ਰਿਸ਼ਟੀ ਤੋਂ ਭਾਗ ਦੂਜਾ ਦਾ ਪਹਿਲਾ ਕਾਂਡ ਬਹੁਤ ਮਹੱਤਵਪੂਰਨ ਹੈ। ਜਿਸ ਵਿਚ ਸਿਧਾਂਤਾਂ, ਆਦਰਸ਼ਾਂ, ਵਿਚਾਰਾਂ, ਦ੍ਰਿਸ਼ਟੀਆਂ, ਸ਼ੈਲੀਆਂ ਆਦਿ ਦੀ ਕਸ਼ਮਕਸ਼ ਤਾਲਸਤਾਏ ਤੇ ਸੋਨੀਆ ਦੇ ਆਮ ਤਕਰਾਰਾਂ, ਸੰਵਾਦਾਂ ਦੇ ਰੂਪ ਵਿਚ ਉਘਾੜਨ ਦੀ ਥਾਂ ਖ਼ੁਦ ਤਾਲਸਤਾਏ ਦੇ ਆਂਤਰਿਕ ਦਵੰਦ ਯੁੱਧ ਦੇ ਰੂਪ ਵਿਚ ਉਭਰਦੀ ਹੈ। ਇਹ ਆਂਤਰਿਕ ਦਵੰਦ ਯੁੱਧ ਤਾਲਸਤਾਏ ਤੇ ਉਸ ਦੇ ਅੰਤਹਕਰਣ (ਸੁਚੇਤ-ਅਚੇਤ) ਦੀਆਂ ਸੰਵਾਦੀ ਅਵਾਜ਼ਾਂ ਰਾਹੀਂ ਪੇਸ਼ ਹੁੰਦਾ ਹੈ। ਅੰਤਹਕਰਣ ਦੀ ਇਕ ਆਵਾਜ਼ ਦੇਖਦੇ ਹਾਂ :-

ਅਜਿਹੇ ਨਾਵਲ ਮੈਂ ਹੁਣ ਨਹੀਂ ਲਿਖ ਸਕਦਾ। ਮੈਂ ਲਿਖਣਾ ਨਹੀਂ ਜਿਉਣਾ ਚਾਹੁੰਦਾ ਹਾਂ। ਉਨ੍ਹਾਂ ਵਿਚਾਰਾਂ ਤੇ ਵਿਸ਼ਵਾਸਾਂ ਅਨੁਸਾਰ ਜਿਉਣਾ ਚਾਹੁੰਦਾ ਹਾਂ ਜਿਨ੍ਹਾਂ ਵਿਚੋਂ ਬਦੀ ਦੀ ਬਜਾਇ ਨੇਕੀ ਪੈਦਾ



ਹੋਵੇ। ਸ਼ੁੱਧ ਪਵਿੱਤਰ ਜੀਵਨ ਜਿਉਣਾ ਚਾਹੁੰਦਾ ਹਾਂ। ਲਿਖਣ ਨਾਲੋਂ ਜਿਉਣਾ ਜ਼ਿਆਦਾ ਵੱਡਾ ਕੰਮ ਹੈ। ਚੰਗਾ ਕੰਮ ਹੈ। (ਪੰਨਾ 190)

ਇਹ ਦਵੰਦ ਯੁੱਧ ਇਸੇ ਹੀ ਭਾਗ ਦੇ ਦੂਜੇ ਕਾਂਡ ਵਿਚ ਵੀ ਜਾਰੀ ਰਹਿੰਦਾ ਹੈ, ਜਿਥੇ ਇਸ ਨੂੰ ਉਜਾਗਰ ਕਰਨ ਹਿਤ ਸੁਪਨਾ ਜੁਗਤ ਦੀ ਬਾਕਮਾਲ ਵਰਤੋਂ ਕੀਤੀ ਗਈ ਹੈ। ਦੁਬਿਧਾ ਵਿਚ ਫਸੇ ਹੋਣ ਕਾਰਨ ਤਾਲਸਤਾਏ ਨੂੰ ਰਾਤ ਨੂੰ ਡਰਾਉਣੇ ਸੁਪਨੇ ਆਉਂਦੇ ਹਨ। ਇਥੇ ਸੁਪਨੇ ਦੀ ਜੁਗਤ ਉਸ ਦੀ ਜ਼ਿੰਦਗੀ ਵਿਚ ਵਾਪਰਨ ਵਾਲੇ ਸੰਭਾਵੀ ਮਹੱਤਵਪੂਰਨ ਪਰਿਵਰਤਨ ਵੱਲ ਸੂਖਮ ਸੰਕੇਤ ਦਾ ਮਾਧਿਅਮ ਬਣਦੀ ਹੈ। ਇਹ ਪਰਿਵਰਤਨ ਅਮੀਰਾਂ ਵਾਲੀ ਜੀਵਨ ਸ਼ੈਲੀ ਤਿਆਗ ਕੇ ਆਮ ਕਿਰਤੀ ਲੋਕਾਂ ਦੀ ਜੀਵਨ ਸ਼ੈਲੀ ਅਪਨਾਉਣ ਨਾਲ ਸੰਬੰਧਿਤ ਹੈ। ਜਿਸ ਬਾਰੇ ਵਿਸਤ੍ਰਿਤ ਯੋਜਨਾ ਦਾ ਐਲਾਨ ਉਹ ਅਗਲੇ ਕਾਂਡ (ਤੀਜੇ) ਵਿਚ ਕਰਦਾ ਹੈ। ਗੌਰਤਲਬ ਗੱਲ ਇਹ ਹੈ ਕਿ ਵਿਅਕਤੀਆਂ ਦਾ ਤਣਾਓ/ਟਕਰਾਓ ਕਿਵੇਂ ਸਮਾਜਿਕ ਤਣਾਵਾਂ/ਟਕਰਾਵਾਂ ਦਾ ਪ੍ਰਤੀਕ ਹੋ ਕੇ ਅੰਤਰ ਦਵੰਦ ਯੁੱਧ ਦੇ ਅਖਾੜੇ ਰਾਹੀਂ ਸਮਾਜਿਕ ਪਰਿਵਰਤਨ-ਪ੍ਰਕਿਰਿਆ ਨੂੰ ਰੂਪਮਾਨ ਕਰਨ ਦਾ ਮਾਧਿਅਮ ਬਣ ਜਾਂਦਾ ਹੈ, ਇਹ ਗੱਲ ਬਿਰਤਾਂਤਕਾਰੀ ਦੀ ਪੱਧਰ 'ਤੇ ਬਹੁਤ ਕਲਾਤਮਿਕ ਰੂਪ ਵਿਚ ਆਪਣਾ ਰਚਨਾਤਮਿਕ ਤਰਕ ਸਿਰਜਦੀ ਹੈ। ਇਸ ਪ੍ਰਸੰਗ ਵਿਚ ਹੀ ਉਨ੍ਹਾਂ ਕਲਾ ਜੁਗਤਾਂ ਦੀ ਸਾਰਥਕਤਾ ਦਾ ਸੰਦਰਭ ਖੁੱਲ੍ਹਦਾ ਹੈ। ਜਿਨ੍ਹਾਂ ਕਾਰਨ ਇਹ ਨਾਵਲ ਇਕ ਸਾਮਾਨਯ ਜੀਵਨੀਮੂਲਕ-ਇਤਿਹਾਸਕਮੂਲਕ ਨਾਵਲ ਦੀ ਥਾਂ ਇਕ ਵਿਲੱਖਣ ਕਲਾ ਕਿਰਤ ਦੇ ਤੌਰ 'ਤੇ ਸਥਾਪਿਤ ਹੁੰਦਾ ਹੈ। ਧਿਆਨਯੋਗ ਹੈ ਕਿ ਹਰੇਕ ਨਾਵਲ ਵਿਚ ਕਾਰਜਸ਼ੀਲ ਰਚਨਾ ਜੁਗਤਾਂ ਪਿੱਛੇ ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਕੰਮ ਕਰ ਰਹੀ ਹੁੰਦੀ ਹੈ ਅਤੇ ਇਹ ਦ੍ਰਿਸ਼ਟੀ ਹੀ ਰਚਨਾ-ਵਸਤੂ ਦਾ ਸੁਭਾਵ ਨਿਸ਼ਚਿਤ ਕਰਦੀ ਹੈ। ਰਚਨਾ-ਵਸਤੂ ਦਾ ਸੁਭਾਵ ਹੀ ਰੂਪ ਤੇ ਜੁਗਤਾਂ ਨੂੰ ਨਿਰਧਾਰਿਤ ਕਰਦਾ ਹੈ ਪਰ ਵਰਤੀਆਂ ਜੁਗਤਾਂ ਦੇ ਮਾਧਿਅਮ ਰਾਹੀਂ ਨਾਵਲਕਾਰ ਦੀ ਰਚਨਾ ਦ੍ਰਿਸ਼ਟੀ ਤੱਕ ਪਹੁੰਚਿਆ ਜਾ ਸਕਦਾ ਹੈ। ਖਾਮੋਸ਼ ਦੀ ਰਚਨਾ-ਦ੍ਰਿਸ਼ਟੀ ਤਾਲਸਤਾਏ ਨੂੰ ਇਕ ਅਜਿਹੇ ਮਹਾਨ ਆਦਰਸ਼ਕ ਮਨੁੱਖ/ਲੇਖਕ ਦੇ ਤੌਰ 'ਤੇ ਨਹੀਂ ਗ੍ਰਹਿਣ ਕਰਦੀ ਜੋ ਮਾਨਵੀ ਕਮਜ਼ੋਰੀਆਂ ਤੇ ਚਰਿੱਤਰਕ ਭੈੜਾਂ ਤੋਂ ਪੂਰੀ ਤਰ੍ਹਾਂ ਮੁਕਤ ਹੋਵੇ ਸਗੋਂ ਉਹ ਉਸਨੂੰ ਇਕ ਅਜਿਹੇ ਆਮ ਵਿਅਕਤੀ ਦੇ ਤੌਰ 'ਤੇ ਚਿਤਵਦੀ ਹੈ ਜੋ ਆਪਣੇ ਭੈੜੇ ਕਲੰਕਿਤ ਅਤੀਤ ਤੋਂ ਛੁਟਕਾਰਾ ਪਾ ਕੇ ਆਦਰਸ਼ਕ ਅਰਥ ਪੂਰਨ ਜੀਵਨ ਜਿਉਣ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ। ਇਸੇ ਤਰ੍ਹਾਂ ਲੇਖਕ ਸੋਨੀਆ ਦੇ ਵਿਅਕਤਿਤਵ ਨੂੰ ਵੀ ਚੰਗੇ-ਮੰਦੇ ਪੱਖਾਂ ਸਹਿਤ ਸੁਤੰਤਰ ਰੂਪ ਵਿਚ ਵਿਕਸਿਤ ਹੋਣ ਦੀ ਖੁੱਲ੍ਹ ਦਿੰਦਾ ਹੈ। ਇਉਂ, ਨਾਇਕ ਨੂੰ ਆਦਰਸ਼ੀਕ੍ਰਿਤ ਰੂਪ ਵਿਚ ਪੇਸ਼ ਕਰਨ ਵਾਲੀ ਰਵਾਇਤੀ ਗਲਪ ਰੂੜ੍ਹੀ ਨੂੰ ਉਹ ਸੁਚੇਤ ਤੌਰ 'ਤੇ ਕਮਜ਼ੋਰ ਕਰਦਾ ਹੈ, ਯਥਾਰਥਵਾਦੀ ਦ੍ਰਿਸ਼ਟੀ ਤੋਂ ਇਹ ਬਹੁਤ ਮਹੱਤਵਪੂਰਨ ਗੱਲ ਹੈ। ਦਰਅਸਲ, ਲੇਖਕ ਦਾ ਸਿਰਜਣਾਤਮਿਕ ਪੈਂਤੜਾ ਪਾਤਰਾਂ ਦੇ ਸੁਭਾ ਬਾਰੇ ਜਾਣਕਾਰੀ ਦੇਣ ਦਾ ਨਹੀਂ, ਉਨ੍ਹਾਂ ਦੇ ਠੋਸ ਬਿੰਬ-ਚਿਤਰ ਉਭਾਰਨ ਦਾ ਹੈ। ਪਾਤਰ ਲੰਮੇ ਅਰਸੇ ਵਿਚ ਫੈਲੀਆਂ ਸਥਿਤੀਆਂ ਵਿਚੋਂ ਦੀ ਲੰਘਦੇ ਹਨ। ਇਨ੍ਹਾਂ ਸਥਿਤੀਆਂ ਵਿਚ ਪਏ ਪਾਤਰਾਂ ਦੇ ਪਰਸਪਰ ਸੰਬੰਧ, ਉਨ੍ਹਾਂ ਦੇ ਕਾਰਜ, ਵਿਹਾਰ, ਪਰਿਵੇਸ਼ ਆਦਿ ਤੋਂ ਉਹਨਾਂ ਦੇ ਸੁਭਾਵਾਂ ਦੇ ਜੋ ਸੰਕੇਤ ਪ੍ਰਾਪਤ ਹੁੰਦੇ ਹਨ, ਇਹ ਹੀ ਪਾਤਰਾਂ ਦੇ ਠੋਸ ਬਿੰਬ-ਚਿਤਰ ਬਣਦੇ ਹਨ। ਇਸ ਕਰਕੇ ਨਾਵਲਕਾਰ ਪ੍ਰਤੱਖ ਨਾਲੋਂ ਪਰੋਖ/ਨਾਟਕੀ ਪਾਤਰ ਚਿਤਰਣ ਵਿਧੀਆਂ ਉੱਤੇ ਵੱਧ ਆਪਣੀ ਟੇਕ ਰੱਖਦਾ ਹੈ। ਇਸ ਪ੍ਰਸੰਗ ਵਿਚ ਵਾਰਤਾਲਾਪ, ਏਕਾਲਾਪ ਜਾਂ ਮਨੋ ਅਲਾਪ (Monologue) ਆਦਿ ਨਾਟਕੀ ਜੁਗਤਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਲੇਕਿਨ, ਜਿਨ੍ਹਾਂ ਗਲਪੀ ਜੁਗਤਾਂ ਨੇ ਇਸ ਨਾਵਲ ਨੂੰ ਆਮ ਜੀਵਨੀਮੂਲਕ-ਇਤਿਹਾਸਮੂਲਕ ਨਾਵਲਾਂ ਨਾਲੋਂ ਵੱਖਰਾ ਤੇ ਵਿਸ਼ੇਸ਼ ਬਣਾਇਆ ਹੈ, ਉਨ੍ਹਾਂ ਵਿਚ ਡਾਇਰੀ ਵਿਧੀ, ਚਿੱਠੀ ਜੁਗਤ, ਸੁਪਨਾ ਜੁਗਤ ਤੇ ਚੇਤਨ-ਅਚੇਤਨ ਦਾ ਦਵੰਦ ਆਦਿ ਪ੍ਰਮੁੱਖ ਹਨ। ਤਾਲਸਤਾਏ ਤੇ ਸੋਨੀਆ ਜਿਸ ਵੀ ਸਿਰੇ ਦੀ ਖੁਸ਼ਗਵਾਰ, ਨਾ ਖੁਸ਼ਗਵਾਰ ਭਾਵੁਕ-ਮਾਨਸਿਕ ਸਥਿਤੀ ਵਿਚੋਂ ਦੀ ਗੁਜ਼ਰਦੇ ਹਨ, ਉਸ ਨੂੰ ਉਹ ਡਾਇਰੀ ਉੱਤੇ ਅੰਕਿਤ ਕਰ ਦਿੰਦੇ ਹਨ। ਇਨ੍ਹਾਂ ਪਾਤਰਾਂ ਦੇ ਪਰਸਪਰ ਤਰਲ ਸੰਬੰਧਾਂ ਵਿਚ ਆਉਂਦੇ ਬਹੁਤੇ ਉਤਰਾਵਾਂ-ਚੜ੍ਹਾਵਾਂ

ਵਿਚ ਡਾਇਰੀ ਇਕ ਮਹੱਤਵਪੂਰਨ ਪ੍ਰੇਰਕ ਸ਼ਕਤੀ ਦਾ ਕੰਮ ਕਰਦੀ ਹੈ। ਜਦੋਂ ਪਾਤਰ ਕਾਰਜਹੀਣ ਤੇ ਸਿੱਥਲ ਜਿਹੇ ਹੋ ਜਾਂਦੇ ਹਨ ਤਾਂ ਲੇਖਕ ਡਾਇਰੀ ਨੂੰ ਅਗਰ ਭੂਮਿਤ ਕਰਦਾ ਹੈ। ਤਾਲਸਤਾਏ ਦੇ ਜੀਵਨ ਦੇ ਪਹਿਲੇ 34 ਸਾਲਾਂ ਦਾ ਪਿਛੋਕੜ ਡਾਇਰੀਆਂ ਰਾਹੀਂ ਅਗਰ ਭੂਮੀ ਵਿਚ ਆਉਂਦਾ ਹੈ। ਇਹੀ ਪਿਛੋਕੜ ਜਦੋਂ ਸੋਨੀਆ ਸਾਹਮਣੇ ਪਹਿਲੀ ਵਾਰ ਖੁੱਲ੍ਹਦਾ ਹੈ ਤਾਂ ਉਹ ਮੰਗਣੀ ਤੋੜਨ ਤੱਕ ਦੀ ਸੋਚ ਜਾਂਦੀ ਹੈ। ਨਾਵਲ ਦੇ ਮਗਰਲੇ ਭਾਗ ਵਿਚ ਤਾਲਸਤਾਏ ਦੀਆਂ ਨਿੱਜੀ ਡਾਇਰੀਆਂ ਦਾ ਮੁੱਦਾ ਏਨਾ ਭਖ ਜਾਂਦਾ ਹੈ ਕਿ ਸੋਨੀਆ ਤੇ ਚਰਤਕੋਵ ਲਈ ਇਹ ਜੀਣ-ਮਰਨ ਦਾ ਸਵਾਲ ਬਣ ਜਾਂਦਾ ਹੈ। ਇਥੇ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਡਾਇਰੀ ਜੁਗਤ ਦੀ ਬਹੁਤਾਤ ਕਿਤੇ-ਕਿਤੇ ਬਿਰਤਾਂਤ ਨੂੰ ਕਮਜ਼ੋਰ ਕਰਨ ਦਾ ਬਾਇਸ ਵੀ ਬਣੀ ਹੈ। ਤਾਲਸਤਾਏ ਦੇ ਤਰਲ, ਉਲਾਰ ਤੇ ਉਪਭਾਵੁਕ ਸੁਭਾਅ ਨੂੰ ਡਾਇਰੀ ਦੇ ਸਾਕਾਰ ਕਰਨ ਦੀ ਇਕ ਉਤਕ੍ਰਿਸ਼ਟ ਉਦਾਹਰਣ ਦੇਖਦੇ ਹਾਂ :-

ਮੈਨੂੰ ਅਜਿਹਾ ਪਿਆਰ ਹੋ ਗਿਆ ਹੈ ਕਿ ਮੈਨੂੰ ਖ਼ੁਦ ਵਿਸ਼ਵਾਸ ਨਹੀਂ ਆ ਰਿਹਾ। ਮੈਂ ਪਾਗਲ ਹੋ ਗਿਆ ਹਾਂ। ਜੇਕਰ ਕੁਝ ਸਮਾਂ ਹੋਰ ਇਹੀ ਹਾਲਤ ਰਹੀ ਮੈਂ ਆਪਣੇ ਸਿਰ ਵਿਚ ਗੋਲੀ ਮਾਰ ਲਵਾਂਗਾ।

(ਕਾਂਡ 8, ਪੰਨਾ 82)

ਇਸੇ ਤਰ੍ਹਾਂ ਪਹਿਲੇ ਭਾਗ ਦੇ 10ਵੇਂ ਕਾਂਡ ਵਿਚ ਮਿਤੀਵਾਰ ਰੂਪ ਵਿਚ ਡਾਇਰੀ ਦੇ ਪੰਨਿਆਂ ਰਾਹੀਂ ਤਾਲਸਤਾਏ ਦੇ ਸ਼ਖਸੀ ਪਿਛੋਕੜ ਨੂੰ ਉਭਾਰਿਆ ਗਿਆ ਹੈ। ਇਥੇ ਡਾਇਰੀ ਨਾਵਲ ਪ੍ਰਵਕਤਾ ਦਾ ਹੀ ਇਕ ਰੂਪ ਹੋ ਨਿਬੜਦੀ ਹੈ ਜੋ ਇਕ ਨਾਂਹਮੁਖੀ ਪਹਿਲੂ ਹੈ।

ਡਾਇਰੀ ਵਾਂਗ ਚਿੱਠੀ ਜੁਗਤ ਦੀ ਵਰਤੋਂ ਵੀ ਇਸ ਪਾਠ ਵਿਚ ਮੁਸਲਸਿਲ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਚਿੱਠੀ ਰਾਹੀਂ ਤਾਲਸਤਾਏ ਤੇ ਸੋਨੀਆ ਕੇਵਲ ਮਨ ਦਾ ਭਾਰ ਹੀ ਨਹੀਂ ਹੌਲਾ ਕਰਦੇ ਸਗੋਂ ਇਸ ਰਾਹੀਂ ਉਨ੍ਹਾਂ ਦੇ ਮਨ ਦੇ ਉਹ ਭਾਵ ਵੀ ਸੰਚਰਿਤ ਹੁੰਦੇ ਹਨ। ਜਿਨ੍ਹਾਂ ਨੂੰ ਉਹ ਬੋਲ ਚਾਲ ਰਾਹੀਂ ਪ੍ਰਗਟਾਉਣ ਦਾ ਹੀਆ (ਹੌਸਲਾ) ਨਹੀਂ ਕਰਦੇ। ਤਾਲਸਤਾਏ ਚਾਰ ਹਫ਼ਤੇ ਦੀ ਲੰਮੀ ਮਾਨਸਿਕ ਕਸ਼ਮਕਸ਼ ਤੋਂ ਬਾਅਦ ਚਿੱਠੀ ਰਾਹੀਂ ਹੀ ਸੋਨੀਆ ਅੱਗੇ ਵਿਆਹ ਦੀ ਤਜਵੀਜ਼ ਰੱਖਦਾ ਹੈ। ਇਸੇ ਤਰ੍ਹਾਂ, ਡਾਇਰੀਆਂ ਤੇ ਚਿੱਠੀਆਂ ਰਾਹੀਂ ਲਿਓ ਦੀ ਸ਼ਖਸੀਅਤ ਅੰਦਰਲੇ ਅੰਤਰ-ਵਿਰੋਧ ਵੀ ਵਾਰ-ਵਾਰ ਪ੍ਰਗਟ ਹੋਏ ਹਨ। ਸੋਨੀਆ ਨਾਲ ਵਿਆਹ ਕਰਵਾਉਣ ਲਈ ਤਰਲੋਮੱਛੀ ਹੋਣ ਵਾਲਾ ਇਹੀ ਵਿਅਕਤੀ 14 ਜਨਵਰੀ, 1857 ਨੂੰ ਆਪਣੀ ਪਹਿਲੀ ਪ੍ਰੇਮਿਕਾ-ਮੰਗੇਤਰ ਨੂੰ ਲਿਖੀ ਚਿੱਠੀ ਵਿਚ ਆਖਦਾ ਹੈ :-

ਮੈਂ ਪਰਿਵਾਰਕ ਜੀਵਨ ਲਈ ਬਣਿਆ ਨਹੀਂ ਭਾਵੇਂ ਸਾਰੀਆਂ ਗੱਲਾਂ ਵਿਚੋਂ ਦੁਨੀਆ ਵਿਚ ਮੈਂ ਇਸੇ ਗੱਲ ਦੀ ਪ੍ਰਸ਼ੰਸਾ ਕਰਦਾ ਹਾਂ। ਤੂੰ ਜਾਣਦੀ ਹੈ ਮੈਂ ਕਿੰਨਾ ਗੁੰਝਲਦਾਰ ਆਦਮੀ ਹਾਂ, ਸ਼ੱਕੀ, ਮੂਡੀ।

(ਕਾਂਡ 10, ਪੰਨਾ 89)

ਇਸੇ ਤਰ੍ਹਾਂ ਅਨਿਰਣੈ, ਅਸਥੂਲ ਤੇ ਦੁਬਿਧਾ ਪੂਰਨ ਮਨੋ ਅਵਸਥਾ ਨੂੰ ਪ੍ਰਗਟ ਕਰਨ ਵਿਚ ਸੁਪਨਾ ਜੁਗਤ ਵੀ ਇਕ ਪ੍ਰਭਾਵੀ ਜੁਗਤ ਦੇ ਰੂਪ ਵਿਚ ਉਭਰੀ ਹੈ। ਜਦੋਂ ਤਾਲਸਤਾਏ ਦਾ ਨਾਵਲ 'ਜੰਗ ਅਤੇ ਅਮਨ' ਬਹੁਤ ਪ੍ਰਸਿੱਧ ਹੋ ਜਾਂਦਾ ਹੈ ਤਾਂ ਉਸਦੇ ਮਨ ਉੱਤੇ ਮੌਤ ਦਾ ਡਰ ਤੇ ਅਸੁਰੱਖਿਆ ਭਾਵਨਾ ਬੁਰੀ ਤਰ੍ਹਾਂ ਛਾ ਜਾਂਦੀ ਹੈ। ਇਹ ਭਾਵਨਾ ਉਸਦੇ ਚੇਤਨ-ਅਵਚੇਤਨ ਮਨ ਦੀ ਸੁਪਨਈ ਅਵਸਥਾ ਰਾਹੀਂ ਵਾਰ-ਵਾਰ ਪ੍ਰਗਟ ਹੁੰਦੀ ਹੈ। ਇਸੇ ਤਰ੍ਹਾਂ ਜਦੋਂ ਉਹ ਕੁਲੀਨ ਵਰਗੀ ਜੀਵਨ ਸ਼ੈਲੀ ਨੂੰ ਤਿਆਗਣ ਨਾ ਤਿਆਗਣ ਦੀ ਦੁਬਿਧਾ ਪੂਰਨ ਸੋਚ ਵਿਚ ਦੀ ਗੁਜ਼ਰ ਰਿਹਾ ਹੁੰਦਾ ਹੈ ਤਾਂ ਉਸਨੂੰ ਬਿਨਾਂ ਥੰਮ੍ਹੀਆਂ ਤੋਂ ਅਸਮਾਨ ਵਿਚ ਲਟਕਣ ਦਾ ਡਰਾਉਣਾ ਸੁਪਨਾ ਆਉਂਦਾ ਹੈ। ਲੇਖਕ ਤਾਲਸਤਾਏ ਅੰਦਰਲੀ ਜ਼ਿਹਨੀ ਕਸ਼ਮਕਸ਼ ਤੇ ਉਥਲ-ਪੁਥਲ ਨੂੰ ਹੋਰ ਵਧੇਰੇ ਯਥਾਰਥਕ-ਤਾਰਕਿਕ ਅਧਾਰ ਦੇਣ ਲਈ ਚੇਤਨ-ਅਵਚੇਤਨ ਦੀ ਦਵੰਦ-ਜੁਗਤ ਨੂੰ ਕਿਰਿਆਸ਼ੀਲ ਕਰਦਾ ਹੈ। ਇਹ ਜੁਗਤ ਉਸ ਦੇ ਸਿਰਜਕ ਤੇ ਅਸਿਰਜਕ ਸਵੈ ਦੇ ਟਾਕਰਵੇਂ ਸੰਬੰਧਾਂ ਨੂੰ ਰੂਪਮਾਨ ਕਰਦੀ ਹੈ। ਭਾਗ ਦੂਜੇ ਦੇ ਪਹਿਲੇ ਕਾਂਡ ਵਿਚ ਤਾਲਸਤਾਏ ਤੇ ਉਸ ਦੇ ਅੰਤਹਕਰਣ ਦਾ ਸੰਵਾਦ ਭਾਵੇਂ ਗੰਭੀਰ ਬੌਧਿਕ ਬਹਿਸ ਹੋਣ ਕਾਰਨ ਨਾਵਲ ਦੀ ਬਿਰਤਾਂਤਕ ਚਾਲ ਤੇ ਰਿਦਮ ਨੂੰ ਸੱਟ ਵੀ



ਮਾਰਦਾ ਹੈ ਪਰ ਇਸ ਦਾ ਦੂਸਰਾ ਪੱਖ ਇਹ ਹੈ ਕਿ ਰਚਨਾ ਵਿਚਲੀ ਵਸਤੂ-ਸਥਿਤੀ ਨੂੰ ਪੇਸ਼ ਕਰਨ ਲਈ ਇਸ ਤੋਂ ਢੁੱਕਵੀਂ ਜੁਗਤ ਵੀ ਕੋਈ ਨਹੀਂ। ਨਿਰਸੰਦੇਹ, ਡਾਇਰੀ, ਚਿੱਠੀ, ਸੁਪਨਾ ਜਾਂ ਚੇਤਨ-ਅਵਚੇਤਨ ਦਾ ਦਵੰਦ ਆਦਿ ਜੁਗਤਾਂ ਦੀ ਵਰਤੋਂ ਨਾਵਲ ਦੀ ਮੂਲ ਭੂਤ ਵਸਤੂ-ਸਥਿਤੀ ਦੀ ਲੋੜ ਵਿਚੋਂ ਪੈਦਾ ਹੋਈ ਹੈ। ਇਨ੍ਹਾਂ ਜੁਗਤਾਂ ਦੀ ਉਤਕ੍ਰਿਸ਼ਟ ਵਰਤੋਂ ਨੇ ਇਕ ਵਾਰ ਫੇਰ ਸਰਲ ਲਕੀਰੀ ਬਿਰਤਾਂਤ ਦੀਆਂ ਕਲਾ-ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ—ਨਹੀਂ ਤਾਂ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਗਲਪ ਵਿਚ ਇਹ ਧਾਰਨਾ ਉਭਰਦੀ ਆ ਰਹੀ ਸੀ ਕਿ ਜਟਿਲ ਵਸਤੂ-ਸਥਿਤੀਆਂ ਤੇ ਜਟਿਲ ਕਿਰਦਾਰਾਂ ਨੂੰ ਕੇਵਲ ਜਟਿਲ ਬਿਰਤਾਂਤ ਰਾਹੀਂ ਹੀ ਪੇਸ਼ ਕੀਤਾ ਜਾ ਸਕਦਾ ਹੈ।

ਕਾਫ਼ਰ ਮਸੀਹਾ ਨਾਵਲ ਦੇ ਗ਼ੈਰ ਪੰਜਾਬੀ ਸਿਰਜਣਾਤਮਕ ਲੋਕੇਲ ਨੂੰ ਲੌਕਿਕ ਪੰਜਾਬੀ ਲਬੋ ਲਹਿਜੇ, ਠੇਠ ਪੰਜਾਬੀ ਭਾਸ਼ਕ ਮੁਹਾਵਰੇ ਰਾਹੀਂ ਉਘਾੜਨਾ, ਇਸ ਰਚਨਾ ਦਾ ਇਕ ਹੋਰ ਗੌਲਣਯੋਗ ਪੱਖ ਹੈ। ਗੱਲ ਸਿਰਫ ਠੁੱਕਦਾਰ, ਮੁਹਾਵਰੇ ਪੰਜਾਬੀ ਭਾਸ਼ਾ ਦੇ ਪ੍ਰਯੋਗ ਦੀ ਨਹੀਂ ਸਗੋਂ ਉਸ ਸਮੁੱਚੇ ਪਰਿਵੇਸ਼ ਦੀ ਹੈ ਜਿਸ ਉੱਤੇ ਪੰਜਾਬੀ ਸੱਭਿਆਚਾਰ ਰੰਗਣ ਦਾ ਯੋਗ ਪ੍ਰਭਾਵ ਉਸਾਰ ਕੇ ਤਾਲਸਤਾਏ ਤੇ ਸੋਨੀਆ ਵਰਗੇ ਗ਼ੈਰ ਪੰਜਾਬੀ ਕਿਰਦਾਰਾਂ ਨੂੰ ਪੰਜਾਬੀਆਂ ਦੇ ਅਤਿ ਨੇੜੇ ਲੈ ਆਂਦਾ ਗਿਆ ਹੈ। ਸੋਨੀਆ ਜਦੋਂ ਵੀ ਤਾਲਸਤਾਏ ਨਾਲ ਪਿੱਟ-ਸਿਆਪਾ ਕਰਕੇ ਮਰਨ ਲਈ ਘਰੋਂ ਦੌੜਦੀ ਹੈ ਤਾਂ ਇਕਦਮ ਪੰਜਾਬ ਦਾ ਪੇਂਡੂ-ਦ੍ਰਿਸ਼ ਸਾਕਾਰ ਹੋ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਸੋਨੀਆ ਦੇ ਲਿਓ ਨੂੰ ਕਹੇ ਇਹ ਸ਼ਬਦ ਦੇਖਣਯੋਗ ਹਨ :-

"ਯਾਦ ਰੱਖੀਂ ਰੱਬ ਦਿਆ ਬੰਦਿਆ....ਤੂੰ ਜੋ ਮੇਰੇ ਨਾਲ ਕੀਤੀ ਐ ਤੇਰੇ ਅੱਗੇ ਆਣਗੀਆਂ....ਕੁੱਤੇ ਦੀ ਮੌਤ ਮਰੇਂਗਾ।" (ਪੰਨਾ 356)

ਕਲਾ-ਸੰਗਠਨ ਦੇ ਪੱਖ ਤੋਂ ਇਸ ਕਿਰਤ ਦੀਆਂ ਕੁਝ ਸੀਮਾਵਾਂ ਵੱਲ ਸੰਕੇਤ ਕਰ ਲੈਣਾ ਵੀ ਉਚਿਤ ਹੈ। ਮੁੱਖ ਗੱਲ ਤਾਂ ਆਕਾਰ ਤੇ ਵਿਸਤਾਰ ਦੀ ਹੀ ਹੈ। ਜੇ ਨਾਵਲ ਆਪਣੇ ਥੀਮਕ ਮਹੱਤਵ ਨੂੰ ਬਰਕਰਾਰ ਰੱਖਦਾ ਹੋਇਆ ਵਸਤੂ-ਸਥਿਤੀ ਨੂੰ ਮਹਾਂ ਕਾਵਿਕ ਫੈਲਾਓ ਦਿੰਦਾ ਹੈ ਤਾਂ ਕਿਰਤ ਦਾ ਵੱਡਾ ਆਕਾਰ ਉਸ ਦੀ ਸਿਫਤ ਬਣ ਜਾਂਦਾ ਹੈ। ਪ੍ਰੰਤੂ ਜੇ ਲੇਖਕ ਆਕਾਰ ਵਧਾਉਣ ਦੇ ਲੋਭ ਵਿਚ ਥੀਮਕ ਨਿਰੰਤਰਤਾ ਤੇ ਮਹੱਤਵ ਨੂੰ ਕਾਇਮ ਨਾ ਰੱਖ ਸਕੇ ਤਾਂ ਬਿਰਤਾਂਤਕ ਢਾਂਚਾ ਕਮਜ਼ੋਰ ਪੈ ਜਾਂਦਾ ਹੈ। ਇਸ ਰਚਨਾ ਵਿਚ ਕੁਝ ਬੇਲੋੜੇ ਵਿਸਤਾਰ ਨੇ ਬੇਰਸੀ ਤੇ ਅਰੋਚਿਕਤਾ ਪੈਦਾ ਕੀਤੀ ਹੈ। ਇਹ ਬੇਲੋੜਾ ਵਿਸਤਾਰ ਰਲਦੀਆਂ-ਮਿਲਦੀਆਂ ਸਥਿਤੀਆਂ ਦੇ ਦੁਹਰਾਓ ਦੇ ਰੂਪ ਵਿਚ ਵੀ ਹੈ ਅਤੇ ਮੁੱਖ ਕਥਾ ਦੇ ਸੰਦਰਭ ਵਿਚ ਗ਼ੈਰ ਪ੍ਰਸੰਗਕ ਜਾਂ ਘੱਟ ਮਹੱਤਵ ਵਾਲੇ ਵੇਰਵਿਆਂ ਨੂੰ ਗ਼ੈਰ ਅਨੁਪਾਤਕ ਰੂਪ ਵਿਚ ਮਹੱਤਵ ਦੇਣ ਦੇ ਰੂਪ ਵਿਚ ਵੀ ਹੈ। ਮਿਸਾਲ ਵਜੋਂ, ਭਾਗ ਪਹਿਲਾ ਦਾ 17ਵਾਂ ਤੇ 18ਵਾਂ ਕਾਂਡ ਸਰਜੀ ਤੇ ਤਾਨੀਆ ਦੇ ਪ੍ਰੇਮ ਪ੍ਰਸੰਗ ਦੇ ਨਾਵਲੀ ਕਥਾ-ਬਿਰਤਾਂਤ ਵਿਚ ਦਾਖ਼ਲੇ ਨਾਲ ਸੰਬੰਧਿਤ ਹੈ। ਜਿਸ ਨੂੰ ਇਕ ਹੀ ਕਾਂਡ ਵਿਚ ਸਹਿਜੇ ਸਮੇਟਿਆ ਜਾ ਸਕਦਾ ਸੀ। ਏਨਾ ਹੀ ਨਹੀਂ, ਇਸ ਪ੍ਰੇਮ ਪ੍ਰਸੰਗ ਲਈ ਨਾਵਲਕਾਰ ਨੇ ਲਗਾਤਾਰ ਪੰਜ ਕਾਂਡ ਹੀ ਵਕਫ਼ ਕਰ ਦਿੱਤੇ ਹਨ ਜੋ ਕਿ ਗ਼ੈਰ ਅਨੁਪਾਤਕ ਤੇ ਅਣਉਚਿਤ ਹੈ। ਇਸੇ ਤਰ੍ਹਾਂ ਤਾਲਸਤਾਏ ਦੇ ਵਿਆਹ ਤੋਂ ਪਹਿਲਾਂ ਕੀਤੇ ਗੁਨਾਹਾਂ ਦਾ ਵੇਰਵਾ-ਬਿਊਰਾ ਵੀ ਅਕਸਰ ਦੁਹਰਾਇਆ ਗਿਆ ਹੈ। ਅਜਿਹੇ ਦੁਹਰਾਓ ਕਾਰਨ ਹੀ ਭਾਗ ਦੂਜਾ ਦਾ 6ਵਾਂ ਕਾਂਡ ਵੀ ਇਕ ਵਾਧੂ ਜਿਹੇ ਕਾਂਡ ਦੇ ਰੂਪ ਵਿਚ ਉਭਰਦਾ ਹੈ। ਮੈਂ ਤਾਂ ਬਿਰਤਾਂਤਕੀ ਸੰਰਚਨਾ ਦੀ ਦ੍ਰਿਸ਼ਟੀ ਤੋਂ ਤਾਲਸਤਾਏ ਦੀ ਮੌਤ ਨੂੰ ਬਾਅਦ ਵਾਲੇ ਦੋ ਕਾਂਡਾਂ ਨੂੰ ਵੀ ਬੇਲੋੜਾ ਸਮਝਦਾ ਹਾਂ। ਨਾਵਲ ਨੂੰ ਪੂਰੀ ਵਿਉਂਤਬੰਦੀ ਤੇ ਪਰਾਜੈਕਟ-ਪਲੈਨ ਨਾਲ ਸੰਪੂਰਨ ਕਰਨ ਦੀ ਕੋਸ਼ਿਸ਼ ਦੇ ਬਾਵਜੂਦ ਗਲਪ-ਸੰਗਠਨ ਦੇ ਪੱਖ ਤੋਂ ਇਹ ਕਮਜ਼ੋਰੀ ਰਹਿ ਗਈ ਹੈ।

ਸਮੁੱਚੇ ਤੌਰ 'ਤੇ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ 'ਕਾਫਰ ਮਸੀਹਾ' ਵਰਗੇ ਜੀਵਨੀ ਮੂਲਕ-ਇਤਿਹਾਸਮੂਲਕ ਨਾਵਲ ਦੀ ਸਿਰਜਣਾ ਕਿਸੇ ਔਸਤ ਪ੍ਰਤਿਭਾ ਦੇ ਵੱਸ ਦਾ ਰੋਗ ਨਹੀਂ ਸਗੋਂ ਇਸ ਲਈ ਅਸਾਧਾਰਨ ਪ੍ਰਤਿਭਾ ਤੇ ਡੂੰਘੀ ਗਲਪੀ ਸੂਝ ਦਰਕਾਰ ਹੈ। ਬਿਨਾਂ ਸ਼ੱਕ ਇੰਦਰ ਸਿੰਘ ਖਾਮੋਸ਼ ਦੀ ਅਜਿਹੀ ਅਸਾਧਾਰਨ ਪ੍ਰਤਿਭਾ ਤੇ ਸੂਝ ਇਸ ਕਿਰਤ ਵਿਚੋਂ ਉਜਾਗਰ ਹੋਈ ਹੈ।

—ਮੁਖੀ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਨੈਸ਼ਨਲ ਕਾਲਜ, ਨਕੋਦਰ 144040

# ਘਰ-ਵਾਪਸੀ ਦੀਆਂ ਸੁਗੰਧੀਆਂ */ਪਾਬਲੋ ਨੇਰੂਦਾ*

ਮੇਰਾ ਘਰ ਕਈ ਰੁੱਖਾਂ ਵਿਚਕਾਰ ਵੱਸਿਆ ਹੋਇਆ ਹੈ। ਲੰਮੀ ਗੈਰ-ਹਾਜ਼ਰੀ ਤੋਂ ਬਾਅਦ ਮੈਂ ਛੁਪੀਆਂ ਹੋਈਆਂ ਗੁੱਠਾਂ ਵਿੱਚ ਆਪਣੀ ਘਰ-ਵਾਪਸੀ ਦਾ ਆਨੰਦ ਲੈਣ ਲਈ, ਗਵਾਚ ਜਾਂਦਾ ਹਾਂ। ਅਸਚਰਜ ਖ਼ੁਸ਼ਬੂਦਾਰ ਝਾੜੀਆਂ ਆ ਪ੍ਰਗਟ ਹੋਈਆਂ ਹਨ ਜੋ ਮੇਰੇ ਲਈ ਨਵੀਆਂ ਹਨ। ਜਿਹੜਾ ਪਾਪਲਰ ਮੈਂ ਬਾਗ ਦੀ ਪਿੱਠ ਪਿੱਛੇ ਲਾਇਆ ਸੀ, ਉਹ ਏਨਾ ਪਤਲਾ ਸੀ ਕਿ ਵੇਖਣਾ ਵੀ ਮੁਸ਼ਕਿਲ ਸੀ। ਹੁਣ ਗੱਭਰੂ ਦਰਖਤ ਬਣ ਗਿਆ ਹੈ। ਇਸ ਦੀ ਛਿੱਲ ਉਤੇ ਸਿਆਣਪ ਦੀਆਂ ਤਿਊੜੀਆਂ ਪੈ ਕੇ ਕਲਾ ਨਮੂਨੇ ਬਣ ਗਏ ਹਨ। ਇਹ ਆਕਾਸ਼ ਵੱਲ ਚੜ੍ਹਦੀਆਂ ਬਿਰਖ ਦੇ ਸਿਰੇ ਤੇ ਨਵੇਂ ਪੱਤਿਆਂ ਦੀ ਨਿਰੰਤਰ ਕੰਬਣੀ ਪੈਦਾ ਕਰਦੀਆਂ ਹਨ।

ਅਖਰੋਟ ਦੇ ਰੁੱਖਾਂ ਨੇ ਸਾਨੂੰ ਅਖੀਰ ਤੇ ਪਛਾਣਿਆ। ਜਦ ਮੈਂ ਆਇਆ, ਇਹਨਾਂ ਦੀਆਂ ਸੁੱਕੀਆਂ ਟਾਹਣੀਆਂ, ਉੱਚੀਆਂ ਤੇ ਅਦਿੱਖ, ਘਮੰਡੀ ਅਤੇ ਵੈਰੀ ਜਾਪਦੀਆਂ ਸਨ, ਭਾਵੇਂ ਕਿ ਚਿੱਲੀ ਦੀ ਫੈਲੀ ਹੋਈ ਬਸੰਤ ਰੁੱਤ ਨੇ, ਇਸ ਦੇ ਤਣਿਆਂ ਵਿੱਚ ਪੁੰਗਾਰਾ ਆਰੰਭ ਕਰ ਦਿੱਤਾ ਸੀ। ਹਰ ਰੋਜ਼ ਮੈਂ ਉਹਨਾਂ ਨੂੰ ਬੁਲਾਉਣ ਜਾਂਦਾ, ਕਿਉਂਕਿ ਮੈਂ ਅਨੁਭਵ ਕਰਦਾ ਸੀ ਕਿ ਉਹ ਮੇਰੇ ਸਨਮਾਨ ਦੀ ਮੰਗ ਕਰਦੇ ਸਨ ਅਤੇ ਸਵੇਰ ਦੀ ਠੰਢ ਵਿੱਚ ਪੱਤਿਆਂ ਤੋਂ ਵਿਰਵੀਆਂ ਟਾਹਣੀਆਂ ਦੇ ਹੇਠ ਅਹਿੱਲ ਖੜ੍ਹੇ ਰਹਿੰਦੇ ਸਨ। ਅਖੀਰ ਇੱਕ ਦਿਨ ਨਿਮਾਣੀ ਜੇਹੀ ਡੋਡੀ ਸਿਰ ਤੋਂ ਉੱਤੇ ਕਰਕੇ, ਮੇਰੇ ਵੱਲ ਵੇਖਣ ਲਈ ਬਾਹਰ ਨਿਕਲ ਆਈ ਤੇ ਦੂਜੀਆਂ ਨੇ ਵੀ ਉਹਦੀ ਰੀਸੇ ਇੰਝ ਹੀ ਕੀਤਾ। ਸੋ ਮੇਰੀ ਦੁਬਾਰਾ-ਫੇਰੀ ਸਭ ਤੋਂ ਉੱਚੇ, ਚੌਕਸ, ਲੁਕੇ ਹੋਏ ਪੱਤਿਆਂ ਤੀਕ ਖਬਰ ਵਾਂਗ ਪਹੁੰਚ ਗਈ, ਜੋ ਹੁਣ ਮੇਰੀ ਵਾਪਸੀ ਨੂੰ ਬਰਦਾਸ਼ਤ ਕਰਦੀ, ਮੇਰੀ ਆਮਦ ਦਾ ਬੜੀ ਕਿਰਪਾਲਤਾ ਨਾਲ ਸਵਾਗਤ ਕਰਦੀ ਹੈ।

ਰੁੱਖਾਂ ਵਿੱਚ ਪੰਛੀ ਆਪਣੀਆਂ ਸਦੀਆਂ ਪੁਰਾਣੀਆਂ ਸੁਰਾਂ ਮੁੜ ਸ਼ੁਰੂ ਕਰ ਦਿੰਦੇ ਹਨ, ਜਿਵੇਂ ਪੱਤਿਆਂ ਦੇ ਹੇਠ ਕਦੇ ਕੁਝ ਵਾਪਰਿਆ ਹੀ ਨਹੀਂ ਹੁੰਦਾ।

ਲਾਇਬ੍ਰੇਰੀ ਵਿੱਚ ਸਰਦੀ ਦੀ ਇੱਕ ਘੁਲੀ ਹੋਈ ਗੰਧ ਪਸਰੀ ਹੋਈ ਹੈ। ਸਭ ਥਾਵਾਂ ਤੋਂ ਵੱਧ, ਇਸ ਜਗ੍ਹਾ 'ਤੇ ਮੇਰੀ ਗੈਰ ਹਾਜ਼ਰੀ ਨਜ਼ਰੀਂ ਪੈਂਦੀ ਹੈ।

ਬੁਸੀਆਂ ਹੋਈਆਂ ਕਿਤਾਬਾਂ ਵਿਚੋਂ ਕੋਈ ਮਰਗ ਵਰਗੀ ਮੁਸ਼ਕ ਜੇਹੀ ਆਉਂਦੀ ਹੈ। ਇਹ ਨਾਸਾਂ ਨੂੰ ਚੜ੍ਹਦੀ ਹੈ ਤੇ ਰੂਹ ਦੀ ਉੱਚੀ-ਨੀਵੀਂ ਧਰਤੀ 'ਤੇ ਜਾ ਵਜਦੀ ਹੈ, ਕਿਉਂਕਿ ਇਹ ਦਫ਼ਨਾਈ ਹੋਈ ਯਾਦ ਦੀ ਵਿੱਸਰ-ਭੋਲੀ ਗੰਧ ਹੈ।

ਹਵਾਦਾਰ ਖਿੜਕੀ ਲਾਗੇ ਖਲੋਤੇ ਤੇ ਨੀਲੇ, ਚਿੱਟੇ 'ਐਨਡੀਨ' ਦੇ ਆਕਾਸ਼ ਵੱਲ ਤੱਕਦੇ, ਮੈਂ ਅਨੁਭਵ ਕਰਦਾ ਹਾਂ ਕਿ ਮੇਰੀ ਪਿੱਠ ਪਿੱਛੇ ਪੁਸਤਕਾਂ ਦੇ ਵਿਰੁੱਧ, ਬਸੰਤ ਰੁੱਤ ਦੀ ਸੁਗੰਧੀ ਆਪਣੀ ਸ਼ਕਤੀ ਵਿਖਾ ਰਹੀ ਹੈ। ਉਹ ਲੰਮੀ ਅਣਗਹਿਲੀ ਵਿਚੋਂ ਪੁੱਟੇ ਜਾਣ ਦਾ ਵਿਰੋਧ ਕਰ ਰਹੀਆਂ ਹਨ ਤੇ ਹਾਲੀ ਵੀ ਭੁਲਾਵੇ ਕਾਰਨ ਹਉਕੇ ਭਰਦੀਆਂ ਹਨ। ਬਹਾਰ ਦੀ ਰੁੱਤ ਹਰ ਕਮਰੇ ਵਿੱਚ ਆ ਵੜੀ ਹੈ। ਉਸ ਨੇ 'ਹਨੀ-ਸਕਲ' ਵੇਲ ਦੀ ਸੁਗੰਧ ਅਤੇ ਨਵੀਂ ਪੁਸ਼ਾਕ ਪਾਈ ਹੋਈ ਹੈ।

ਮੇਰੀ ਗੈਰ ਹਾਜ਼ਰੀ ਵਿੱਚ ਕਿਤਾਬਾਂ ਬੇਤਰਤੀਬੀ ਵਿੱਚ ਪਈਆਂ ਰਹੀਆਂ। ਗਵਾਚੀ ਕੋਈ ਨਹੀਂ, ਐਪਰ ਆਪਣੀ ਠੀਕ ਥਾਂ 'ਤੇ ਇਕ ਵੀ ਨਹੀਂ। ਬੇਕਨ ਲੇਖਕ ਦੀ ਸਾਦਾ ਜਿਲਦ ਜੋਂ ਸਤਾਰ੍ਹਵੀ ਸਦੀ ਵਿੱਚ ਛਪੀ ਦੁਰਲੱਭ ਸੁਗਾਤ ਹੈ, ਤੋਂ ਬਿਨਾਂ ਮੈਂ 'ਸਲਗਾਰੀ' ਦੀ 'ਯੂਕਾਤਨ ਦਾ ਕਪਤਾਨ' ਵੀ ਪਈ ਵੇਖੀ, ਤੇ ਹਰ ਚੀਜ਼ ਦੇ ਬਾਵਜੂਦ ਉਹਨਾਂ ਰਲ-ਮਿਲ ਕੇ ਦਿਨ ਕੱਟ ਲਏ। ਦੂਸਰੇ ਪਾਸੇ ਮੈਂ ਇਕੱਲੇ-ਕਾਰੇ ਪਏ ਬਾਇਰਨ ਕਵੀ ਨੂੰ ਚੁੱਕਦਾ ਹਾਂ, ਇਸ ਦਾ ਕਵਰ, ਜਲ-ਕੁੱਕੜ ਦੇ ਟੁੱਟੇ ਕਾਲੇ ਖੰਭ ਵਾਂਗ ਹੇਠਾਂ ਡਿੱਗ ਪੈਂਦਾ ਹੈ। ਬੜੀ ਮਿਹਨਤ ਨਾਲ ਮੈਂ ਇਸ ਦੀ ਪਿੱਠ ਤੇ ਕਵਰ ਨੂੰ ਤੋਪੇ ਲਾਉਂਦਾ ਹਾਂ, ਪਰ ਇਸ ਤੋਂ ਪਹਿਲਾਂ ਹੀ ਠੰਢੇ 'ਰੋਮਾਸਵਾਦ' ਦਾ ਬੁੱਲਾ ਮੇਰੀਆਂ ਅੱਖਾਂ ਨੂੰ ਧੁੰਦਲਾ ਕਰ ਦਿੰਦਾ ਹੈ।

ਘੋਗੇ ਮੇਰੇ ਘਰ ਉੱਤੇ ਕਬਜ਼ਾ ਕਰਨ ਵਾਲੇ ਸਭ ਤੋਂ ਵੱਧ ਚੁੱਪ-ਚੁਪੀਤੇ ਹਨ। ਉਹਨਾਂ ਆਪਣੀ ਚੁੱਪ ਨੂੰ



ਮਜ਼ਬੂਤ ਬਣਾਉਂਦਿਆਂ ਸਮੁੰਦਰ ਵਿੱਚ ਕਈ ਸਾਲ ਕੱਟੇ ਹਨ। ਹੁਣ ਉਹਨਾਂ ਵਰ੍ਹਿਆਂ ਦੇ ਨਾਲ ਨਾਲ ਘੱਟਾ ਤੇ ਸਮਾਂ ਵੀ ਉੱਤੇ ਜੰਮ ਗਿਆ ਹੈ। ਉਹਨਾਂ ਦੀ ਠੰਢੀ ਚਮਕਦਾਰ ਸਿੱਪੀ, ਉਹਨਾਂ ਦੀਆਂ ਸਮ ਕੇਂਦਰੀ ਗੋਥਿਕ ਅੰਡਕਾਰ ਸ਼ਕਲਾਂ, ਉਹਨਾਂ ਦੇ ਖੁੱਲ੍ਹੇ ਹੋਏ ਢੱਕਣ, ਮੈਨੂੰ ਪ੍ਰਾਚੀਨ ਘਟਨਾਵਾਂ ਤੇ ਦੁਰਾਡੇ ਤੱਟਾਂ ਦੀ ਯਾਦ ਦਿਵਾਉਂਦੇ ਹਨ।

ਗੁਲਾਬੀ ਰੌਸ਼ਨੀ ਵਾਲੀ ਉਹ ਅਦੁੱਤੀ ਸਿੱਪੀ, 'ਰੋਸਤੇਲਾਰੀਆ' ਹੈ ਜੋ ਕਿਊਬਾ ਦੇ ਘੋਗਾ-ਵਿਗਿਆਨੀ "ਨਾਰਲੋਸ-ਡੇ-ਲਾ-ਤੋਰੇ" ਜੋ ਡੂੰਘੇ ਸਮੁੰਦਰਾਂ ਦਾ ਜਾਦੂਗਰ ਹੈ, ਨੇ ਇੱਕ ਵੇਰ ਮੈਨੂੰ ਸਮੁੰਦਰੋਂ ਪਾਰ ਦੀ ਨਿਸ਼ਾਨੀ ਵਜੋਂ ਸਤਿਕਾਰ ਨਾਲ ਭੇਟ ਕੀਤੀ ਸੀ। ਏਥੇ ਹੀ, ਕੁਝ ਰੰਗ ਉੱਡੇ ਵਾਲੀ ਤੇ ਘੱਟੇ ਨਾਲ ਭਰੀ, ਉਹ ਕੈਲੇਫੋਰਨੀਆ ਦੇ ਸਮੁੰਦਰਾਂ ਦੀ 'ਜੈਤੂਨੀ' ਸਿੱਪੀ ਹੈ, ਉਸੇ ਹੀ ਜਨਮ-ਭੂਮੀ ਦੀ ਉਪਜ ਲਾਲ ਕੰਡੇ ਵਾਲੀ ਕਸਤੂਰਾ-ਮੱਛੀ ਤੇ ਕਾਲੇ ਮੋਤੀਆਂ ਦੀ ਕਸਤੂਰਾ-ਮੱਛੀ। ਖ਼ਜ਼ਾਨਿਆਂ-ਭਰੇ ਉਸ ਸਮੁੰਦਰ ਵਿੱਚ ਅਸੀਂ ਡੁੱਬ ਹੀ ਚੱਲੇ ਸੀ।

ਕੁਝ ਹੋਰ ਵੀ ਨਵੇਂ ਕਬਜ਼ਾ-ਧਾਰੀ ਹਨ, ਕੁਝ ਕਿਤਾਬਾਂ ਨੂੰ ਵਸਤੂਆਂ, ਜੋ ਡੱਬਿਆਂ ਵਿੱਚ ਦੇਰ ਦੀਆਂ ਪਈਆਂ ਹੁਣੇ ਹੀ ਮੁਕਤ ਕੀਤੀਆਂ ਗਈਆਂ ਹਨ। ਚੀਲ ਦੇ ਬਣੇ ਇਹ ਬਕਸੇ ਫਰਾਂਸ ਤੋਂ ਆਏ ਸਨ। ਫੱਟੀਆਂ ਵਿਚੋਂ "ਮੀਡੀ" ਦੀ ਧੁਪੀਲੀ ਦੁਪਹਿਰ ਦੀ ਗੰਧ ਆਉਂਦੀ ਹੈ, ਤੇ ਹੁਣ ਜਦੋਂ ਮੈਂ ਇਹਨਾਂ ਨੂੰ ਖੋਲ੍ਹ ਦਿੰਦਾ ਹਾਂ, ਇਹ ਚੀਕਦੇ ਤੇ ਗਾਉਂਦੇ ਹਨ ਅਤੇ ਸੁਨਹਿਰੀ ਰੌਸ਼ਨੀ, ਵਿਕਟਰ ਹੀਊਗੋ ਦੀਆਂ ਸੁਰਖ ਜਿਲਦਾਂ 'ਤੇ ਪੈਂਦੀ ਹੈ, 'ਲੈਸ-ਮਿਜ਼ਰੇਬਲ' ਉੱਤੇ। ਇਹ ਪੁਰਾਣੀ ਐਡੀਸ਼ਨ ਹੈ ਜੋ ਦਿਲ-ਹਿਲਾਉਣ ਵਾਲੀਆਂ ਜ਼ਿੰਦਗੀਆਂ ਦੀ ਭੀੜ ਲੈ ਕੇ ਮੇਰੇ ਘਰ ਦੀਆਂ ਕੰਧਾਂ 'ਤੇ ਘੜਮੱਸ ਪਾਉਣ ਆਈਆਂ ਹਨ।

ਇੱਕ ਹੋਰ ਤਾਬੂਤ ਵਰਗਾ ਵੱਡਾ ਬਕਸਾ ਹੈ, ਜਿਸ ਵਿਚੋਂ ਇਕ ਔਰਤ ਦਾ ਪਿਆਰਾ ਚਿਹਰਾ ਨਜ਼ਰੀਂ ਪੈਂਦਾ ਹੈ। ਇਸ ਦੀਆਂ ਲੱਕੜੀਆਂ ਦੀਆਂ ਆਕੜੀਆਂ ਛਾਤੀਆਂ ਹਨ, ਜੋ ਕਦੇ ਹਵਾ ਨੂੰ ਚੀਰਦੀਆਂ ਸਨ। ਇਸਦੇ ਹੱਥ ਖਾਰੇ ਪਾਣੀ ਤੇ ਸੰਗੀਤ ਨਾਲ ਗੜੁੱਚ ਹਨ। ਇਹ ਇਕ ਔਰਤ ਦੀ ਮੂਰਤੀ ਹੈ, ਨਾਂ ਦੀ ਹੀ ਮੂਰਤੀ। ਮੈਂ ਉਸ ਨੂੰ ਪਾਹੁਲ ਛਕਾ ਕੇ ਉਸ ਦਾ ਨਾਂ 'ਮਾਰੀਆਂ ਸਿਲਸਤੇ' ਰੱਖ ਦਿਤਾ ਹੈ, ਕਿਉਂਕਿ ਉਸ ਵਿੱਚ ਡੁੱਬੇ ਸਮੁੰਦਰੀ ਜਹਾਜ਼ ਦੀ ਸਾਰੀ ਵਿਚਿਤਰਤਾ ਹੈ। ਮੈਂ ਉਸ ਦੀ ਚਮਕਦਾਰ ਸੁੰਦਰਤਾ ਪੈਰਸ ਦੇ ਇਕ ਕਬਾੜ ਖਾਨੇ ਵਿਚੋਂ ਲੱਭੀ ਸੀ, ਜੋ ਵਰਤੇ ਹੋਏ ਲੋਹੇ ਦੇ ਮਲਬੇ ਹੇਠ ਪਈ ਸੀ ਤੇ ਲਾਪਰਵਾਹੀ ਕਾਰਨ ਬਦਸ਼ਕਲ ਬਣੀ ਹੋਈ ਸੀ। ਇਹ ਕਬਰ ਬਣੇ ਚੀਥੜਿਆਂ ਤੇ ਝੌਂਪੜੀਆਂ ਦੇ ਲੀਰਾਂ ਦੇ ਢੇਰ ਹੇਠ ਲੁਕੀ ਪਈ ਸੀ। ਹੁਣ ਸਿੱਧੀ ਖੜ੍ਹੀ ਇਹ ਦੁਬਾਰਾ ਸਮੁੰਦਰੀ ਸਫਰ ਕਰਦੀ ਜੀਊਂਦੀ ਹੋ ਗਈ ਹੈ ਤੇ ਨਵੀਂ ਬਣ ਗਈ ਹੈ। ਹਰ ਸਵੇਰ ਉਸ ਦੀਆਂ ਗੱਲ੍ਹਾਂ ਅਦਭੁੱਤ ਤ੍ਰੇਲ ਤੇ ਨਮਕੀਨ ਅੱਥਰੂਆਂ ਨਾਲ ਢਕੀਆਂ ਹੋਇਆ ਕਰਨਗੀਆਂ।

ਅਚਾਨਕ ਗੁਲਾਬ ਖਿੜ ਉਠੇ ਹਨ। ਮੈਂ ਗੁਲਾਬ ਦਾ ਵੈਰੀ ਸੀ, ਇਸ ਦੀਆਂ ਅਤੁੱਟ ਸਾਹਿਤਕ ਯਾਦਾਂ ਕਾਰਨ ਤੇ ਇਸ ਦੀ ਜ਼ਿੱਦ ਕਾਰਨੰ। ਪਰ ਜਦੋਂ ਮੈਂ ਇਹ ਵਧਦੇ ਵੇਖੇ ਤੇ ਤੱਕਿਆ ਕਿ ਸਰਦੀ ਦੀ ਰੁੱਤ ਦੀ ਮਾਰ, ਇਹ ਬਿਨਾਂ ਕੁਝ ਪਹਿਨੇ ਤੇ ਸਿਰ ਢੱਕਣ ਲਈ ਕਿਸੇ ਚੀਜ਼ ਤੋਂ ਬਿਨਾਂ ਹੀ ਇਹ ਸਭ ਕੁਝ ਝੱਲਦੇ ਹਨ ਤੇ ਫਿਰ ਬਰਫੀਲਿਆਂ ਛਾਤੀਆਂ ਜਾਂ ਚਮਕਦੀਆਂ ਅੱਗਾਂ ਉਹਨਾਂ ਦੇ ਸਖਤ ਤੇ ਕੰਡਿਆਲੇ ਤਣਿਆਂ ਵਿਚੋਂ ਝਾਕਦੀਆਂ ਹਨ ਤਾਂ ਹੌਲੀ ਹੌਲੀ, ਮੈਂ ਇਹਨਾਂ ਦੀ ਢੱਗਿਆਂ ਵਰਗੀ ਸਿਹਤ ਵੇਖ ਇਹਨਾਂ ਪ੍ਰਤੀ ਕੋਮਲਤਾ ਤੇ ਸਤਿਕਾਰ ਨਾਲ ਭਰ ਗਿਆ। ਉਹ ਦਲੇਰੀ ਨਾਲ ਅਤੇ ਠੀਕ ਸਮੇਂ ਉਤੇ ਕਾਲੀ ਧਰਤੀ ਵਿੱਚੋਂ ਰੌਸ਼ਨੀ ਅਤੇ ਖੁਸ਼ਬੂ ਦੀ ਗੁਪਤ ਲਹਿਰ ਸਖਤਾਈ ਨਾਲ ਪੈਦਾ ਕਰਦੇ ਹਨ ਜਿਵੇਂ ਕਿ ਇਹ ਫਰਜ਼ ਕੋਈ ਕਰਾਮਾਤ ਹੋਵੇ, ਜਿਵੇਂ ਕਿ ਇਹ ਸਖਤ ਮੌਸਮ ਵਿੱਚ ਜੋੜਾਂ ਤੋੜਾਂ ਨਾਲ ਬਚ ਜਾਂਦੇ ਹਨ। ਹੁਣ ਗੁਲਾਬ ਹਰ ਥਾਂ ਹੁੰਦੇ ਹਨ ਤੇ ਪ੍ਰਭਾਵਤ ਕਰਨ ਵਾਲੀ ਗੰਭੀਰਤਾ ਨਾਲ ਮੈਂ ਤੇ ਉਹ ਦੋਵੇਂ ਹੀ, ਠਾਠ ਬਾਠ ਤੇ ਹੋਛੇਪਨ ਤੋਂ ਦੂਰ, ਸਾਡੇ ਵਿਚੋਂ ਹਰ ਕੋਈ ਆਪਣੇ ਹਿੱਸੇ ਦੀ ਰੌਸ਼ਨੀ ਦੇ ਝਲਕਾਰੇ ਸਿਰਜਣ ਵਿੱਚ ਰੁਝਿਆ ਹੋਇਆ ਹੈ।

ਹੁਣ, ਹਵਾ ਦਾ ਹਰ ਬੁੱਲਾ, ਕੋਮਲ ਤੇ ਕੰਬਦੀ ਹਰਕਤ, ਇਕ ਵਗਦੀ ਧੜਕਣ ਨੂੰ ਜਨਮ ਦਿੰਦਾ ਹੈ, ਜੋ ਦਿਲ ਨੂੰ ਚੀਰ ਕੇ ਲੰਘਦੀ ਹੈ। ਭੁੱਲ ਚੁੱਕੇ ਨਾਂ, ਭੁੱਲ ਚੁੱਕੀਆਂ ਬਹਾਰਾਂ, ਹੱਥ ਜਿਹਨਾਂ ਘੜੀ ਪਲ ਲਈ ਛੋਹਿਆ ਸੀ, ਪੀਲੇ ਪੱਥਰ ਦੀਆਂ ਹੰਕਾਰੀ ਅੱਖਾਂ, ਵਕਤ ਦੇ ਬੀਤਣ ਨਾਲ ਗਵਾਚੀਆਂ ਮੀਢੀਆਂ, ਜਵਾਨੀ, ਜੋ ਯਾਦਾਂ ਤੇ ਆਨੰਦਮਈ ਸੁਗੰਧਾਂ ਨਾਲ ਧੜਕਦੀ ਹੈ।

ਇਹ ਹਨੀ-ਸਕਲ ਦੀ ਵੇਲ ਦੀ ਖੁਸ਼ਬੂ ਹੈ, ਬਹਾਰ ਦੇ ਪਹਿਲੇ ਚੁੰਮਣ! *(ਅਨੁਵਾਦ : ਹ.ਸ.ਹ.)*

(Passions And Impressions ਪੁਸਤਕ ਵਿਚੋਂ ਪ੍ਰਾਪਤ)

# ਚੋਣਵੀਂ ਕਵਿਤਾ : ਨਾਜ਼ਿਮ ਹਿਕਮਤ : ਮੋਹ ਭਿੱਜੀ ਮਿਹਨਤ ਦਾ ਫਲ

*—ਡਾ. ਚਮਨ ਲਾਲ*

ਨਾਜ਼ਿਮ ਹਿਕਮਤ ਦਾ ਨਾਂ ਪੰਜਾਬੀ ਪਾਠਕਾਂ ਲਈ ਨਵਾਂ ਨਹੀਂ, ਕਈ ਦਹਾਕੇ ਪਹਿਲਾਂ ਨਾਜ਼ਿਮ ਹਿਕਮਤ ਦੀਆਂ ਚੋਣਵੀਆਂ ਨਜ਼ਮਾਂ 'ਸ਼ਹਿਦ ਕਟੋਰੀ' ਰੂਪ ਵਿਚ ਜੋ ਸੋਹਣ ਢੰਡ ਨੇ ਪੰਜਾਬੀ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਤਾਂ ਉਸ ਤੋਂ ਵੀ ਪਹਿਲਾਂ 1971 ਵਿਚ ਮਹਿਰਮਯਾਰ ਨੇ 'ਨਾਜ਼ਿਮ ਦੀਆਂ ਨਜ਼ਮਾਂ' ਰੂਪ ਵਿਚ ਕੁਲ ਦੋ ਰੁਪੈ ਵਿਚ ਪੰਜਾਬੀ ਪਾਠਕਾਂ ਨੂੰ ਨਾਜ਼ਿਮ ਦੀਆਂ ਕਵਿਤਾਵਾਂ ਦੇ ਜਾਦੂ ਨਾਲ ਬੰਨ੍ਹਿਆ ਸੀ। 'ਸ਼ਹਿਦ ਕਟੋਰੀ' ਵਿਚ 28 ਕਵਿਤਾਵਾਂ ਸਨ। ਇਸ ਤੋਂ ਬਾਅਦ 1996 ਵਿਚ ਹਰਭਜਨ ਹੁੰਦਲ ਹੋਰਾਂ ਵੀ ਆਪਣੀ ਚੋਣ ਨਾਲ ਨਾਜ਼ਿਮ ਦੀ ਰਚਨਾ ਪੰਜਾਬੀ ਪਾਠਕਾਂ ਸਾਹਮਣੇ ਪੇਸ਼ ਕੀਤੀ ਸੀ ਅਤੇ ਹੁਣ ਉਸ ਚੋਣ ਦਾ ਹੋਰ ਵਿਸਥਾਰ ਕਰਕੇ ਡੇਢ ਸੌ ਸਫੇ ਵਿਚ ਨਾਜ਼ਿਮ ਦੀਆਂ ਲੰਮੀਆਂ ਤੇ ਛੋਟੀਆਂ ਕਵਿਤਾਵਾਂ ਨੂੰ ਉਨ੍ਹਾਂ ਪੰਜਾਬੀ ਪਾਠਕਾਂ ਨਾਲ ਸਾਂਝਾ ਕੀਤਾ ਹੈ। ਇਹ ਸੰਗ੍ਰਹਿ ਉਨ੍ਹਾਂ ਆਪਣੇ ਮਿੱਤਰ ਅਤੇ ਪ੍ਰਤੀਬੱਧ ਚਿੰਤਕ ਅਮਰਜੀਤ ਸੂਫੀ ਨੂੰ ਸਮਰਪਿਤ ਕੀਤਾ ਹੈ। ਸੂਫੀ ਹੁਰਾਂ ਹੀ ਹੁੰਦਲ ਨੂੰ ਨਾਜ਼ਿਮ ਦੀਆਂ ਪੁਸਤਕਾਂ ਅੰਗਰੇਜ਼ੀ ਵਿਚ ਮੁਹੱਈਆ ਕੀਤੀਆਂ।

ਹਰਭਜਨ ਸਿੰਘ ਹੁੰਦਲ ਖੁਦ ਪੰਜਾਬੀ ਦੇ ਚਰਚਿਤ ਪ੍ਰਗਤੀਵਾਦੀ ਕਵੀ ਹਨ ਅਤੇ ਆਪਣੀ ਕਵਿਤਾ ਦੇ ਨਾਲ-ਨਾਲ ਉਨ੍ਹਾਂ ਦੁਨੀਆ ਦੀ ਬੇਹਤਰੀਨ ਪ੍ਰਗਤੀਵਾਦੀ ਕਵਿਤਾ ਨੂੰ ਪੰਜਾਬੀ ਵਿਚ ਅਨੁਵਾਦ ਰਾਹੀਂ ਪੇਸ਼ ਕਰਨ ਦਾ ਤਹੱਈਆ ਕੀਤਾ ਹੋਇਆ ਹੈ। ਹੁਣ ਤੱਕ ਉਹ ਮਾਇਕੋਵਸਕੀ, ਪਾਬਲੋ ਨੇਰੂਦਾ ਤੇ ਨਾਜ਼ਿਮ ਹਿਕਮਤ ਵਰਗੇ ਸੰਸਾਰ ਦੇ ਮਹਾਨ ਪ੍ਰਗਤੀਵਾਦੀ ਕਵੀਆਂ ਦੇ ਅਨੁਵਾਦ ਪੇਸ਼ ਕਰ ਚੁੱਕੇ ਹਨ। ਜਿਸ ਪ੍ਰਤੀਬੱਧਤਾ ਨਾਲ ਉਹ 'ਚਿਰਾਗ' ਪੱਤਰਕਾ ਰਾਹੀਂ ਪੰਜਾਬੀ ਸਿਰਜਣ ਤੇ ਆਲੋਚਨਾ ਖੇਤਰ ਵਿਚ ਪ੍ਰਗਤੀਵਾਦ ਦੇ ਪੱਖ ਵਿਚ ਵਿਚਾਰਧਾਰਕ ਸੰਘਰਸ਼ ਕਰਦੇ ਹਨ, ਉਸੇ ਪ੍ਰਤੀਬੱਧਤਾ ਨਾਲ ਆਪਣੀ ਕਾਵਿ ਤੇ ਵਾਰਤਕ ਸਿਰਜਣਾ, ਅਨੁਵਾਦ ਰਾਹੀਂ ਉਹ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਏਸ ਹਨੇਰੇ ਤੇ ਨਿਰਾਸ਼ ਸਮੇਂ ਵਿਚ ਵੀ ਪ੍ਰਗਤੀਵਾਦ ਦੀਆਂ ਰੌਸ਼ਨ ਕਿਰਨਾਂ ਨਾਲ ਮਾਨਵਤਾਵਾਦ ਦਾ ਰਾਹ ਦਰਸਾਉਣ ਦੇ ਕਠਿਨ ਕਾਰਜ ਵਿਚ ਲੱਗੇ ਹਨ ਅਤੇ ਇਸੇ ਪ੍ਰਤੀਬੱਧ ਇਰਾਦੇ ਨਾਲ ਉਨ੍ਹਾਂ ਨੇ ਪੰਜਾਬੀ ਪਾਠਕਾਂ ਨੂੰ ਨਾਜ਼ਿਮ ਹਿਕਮਤ ਦੀ 'ਚੋਣਵੀਂ ਕਵਿਤਾ' ਦੇ ਅਨੁਵਾਦ ਰੂਪ ਵਿਚ ਇਕ ਬੇਹੱਦ ਮੁਲਵਾਨ ਸੁਗਾਤ ਭੇਂਟ ਕੀਤੀ ਹੈ।

ਨਾਜ਼ਿਮ ਹਿਕਮਤ ਦੁਨੀਆ ਦੀ ਮਾਨਵਤਾਵਾਦੀ ਪ੍ਰਗਤੀਵਾਦੀ ਕਾਵਿਧਾਰਾ ਦੇ ਮਹਾਨਤਮ ਕਵੀਆਂ ਵਿਚੋਂ ਇਕ ਹੈ। ਪਾਬਲੋ ਨੇਰੂਦਾ, ਮਾਇਕੋਵਸਕੀ, ਮਹਿਮੂਦ ਦਰਵੇਸ਼, ਫ਼ੈਜ਼ ਅਹਿਮਦ ਫ਼ੈਜ਼ ਆਦਿ ਕਵੀਆਂ ਨਾਲ ਉਸਦਾ ਨਾਂ ਪੂਰੀ ਦੁਨੀਆ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਨਾਜ਼ਿਮ ਹਿਕਮਤ ਤੁਰਕੀ ਦੇ ਇਸਤੰਬੋਲ ਸ਼ਹਿਰ ਵਿਚ 1902 ਵਿਚ ਪੈਦਾ ਹੋਇਆ ਸੀ ਅਤੇ ਸ਼ੁਰੂ ਤੋਂ ਹੀ ਉਹ ਬਾਗੀ ਸੁਭਾਅ ਦਾ ਮਾਲਕ ਸੀ। ਉਸਨੂੰ ਕੁਲ 61 ਸਾਲਾਂ ਦੀ ਜ਼ਿੰਦਗੀ ਹਾਸਲ ਹੋਈ ਸੀ, 1963 ਵਿਚ ਮਾਸਕੋ ਵਿਚ ਜਲਾਵਤਨੀ ਦੌਰਾਨ ਉਸ ਦੀ ਮ੍ਰਿਤੂ ਹੋ ਗਈ ਸੀ। ਏਨ੍ਹਾਂ 61 ਵਰ੍ਹਿਆਂ ਵਿਚ ਉਸਨੂੰ 28 ਸਾਲ ਦੀ ਜੇਲ੍ਹ ਦੀ ਸਖ਼ਤ ਸਜ਼ਾ ਵੀ ਮਿਲੀ ਸੀ। ਜਿਨ੍ਹਾਂ ਵਿਚ ਉਸਨੇ 13 ਸਾਲ ਇਕ ਸਮੁੰਦਰੀ ਲੜਾਕੂ ਜਹਾਜ਼ ਦੀ ਕਾਲ ਕੋਠੜੀ ਵਿਚ ਕੱਟੇ ਸਨ। ਸਾਰਤਰ, ਪਿਕਾਸੋ, ਨੇਰੂਦਾ ਵਰਗੀਆਂ ਨਾਮਵਰ ਸ਼ਖ਼ਸੀਅਤਾਂ ਵਲੋਂ ਕੌਮਾਂਤਰੀ ਪੱਧਰ 'ਤੇ ਨਾਜ਼ਿਮ ਦੀ ਰਿਹਾਈ ਲਈ ਮੁਹਿੰਮ ਛੇੜਨ ਬਾਦ ਹੀ ਉਸਨੂੰ 1950 ਵਿਚ ਰਿਹਾਅ ਤਾਂ ਕਰ ਦਿੱਤਾ ਗਿਆ ਸੀ, ਪਰ ਉਸਨੂੰ ਜਲਾਵਤਨੀ ਵਿਚ 13 ਸਾਲ ਰੂਸ ਵਿੱਚ ਗੁਜ਼ਾਰਨੇ ਪਏ। ਹਾਲਾਂਕਿ ਰੂਸ ਰਹਿਣ ਦੌਰਾਨ ਉਸਨੇ ਦੁਨੀਆ ਦੇ ਕਈ ਦੇਸ਼ਾਂ ਦੀ ਯਾਤਰਾ ਕੀਤੀ। ਪੂਰੀ ਦੁਨੀਆ ਵਿਚ ਇਕ ਪ੍ਰਗਤੀਵਾਦੀ ਕਵੀ ਦੇ ਤੌਰ 'ਤੇ ਉਨ੍ਹਾਂ ਦਾ ਬੜਾ ਸਤਿਕਾਰ ਸੀ। ਤੁਰਕੀ ਵਿਚ ਨਾਜ਼ਿਮ ਦੇ ਜਿਉਂਦੇ ਜੀ ਉਸਦੀ ਕੋਈ ਕਿਤਾਬ ਨਹੀਂ ਛਪਣ ਦਿੱਤੀ ਗਈ। ਉਸਦੀ ਮੌਤ ਤੋਂ ਬਾਦ ਹੀ 1965-66 ਵਿਚ ਨਾਜ਼ਿਮ ਦੀਆਂ ਕਰੀਬ ਵੀਹ ਪੁਸਤਕਾਂ ਇਕੱਠਿਆਂ ਹੀ ਤੁਰਕੀ ਵਿਚ ਛਪੀਆਂ ਅਤੇ ਫਿਰ ਤਾਂ ਸੰਸਾਰ ਭਰ ਵਿਚ ਸਾਰੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਨਾਜ਼ਿਮ ਦੀ ਕਵਿਤਾ ਦੇ ਅਨੁਵਾਦ ਛਪਣੇ ਸ਼ੁਰੂ ਹੋ ਗਏ। ਤੁਰਕੀ ਵਿਚ ਹੁਣ ਉਸਦੀ



ਸਮੁੱਚੀ ਸਾਹਿਤ ਰਚਨਾ ਤੀਹ ਜਿਲਦਾਂ ਵਿਚ ਛਪ ਚੁੱਕੀ ਹੈ। ਰੂਸੀ ਭਾਸ਼ਾ ਵਿਚ ਛੇ ਜਿਲਦਾਂ ਵਿਚ ਨਾਜ਼ਿਮ ਦੀਆਂ ਰਚਨਾਵਾਂ ਪ੍ਰਕਾਸ਼ਤ ਹਨ। ਕਵਿਤਾ ਤੋਂ ਇਲਾਵਾ ਨਾਜ਼ਿਮ ਨੇ ਕਈ ਨਾਵਲ, ਨਾਟਕ, ਫਿਲਮ ਸਕਰਿਪਟਾਂ ਅਤੇ ਬਾਲ ਸਾਹਿਤ ਦੀਆਂ ਪੁਸਤਕਾਂ ਵੀ ਰਚੀਆਂ।

ਅੰਗਰੇਜ਼ੀ ਵਿਚ ਹਾਲੀਂ ਨਾਜ਼ਿਮ ਦਾ ਪੂਰਾ ਸਾਹਿਤ ਅਨੁਵਾਦ ਨਹੀਂ ਹੋਇਆ। ਕਾਫੀ ਥੋੜ੍ਹਾ ਸਾਹਿਤ ਹੀ ਅੰਗਰੇਜ਼ੀ ਵਿਚ ਅਨੁਵਾਦ ਹੋਇਆ ਹੈ ਅਤੇ ਉਸ ਤੋਂ ਹੀ ਸੰਸਾਰ ਦੀਆਂ ਬਾਕੀ ਭਾਸ਼ਾਵਾਂ ਵਿਚ ਨਾਜ਼ਿਮ ਦੀ ਰਚਨਾ ਦਾ ਅਨੁਵਾਦ ਵਧੇਰੇ ਕਰਕੇ ਹੋ ਰਿਹਾ ਹੈ। ਹਰਭਜਨ ਸਿੰਘ ਹੁੰਦਲ ਨੇ ਵੀ ਅੰਗਰੇਜ਼ੀ ਵਿਚ ਪ੍ਰਕਾਸ਼ਤ ਦੋ ਪੁਸਤਕਾਂ The Epic of Sheika Badrudin and other poems (1977) ਅਤੇ Human Landascapes ਵਿਚੋਂ ਅਨੁਵਾਦ ਰਾਹੀਂ ਨਾਜ਼ਿਮ ਦੀ ਚੋਣਵੀ ਕਵਿਤਾ ਪੰਜਾਬੀ ਅਨੁਵਾਦ ਵਿਚ ਪੇਸ਼ ਕੀਤੀ ਹੈ। 'ਸ਼ੇਖ ਬਦਰੁਦੀਨ ਦੀ ਵਾਰ ਅਤੇ ਹੋਰ ਕਵਿਤਾਵਾਂ' ਸੰਗ੍ਰਹਿ ਵਿਚ ਨਾਜ਼ਿਮ ਦੀਆਂ ਕੁਝ ਛੋਟੀਆਂ ਕਵਿਤਾਵਾਂ ਤੋਂ ਇਲਾਵਾ 'ਸ਼ੇਖ ਬਦਰੁਦੀਨ ਦੀ ਵਾਰ' ਅਤੇ 'ਸੁਨਹਿਰੀ ਵਾਲਾਂ ਵਾਲੀ ਕੁੜੀ' ਲੰਮੀਆਂ ਰਚਨਾਵਾਂ ਸ਼ਾਮਲ ਹਨ, ਜਦਕਿ 'ਮਨੁੱਖੀ ਚਿੱਤਰ' ਸੰਗ੍ਰਹਿ 294 ਸਫਿਆਂ ਦੀ ਮਹਾਕਾਵਿਕ ਪੱਧਰ ਦੀ ਰਚਨਾ ਹੈ, ਜਿਸ ਦੇ ਪੰਜ ਭਾਗ ਹਨ ਅਤੇ ਇਹ ਨਾਜ਼ਿਮ ਦੀ ਪ੍ਰਮੁਖ ਰਚਨਾ ਹੈ।

ਹਰਭਜਨ ਸਿੰਘ ਹੁੰਦਲ ਨੇ 'ਚੋਣਵੀਂ ਕਵਿਤਾ' ਵਿਚ ਪੰਜ ਭਾਗਾਂ ਵਿਚ ਨਾਜ਼ਿਮ ਦੀ ਕਾਵਿ ਰਚਨਾ ਦੇ ਬਹੁਰੰਗੀ ਰੂਪ ਪੇਸ਼ ਕੀਤੇ ਹਨ। 'ਛੋਟੀਆਂ ਨਜ਼ਮਾਂ' ਖੰਡ ਵਿਚ 40 ਸਫਿਆਂ ਵਿਚ ਛੋਟੇ ਆਕਾਰ ਦੀਆਂ ਕਵਿਤਾਵਾਂ ਹਨ, 'ਸੁਨਹਿਰੀ ਵਾਲਾਂ ਵਾਲੀ ਕੁੜੀ' ਦਾ ਇਕੋ ਖੰਡ ਹੈ, 'ਮਨੁੱਖੀ ਧਰਤ ਦ੍ਰਿਸ਼' ਮਹਾਕਾਵਿ ਵਿਚੋਂ ਵੀ ਕੁਝ ਨਜ਼ਮਾਂ ਅਨੁਵਾਦ ਕੀਤੀਆਂ ਗਈਆਂ ਹਨ, ਚੌਥੇ ਭਾਗ ਵਿਚ 'ਛਾਪਾਮਾਰ ਕੁੜੀ ਤਾਨੀਆ ਦੀ ਵਾਰ' ਅਤੇ ਪੰਜਵੇਂ ਭਾਗ ਵਿਚ 'ਸ਼ੇਖ ਬਦਰਉਦੀਨ ਦੀ ਵਾਰ' ਦਾ ਅਨੁਵਾਦ ਪੇਸ਼ ਕੀਤਾ ਗਿਆ।

ਨਾਜ਼ਿਮ ਹਿਕਮਤ ਨੇ ਆਪਣੇ ਜੇਲ੍ਹ ਪ੍ਰਵਾਸ ਦੌਰਾਨ, ਜੋ ਇਕੱਲਤਾ ਦਾ ਸਰਾਪ ਭੋਗਿਆ, ਉਹ ਆਪਣੇ ਵਿਚਾਰਾਂ ਦੀ ਦ੍ਰਿੜ੍ਹਤਾ ਕਰਕੇ ਹੀ ਅਤੇ ਕਾਵਿ ਰਚਨਾ ਕਰਕੇ ਹੀ ਉਸਦੇ ਦੁਸ਼ਪ੍ਰਭਾਵ ਦੀ ਕਾਟ ਕਰ ਸਕੇ। ਆਪਣੇ ਪਿਆਰਿਆਂ ਤੋਂ ਦੂਰ ਹੋਣ ਦਾ ਦਰਦ, ਜੇਲ੍ਹ ਪ੍ਰਵਾਸ 'ਤੇ ਬਾਹਰ ਆ ਕੇ ਰੂਸ ਦੀ ਜਲਾਵਤਨੀ ਦੌਰਾਨ ਵੀ ਨਾਜ਼ਿਮ ਨੂੰ ਤੜਪਾਉਂਦਾ ਰਿਹਾ ਅਤੇ ਇਹੋ ਦਰਦ ਨਾਜ਼ਿਮ ਨੂੰ ਛੋਟੀ ਉਮਰ ਦੇ ਅੰਤ ਵੱਲ ਵੀ ਲੈ ਗਿਆ। ਆਪਣੀ ਮ੍ਰਿਤੂ ਤੋਂ ਦੋ ਮਹੀਨੇ ਪਹਿਲਾਂ 'ਬਰਲਿਨ ਤੋਂ ਚਿੱਠੀਆਂ' ਸਿਰਲੇਖ ਕਵਿਤਾ ਵਿਚ ਨਾਜ਼ਿਮ ਦਾ ਦਰਦ ਸਿਖਰਲੇ ਰੂਪ ਵਿਚ ਪ੍ਰਗਟ ਹੁੰਦਾ ਹੈ :-

ਪਰ ਮੇਰੇ ਅੰਦਰ  
ਸਾਡੇ ਲੰਮੇ ਵਿਛੋੜੇ ਦੀ ਰਾਤ ਹੈ  
ਮੇਰੇ ਅੰਦਰ  
ਤੇਰੇ ਤੋਂ ਬਿਨਾਂ ਹੋਣ ਦਾ ਦਰਦ ਹੈ  
ਮੇਰੇ ਅੰਦਰ ਤੇਰੀ ਇਕੱਲਤਾ ਹੈ  
ਇਕੱਲਤਾ  
ਯਾਦਾਂ ਦੀ ਰੋਟੀ, ਜੋ ਭੁੱਖ ਨਹੀਂ ਮਿਟਾਉਂਦੀ  
ਦੂਰੀ ਲਈ ਯਾਦਾਂ ਦਾ ਬੁਲਾਵਾ

ਨਾਜ਼ਿਮ ਦੀਆਂ ਛੋਟੀਆਂ ਕਵਿਤਾਵਾਂ ਵਿਚ ਉਨ੍ਹਾਂ ਦੇ ਭਾਵਾਂ ਦੀ ਤੀਖਣਤਾ ਵਧੇਰੇ ਤਿੱਖੇ ਰੂਪ ਵਿਚ ਪ੍ਰਗਟ ਹੋਈ ਹੈ :-

ਬੰਦਾ ਇਕੱਲਤਾ ਬਾਰੇ ਸੋਚਦਾ ਹੈ  
ਪਾਗਲਾਂ ਹਾਰ  
ਪੀੜਾਂ ਭਰੀ ਤੇ ਪੂਰੀ-ਸੂਰੀ ਇਕੱਲਤਾ (ਨੌਵੀਂ ਵਰ੍ਹੇ ਗੰਢ-1946)

'ਸੁਨਹਿਰੀ ਵਾਲਾਂ ਵਾਲੀ ਕੁੜੀ' ਅੰਗਰੇਜ਼ੀ ਵਿਚ ਸਟਰਾਅ ਬਲੌਂਡ (Straw Blond) ਸਿਰਲੇਖ ਹੇਠ ਰਚੀ ਗਈ। ਇਹ ਕਵਿਤਾ ਵਿਚ ਵੀਰਾ ਤੁਲੀਆਕੋਵਾ ਜਿਸਦੇ ਵਿਚ ਇਨਸਾਨੀ ਖੂਬਸੂਰਤੀ ਨੂੰ ਸੰਵੇਦਨਸ਼ੀਲ ਰੂਪ ਵਿਚ ਚਿਤਵਿਆ ਤੇ ਚਿਤਰਿਆ ਗਿਆ ਹੈ :-

ਔਰਤਾਂ ਸੁੰਦਰਤਾ ਦੀ ਭਾਲ ਛੇਤੀ ਕਰ ਲੈਂਦੀਆਂ ਨੇ
ਆਦਮੀਆਂ ਨਾਲੋਂ
ਤੇ ਉਹ ਭੁਲਦੀਆਂ ਵੀ ਨਹੀਂ
ਕੀ ਤੁਸੀਂ ਤੱਕਿਆ ਨਹੀਂ ਸੀ
ਉਹਦੇ ਵਾਲ ਸੁਨਹਿਰੀ ਸਨ
ਤੇ ਪਲਕਾਂ ਨੀਲੀਆਂ

'ਮਨੁੱਖੀ ਧਰਤ ਦ੍ਰਿਸ਼' (Human Landscapes) ਨਾਜ਼ਿਮ ਦਾ ਰਚਿਆ ਮਹਾਕਾਵਿ ਹੈ। ਇਸ ਮਹਾਂਕਾਵਿ ਦੇ ਕੁਝ ਅੰਸ਼ ਹਰਭਜਨ ਸਿੰਘ ਹੁੰਦਲ ਹੋਰਾਂ ਨੇ ਅਨੁਵਾਦ ਕੀਤੇ ਹਨ, ਜੋ ਆਪਣੇ ਆਪ ਵਿਚ ਸੁਤੰਤਰ ਕਵਿਤਾਵਾਂ ਵੀ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਕਵਿਤਾਵਾਂ ਦਾ ਕੈਨਵੈਸ ਬੜਾ ਵਿਸ਼ਾਲ ਤੇ ਵਿਆਪਕ ਹੈ ਅਤੇ ਮਨੁੱਖੀ ਜ਼ਿੰਦਗੀ ਦੇ ਵੰਨ ਸੁਵੰਨੇ ਦੁਖ-ਸੁਖ ਭਰੇ ਪਲਾਂ ਨੂੰ ਕਾਵਿਕ ਸੰਵੇਦਨਾਵਾਂ ਵਿਚ ਢਾਲ ਕੇ ਪੇਸ਼ ਕੀਤਾ ਗਿਆ ਹੈ, 'ਬੰਦੀਵਾਨ ਦਾ ਪ੍ਰੇਮ ਪੱਤਰ' ਸਿਰਲੇਖ ਕਵਿਤਾ ਵਿਚ ਕਵੀ ਦੀ ਪ੍ਰਤੀਬੱਧਤਾ ਏਨ੍ਹਾਂ ਸ਼ਬਦਾਂ ਵਿਚ ਵਿਅਕਤ ਹੋਈ ਹੈ :-

ਮੈਂ ਆਪਣਾ ਜੀਵਨ
ਸਭ ਤੋਂ ਸੁੰਦਰ
ਸਭ ਤੋਂ ਜ਼ਰੂਰੀ
ਤੇ ਸਭ ਤੋਂ ਭਰੋਸੇਯੋਗ ਮੰਤਵ ਲਈ ਅਰਪਨ ਕਰ ਦਿੱਤਾ ਹੈ।

'ਬੰਦੀਵਾਨ ਦੇ ਪ੍ਰੇਮ ਪੱਤਰ' ਦੇ ਜਵਾਬ ਵਿਚੋਂ 'ਪਤਨੀ ਦਾ ਪੱਤਰ, ਬੰਦੀਵਾਨ ਦੇ ਨਾਂ' ਉਸ ਤੋਂ ਵੀ ਵੱਧ ਮਾਰਮਿਕ ਹੈ, ਜਿਥੇ ਪਤਨੀ ਦੀ ਪ੍ਰਤੀਬੱਧਤਾ ਵੀ ਅਸਚਰਜਨਕ ਹੈ।

ਮੇਰੇ ਪਿਆਰੇ!
ਮੈਨੂੰ ਤੇਰੇ 'ਤੇ ਏਨਾ ਭਰੋਸਾ ਹੈ
ਕਿ ਮੈਂ ਤੇਰੇ ਵਰਗੀ ਬਨਣਾ ਚਾਹੁੰਦੀ ਹਾਂ
ਅਸੀਂ ਸਿਰਫ ਪੰਜ ਸਾਲ ਇਕੱਠੇ ਰਹੇ
ਬਾਕੀ ਦੇ ਸਾਲ ਤੂੰ ਜੇਲ ਵਿਚ ਸੀ।

15 ਕਾਂਡਾਂ ਦੀ ਇਸ ਲੰਮੀ ਕਵਿਤਾ ਵਿਚ ਕਈ ਪੰਕਤੀਆਂ ਤਾਂ ਜਿਵੇਂ ਸਰਬਵਿਆਪਕ ਸੱਚਾਈਆਂ ਵਾਂਗ ਪ੍ਰਗਟ ਹੋਈਆਂ ਹਨ :-

ਜਦ ਸਾਨੂੰ ਪਤਾ ਹੈ ਕਿ ਅਸੀਂ ਮਰ ਜਾਣਾ ਹੈ
ਤਾਂ ਫਿਰ ਅਸੀਂ ਸਨਕੀ ਕਿਉਂ ਹੋ ਜਾਂਦੇ ਹਾਂ ?
ਜਾਂ ਕੀ ਲੋਕ ਸੋਚਦੇ ਹਨ ਕਿ ਉਹਨਾਂ ਮਰਨਾ ਨਹੀਂ

ਜਾਂ ਜ਼ਿੰਦਗੀ ਦੀ ਤਾਕਤ ਬਾਰੇ

ਭਾਵੇਂ ਇਹ ਛੋਟੀ ਹੁੰਦੀ ਹੈ
ਫਿਰ ਵੀ ਜ਼ਿੰਦਗੀ ਮੌਤ ਨਾਲੋਂ ਤਕੜੀ ਹੈ

ਮਨੁੱਖੀ ਸੰਬੰਧਾਂ ਦੀ ਕੋਮਲਤਾ ਤੇ ਡੂੰਘਾਈ ਪਤਨੀ ਦੀਆਂ ਏਨ੍ਹਾਂ ਭਾਵਨਾਵਾਂ ਦੇ ਕਾਵਿਕ ਰੂਪ ਵਿਚ ਝਲਕ ਉਠਦੀ ਹੈ :-

ਮੈਂ ਬਸ ਤੇਰੀ ਰਿਹਾਈ ਬਾਰੇ ਸੋਚਦੀ ਹਾਂ
ਬਾਹਰ ਆ ਜਾ
ਤੇ ਮੈਂ ਖੁਸ਼ੀ ਖੁਸ਼ੀ ਹਫਤੇ ਵਿਚ ਹੀ ਮਰ ਜਾਵਾਂਗੀ।

ਜਾਂ ਫਿਰ ਮਾਵਾਂ-ਧੀਆਂ ਦਾ ਸਾਂਝਾ ਦਰਦ :-

ਮਾਵਾਂ ਧੀਆਂ ਦੀ ਕਿੰਨੀ ਬਣਦੀ ਹੈ
ਅਸੀਂ ਇਕੱਠੀਆਂ ਹੀ ਰੋਂਦੀਆਂ ਹਾਂ



ਪੁਸਤਕਾਂ ਬਾਰੇ ਪੰਕਤੀਆਂ ਵੀ ਕਾਵਿਕਤਾ ਭਰਪੂਰ ਹਨ :-

ਪੁਸਤਕਾਂ ਸਭ ਤੋਂ ਲੰਮੇ ਤੇ ਸਭ ਤੋਂ ਸੁੰਦਰ
ਸਫਰ ਹੁੰਦੀਆਂ ਨੇ

ਹੁੰਦਲ ਨੇ ਵੱਖਰੇ ਖੰਡ ਵਿਚ 'ਛਾਪਾਮਾਰ ਕੁੜੀ ਤਾਨੀਆ ਦੀ ਵਾਰ' ਵੀ ਸ਼ਾਮਲ ਕੀਤੀ ਹੈ, ਜਿਸਦੀ ਅਕੱਥ ਬਹਾਦਰੀ ਫਾਂਸੀ ਦੇ ਫੰਦੇ ਝੂਲਦਿਆਂ ਵੀ ਏਨ੍ਹਾਂ ਸ਼ਬਦਾਂ ਵਿਚ ਜ਼ਾਹਰ ਹੁੰਦੀ ਹੈ :-

ਭਰਾਵੋ!
ਲੜਾਈ ਅੰਤ ਤੱਕ ਜਾਰੀ ਰੱਖੋ,

ਸ਼ੇਖ ਬਦਰਉਦੀਨ ਤੁਰਕੀ ਦਾ ਮੱਧਕਾਲ ਦਾ ਇਕ ਬਹਾਦਰ ਬਾਗੀ ਸੀ, ਜਿਸ ਸੰਬੰਧੀ ਅਨੇਕ ਪੁਸਤਕਾਂ ਤੇ ਲੋਕ ਕਥਾਵਾਂ ਪ੍ਰਚਲਤ ਸਨ। ਉਸ ਬਾਗੀ ਦੀ ਕਥਾ ਨੂੰ ਨਾਜ਼ਿਮ ਨੇ ਇਕ ਤਾਕਤਵਾਰ ਲੰਮੀ ਕਵਿਤਾ 'ਸ਼ੇਖ ਬਦਰਉਦੀਨ ਦੀ ਵਾਰ' ਰੂਪ ਵਿਚ ਢਾਲ ਕੇ ਪੇਸ਼ ਕੀਤਾ। ਬਦਰਉਦੀਨ ਨਾਂ ਦੇ ਬੁੱਢੇ ਨੇ ਆਪਣੀਆਂ ਕਿਤਾਬਾਂ (foundations Illumination) ਆਦਿ ਵਿਚੋਂ ਲਿਖਿਆ :-

'ਧਰਤੀ ਦੇ ਬੰਦਿਓ
ਅਸੀਂ ਧਰਤੀ ਨੂੰ ਜਿੱਤਾਂਗੇ
ਗਿਆਨ ਦੀ ਸ਼ਕਤੀ ਤੋਂ
ਅਤੇ ਰੱਬ ਦੀ ਹੋਂਦ ਦੇ ਰਹੱਸ ਨੂੰ ਅਨੁਭਵ ਕਰਕੇ
ਅਸੀਂ ਕੌਮਾਂ ਤੇ ਧਰਮਾਂ ਦੇ ਕਾਨੂੰਨਾਂ ਨੂੰ ਖ਼ਤਮ ਕਰ ਦਿਆਂਗੇ।

ਇਸ ਤਰ੍ਹਾਂ ਪੰਜਾਬੀ ਵਿਚ ਹੁੰਦਲ ਹੁਰਾਂ ਨਾਜ਼ਿਮ ਹਿਕਮਤ ਦੀ ਕਵਿਤਾ ਦੇ ਵਿਰਾਟ ਰੂਪ ਦੀਆਂ ਕੁਝ ਵਿਸਤ੍ਰਿਤ ਝਲਕਾਂ ਪਹਿਲੀ ਵਾਰ ਪੇਸ਼ ਕੀਤੀਆਂ ਹਨ। ਇਸ ਤੋਂ ਪਹਿਲਾਂ ਨਾਜ਼ਿਮ ਦੀਆਂ ਬਹੁਤ ਥੋੜ੍ਹੀਆਂ ਕਵਿਤਾਵਾਂ ਅਨੁਵਾਦ ਰੂਪ ਵਿਚ ਮਿਲਦੀਆਂ ਸਨ। ਸ਼ਾਇਦ ਹਿੰਦੀ ਵਿਚ ਏਨਾ ਵਿਸਤ੍ਰਿਤ ਸੰਗ੍ਰਹਿ ਹਾਲੀ ਵੀ ਨਹੀਂ ਛਪਿਆ ਹਾਲਾਂਕਿ ਇਹਨਾਂ ਵਿਚੋਂ ਕੁਝ ਕਵਿਤਾਵਾਂ ਦੇ ਹਿੰਦੀ ਰੂਪ ਵੀ ਪੱਤਰਕਾਵਾਂ ਵਿਚ ਛਪੇ ਹਨ।

ਇਸ ਕਵਿਤਾ ਦੇ ਅਨੁਵਾਦਕ ਹਰਭਜਨ ਸਿੰਘ ਹੁੰਦਲ ਅਨੁਸਾਰ "ਨਾਜ਼ਿਮ ਦੀ ਕਵਿਤਾ ਲੋਕ ਜੀਵਨ ਤੇ ਉਸਦੇ ਸੰਘਰਸ਼ਾਂ" ਦਾ ਦਰਪਣ ਹੈ ਅਤੇ ਇਹ ਜਬਰ, ਜ਼ੁਲਮ ਤੇ ਤਸ਼ੱਦਦ ਦੇ ਸੰਘਣੇ ਹਨੇਰੇ ਵਿਚ ਵੀ ਰਾਹ ਵਿਖਾਊ, ਸਿਤਾਰੇ ਵਾਂਗ ਅਗਵਾਈ ਕਰਦੀ, ਰੋਸ਼ਨੀ ਦੇ ਸੋਮੇ ਵੱਲ ਲੈ ਤੁਰਦੀ ਹੈ।"

ਅੱਜ ਅਸੀਂ ਇਤਿਹਾਸ ਦੇ ਸਭ ਤੋਂ ਕਾਲੇ ਦੌਰ ਵਿਚੋਂ ਲੰਘ ਰਹੇ ਹਾਂ। ਫਾਸ਼ਿਜ਼ਮ ਸਾਡੇ ਨਾਲ ਨਾਲ ਤੁਰ ਰਿਹਾ ਹੈ। ਅਤੇ ਸਾਡੇ ਤੋਂ ਹੱਥ ਭਰ ਦੀ ਦੂਰੀ 'ਤੇ ਉਸਦੇ ਫੈਲੇ ਜਬਾੜੇ ਨਜ਼ਰ ਆ ਰਹੇ ਹਨ। ਜੋ ਕਿਸੇ ਪਲ ਵੀ ਸਾਨੂੰ ਹੜੱਪ ਸਕਦੇ ਹਨ। ਨਾਜ਼ਿਮ ਹਿਕਮਤ ਦੀ ਕਵਿਤਾ ਸੰਸਾਰ ਦੀ ਪ੍ਰਗਤੀਸ਼ੀਲ ਕਵਿਤਾ ਦੀ ਅਮੁੱਲ ਪ੍ਰਾਪਤੀ ਹੈ। ਇਹ ਫਾਸ਼ਿਜ਼ਮ ਖਿਲਾਫ਼ ਲੜਨ ਲਈ ਜੇ ਹਥਿਆਰ ਨਹੀਂ ਤਾਂ ਘੱਟੋਂ ਘੱਟ ਹੌਸਲਾ ਦੇਣ ਵਾਲੀ ਸ਼ਕਤੀ ਦਾ ਸੋਮਾ ਤਾਂ ਜ਼ਰੂਰ ਹੈ। ਹੁੰਦਲ ਨੇ ਪੰਜਾਬੀ ਪਾਠਕਾਂ ਲਈ ਇਸਨੂੰ ਸਹੀ ਮੌਕੇ ਅਨੁਵਾਦਤ ਕੀਤਾ ਹੈ। ਹੁੰਦਲ ਆਪਣੇ ਕਾਵਿ-ਧਰਮ ਦੇ ਨਾਲ-ਨਾਲ ਅਨੁਵਾਦ ਕਰਮ ਵਿਚ ਵੀ ਪੂਰੀ ਤਰ੍ਹਾਂ ਪ੍ਰਤੀਬੱਧ ਹੈ। ਨਾਜ਼ਿਮ ਦੇ ਅਨੁਵਾਦ ਹੋਰ ਅਨੁਵਾਦਕਾਂ ਵਲੋਂ ਵੀ ਹੋਏ ਹਨ। ਕੁਝ ਅਨੁਵਾਦ ਹਿੰਦੀ ਤੋਂ ਹੋਏ ਹਨ ਅਤੇ ਕੁਝ ਅੰਗਰੇਜ਼ੀ ਤੋਂ। ਤੁਰਕੀ ਭਾਸ਼ਾ ਤੋਂ ਅੰਗਰੇਜ਼ੀ ਬਰਾਸਤੇ ਭਾਰਤੀ ਭਾਸ਼ਾਵਾਂ ਦਾ ਜਾਮਾ ਪਹਿਨਣ ਤੱਕ ਦੀ ਯਾਤਰਾ ਦੌਰਾਨ ਕਾਵਿਕਤਾ ਤੇ ਕਾਵਿਕ ਲੈਅ ਵਿਚ ਕੁਝ ਖੱਪੇ ਰਹਿ ਸਕਦੇ ਹਨ। ਪਰ ਅਜਿਹੇ ਸਾਹਿਤ ਦੇ ਅਨੁਵਾਦ ਵਿਚ ਮੁੱਖ ਜ਼ੋਰ ਅਰਥ-ਸੰਪ੍ਰੇਸ਼ਣ 'ਤੇ ਹੁੰਦਾ ਹੈ, ਜੋ ਉਚਿਤ ਵੀ ਹੈ ਅਤੇ ਅਰਥ ਸੰਪ੍ਰੇਸ਼ਣ ਵਿਚ ਇਹ ਅਨੁਵਾਦ ਜ਼ਰੂਰ ਸਫਲ ਕਹੇ ਜਾ ਸਕਦੇ ਹਨ।

ਸੋ ਨਾਜ਼ਿਮ ਹਿਕਮਤ ਦੀ 'ਚੋਣਵੀਂ ਕਵਿਤਾ' ਦਾ ਹੁੰਦਲ ਵਲੋਂ ਕੀਤਾ ਪੰਜਾਬੀ ਅਨੁਵਾਦ ਪੰਜਾਬੀ ਪਾਠਕਾਂ ਵਲੋਂ ਖੁਸ਼ਆਮਦੀਦ ਕਹਾਉਣ ਦਾ ਹੱਕਦਾਰ ਹੈ।

*—ਮੁਖੀ, ਹਿੰਦੀ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਬੋਲੀ, ਪਛਾਣ ਤੇ ਵਿਸ਼ਵੀਕਰਨ/ਆਰਫ਼ ਤਬੱਸਮ

ਬੋਲੀ ਕਿਸੇ ਕੌਮ ਦੀ ਸਿੰਞਾਣ ਤੇ ਪਛਾਣ ਹੁੰਦੀ ਹੈ। ਇਹ ਕਿਸੇ ਦੀ ਰਹਿਤਲ (ਸਭਿਆਚਾਰ) ਤੇ ਕੌਮ ਦਾ ਮੁਢਲਾ ਅੰਗ ਹੈ। ਇਹਦੇ ਰਾਹੀਂ ਲੋਕ ਇਕ ਦੂਜੇ ਨੂੰ ਸਮਝਦੇ ਤੇ ਸਿਆਣਦੇ ਨੇ। ਇਹ ਇਕ ਬਹੁੰ ਵੱਡਾ ਸੱਚ ਏ, ਭਈ ਹਰ ਵੱਸੋਂ ਦੀ ਰਹਿਤਲ ਉਹਦੀ ਬੋਲੀ ਨਾਲ ਜੁੜੀ ਹੁੰਦੀ ਏ, ਏਸ ਲਈ ਅਸੀਂ ਬੋਲੀ ਨੂੰ ਨਿਰਾ ਗੱਲ ਅਪੜਾਨ ਦਾ ਵਸੀਲਾ ਨਹੀਂ, ਸਗੋਂ ਪੂਰੀ ਵੱਸੋਂ ਦੀ ਰਹਿਤਲ ਤੇ ਨਫਸਿਆਤ (ਮਾਨਸਿਕਤਾ) ਦਾ ਸ਼ੀਸ਼ਾ ਆਖ ਸਕਦੇ ਹਾਂ। ਉਤਲੇ ਪੱਖੋਂ ਤਾਂ ਹਰ ਬੋਲੀ ਨਿਰਾ ਸ਼ਬਦ-ਭੰਡਾਰ ਈ ਹੁੰਦੀ ਹੈ, ਪਰ ਅਸਾਂ ਅੱਜ ਤੀਕ ਇਹ ਸਮਝਣ ਦੀ ਖੇਚਲ ਨਹੀਂ ਕੀਤੀ ਕਿ ਲਫ਼ਜ਼ ਨਿਰੇ ਲਫ਼ਜ਼ ਈ ਨਹੀਂ ਹੁੰਦੇ ਸਗੋਂ ਹਰ ਲਫ਼ਜ਼ ਦੇ ਪਿਛੋਕੜ ਵਿੱਚ ਕਦਰਾਂ-ਕੀਮਤਾਂ (Values) ਦਾ ਇੱਕ ਪੂਰਾ ਵਿਹਾਰ ਲੁਕਿਆ ਹੁੰਦਾ ਏ ਤੇ ਇਹ ਕਦਰਾਂ-ਕੀਮਤਾਂ ਈ ਕਿਸੇ ਕੌਮ ਦੀ ਪਛਾਣ ਹੁੰਦੀਆਂ ਨੇ।

ਅੱਜ ਦੇ ਵਿਕਸਿਤ ਜ਼ਮਾਨੇ ਵਿੱਚ ਵੇਖੀਏ ਤਾਂ ਬੋਲੀਆਂ ਦੀ ਲੋੜ ਘਟਦੀ ਵਿਖਾਲੀ ਦਿੰਦੀ ਹੈ। ਪਰ ਅਸਲ ਵਿੱਚ ਸੱਚ ਤਾਂ ਇਹ ਹੈ ਪਈ ਕੁੱਲ ਦੁਨੀਆ ਨੂੰ ਬੜੇ ਆਹਰ ਤੇ ਉਚੇਚ ਨਾਲ ਇਕ ਹੀ ਬੋਲੀ 'ਤੇ ਲਾਇਆ ਜਾਂਦਾ ਪਿਆ ਏ ਤਾਂ ਜੋ ਵਿਸ਼ਵੀਕਰਨ (ਗਲੋਬੇਲਾਈਜ਼ੇਸ਼ਨ) ਦੀ ਪੂਰੀ ਪੈ ਸਕੇ। ਵਿਸ਼ਵੀਕਰਨ ਲਾਉਣ ਵਾਸਤੇ ਤਾਂ ਬੜਾ ਸੁਹਣਾ ਨਾਅਰਾ ਹੈ,, ਪਰ ਅਸਲ ਵਿੱਚ ਇਹ ਇੱਕ ਉਚੇਚੇ ਨਿਸ਼ਾਨੇ ਤਾਈਂ ਅਪੜਨ ਲਈ ਲੋਕ-ਬੋਲੀਆਂ ਤੇ ਲੋਕ-ਪਛਾਣ ਨੂੰ ਮੁਕਾਵਣ ਦਾ ਬੜਾ ਸੋਚਿਆ ਸਮਝਿਆ ਯਤਨ ਹੈ। ਇਸਦਾ ਨਾਅਰਾ ਲਾਉਣ ਵਾਲਿਆਂ ਇਹ ਕੰਮ ਸਕੂਲਾਂ ਤੇ ਨਸ਼ਰ-ਵਸੀਲਿਆਂ (ਸੰਚਾਰ-ਸਾਧਨਾਂ) ਦੇ ਜ਼ਿੰਮੇ ਕੀਤਾ ਹੋਇਆ ਹੈ, ਜਿਹੜੀ ਡਾਢੀ ਮਾਰ ਪਏ ਕਰਦੇ ਨੇ।

ਏਸ ਸਾਰੇ ਪੁਆੜੇ ਨੂੰ ਸਮਝਣ ਲਈ, ਅਸੀਂ ਸਭ ਤੋਂ ਪਹਿਲਾਂ ਬੋਲੀ ਤੇ ਉਹਦੀ ਲੋੜ ਤੋਂ ਤੁਰਦੇ ਆਂ ਤੇ ਫੇਰ ਤਵਾਰੀਖੀ ਵਹਿਣ ਵਿੱਚ ਬੋਲੀਆਂ ਦੇ ਘੜੇ ਜਾਣ ਦੇ ਕਾਰਨ ਵਿਚਾਰਦੇ ਆਂ।

ਇਹ ਪੱਕਾ ਥਿੱਤਾ ਸੱਚ ਹੈ ਕਿ ਬੰਦੇ ਨੂੰ ਜਦੋਂ ਇਕ ਦੂਜੇ ਤਾਈਂ ਗੱਲ ਅਪੜਾਨ ਦੀ ਲੋੜ ਪਈ ਤਾਂ ਬੋਲੀ ਹੋਂਦ ਵਿੱਚ ਆਈ। ਲਫ਼ਜ਼ ਬਣੇ, ਲਫ਼ਜ਼ਾਂ ਦੇ ਮਾਇਨੇ ਘੜੇ ਗਏ ਤੇ ਲੋਕ ਹੋਰ ਚੋਖਾ ਇਕ ਦੂਜੇ ਨੂੰ ਜਾਨਣ ਤੇ ਸਮਝਣ ਲੱਗੇ। ਇੰਝ ਇਹ ਘੇਰਾ ਮੋਕਲਾ ਹੁੰਦਾ ਗਿਆ। ਬੰਦਾ ਵੱਖ-ਵੱਖ ਟਾਬਰੀਆਂ (ਟੱਬਰਾਂ) ਤੇ ਥਾਹਰਾਂ ਵਿੱਚ ਵੰਡੀਂਦਾ ਰਿਹਾ। ਇਹਦੇ ਨਾਲ ਉਹਦੀ ਬੋਲੀ, ਲਫ਼ਜ਼ ਤੇ ਉਚਾਰਨ ਵੀ ਇਕ ਦੂਜੇ ਤੋਂ ਵੱਖ ਹੋਣ ਲੱਗ ਪਏ। ਬੰਦੇ ਨੇ ਆਪਣੀ ਘੜਨ ਬਨਾਵਣ ਤੇ ਕਾਢਾਂ ਕੱਢਣ ਦੀ ਸ਼ਕਤੀ ਦੇ ਸਿਰ ਤੇ ਵੱਖ-ਵੱਖ ਸ਼ੈਆਂ ਦੇ ਵੱਖ-ਵੱਖ ਨਾ ਧਰੇ। ਹੌਲੀ ਹੌਲੀ ਬੋਲੀਆਂ ਉਸਰਨ ਨਿਸਰਨ ਲੱਗ ਪਈਆਂ ਤੇ ਬੋਲੀਆਂ ਦੇ ਕਈ ਹੋਰ ਰੰਗ ਨਿਕਲਦੇ ਤੁਰੇ ਗਏ। ਏਥੋਂ ਹੀ ਬੋਲੀ ਤੇ ਨਸਲ ਦੀ ਨੀਂਹ ਤੇ ਬੰਦਿਆਂ ਦੀ ਸਿਆਣ ਹੋਵਣ ਲੱਗ ਪਈ। ਵੇਲੇ ਦੇ ਨਾਲ ਨਾਲ ਬੋਲੀਆਂ ਦਾ ਵੀ ਵਾਧਾ ਹੁੰਦਾ ਗਿਆ। ਲਫ਼ਜ਼, ਥਾਂ ਤੇ ਰੀਤਾਂ-ਰਿਵਾਜਾਂ ਮੂਜਬ ਬਣਨ ਲੱਗ ਪਏ, ਫਿਰ ਇਹ ਲਫ਼ਜ਼ ਛੜੇ ਲਫ਼ਜ਼ ਨਾ ਰਹੇ, ਸਗੋਂ ਇਹਨਾਂ ਨਾਲ ਕਦਰਾਂ ਕੀਮਤਾਂ ਦਾ ਪੂਰਾ ਪੂਰਾ ਇਕ ਵਿਹਾਰ ਜੁੜਦਾ ਗਿਆ। ਮੁੜ ਇਹ ਵਿਹਾਰ, ਕੌਮਾਂ ਤੇ ਕੌਮੜੀਆਂ (ਕੌਮੀਅਤਾਂ) ਦੀ ਸਿਆਣ (ਪਛਾਣ) ਦੀ ਮੂਲ ਬਣੇ। ਸਦੀਆਂ ਉੱਤੇ ਪਸਰੀ ਬੋਲੀਆਂ ਦੀ ਤਵਾਰੀਖ ਨੇ ਵੱਖ-ਵੱਖ ਕੌਮਾਂ ਦੀ ਸਿਆਣ ਨੂੰ ਸਗਵਾਂ ਸਾਂਭੀ ਰੱਖਿਆ।

ਪਰ ਉਨ੍ਹੀਵੀਂ ਸਦੀ ਦੇ ਘੜਤਲ ਉੱਥਲ (ਸਨਅਤੀ ਇਨਕਲਾਬ) ਤੇ ਵੀਹਵੀਂ ਸਦੀ ਦੇ ਅਟਕਲ ਉੱਥਲ (ਤਕਨੀਕੀ ਇਨਕਲਾਬ) ਨੇ ਝਟਪਟ ਸਦੀਆਂ ਦੀਆਂ ਤੁਰੀਆਂ ਆਉਂਦੀਆਂ ਨਿਰੋਲ ਬੋਲੀਆਂ ਉੱਤੇ ਧਾੜ ਛੁਹ ਦਿੱਤੀ। ਇਹਦੇ ਨਾਲ ਲੋਕ ਬੋਲੀਆਂ ਨੂੰ ਖਾਸ ਕਰ ਫਰਕ ਪੈਣ ਲੱਗ ਪਿਆ ਕਿਉਂ ਜੋ ਨਿੱਤ ਨਵੀਆਂ ਕਾਢਾਂ ਲਈ ਨਵੇਂ-ਨਵੇਂ ਨਾਂ ਬਣਨ ਲੱਗ ਪਏ। ਤੇ ਇਹ ਨਾਂ ਜਿੱਥੇ ਜਿੱਥੇ ਵੀ ਗਏ, ਆਪਣੇ ਨਾਲ



ਨਵੀਆਂ ਕਦਰਾਂ ਕੀਮਤਾਂ ਵੀ ਲਈ ਗਏ, ਜਿਹਦੇ ਨਾਲ ਲੋਕ ਕਦਰਾਂ ਵਿੱਚ ਧੜਾ ਧੜ ਖੱਪੇ ਪੈਣ ਲੱਗ ਪਏ।

ਲੋਕ ਬੋਲੀਆਂ ਤੇ ਲੋਕ ਰਹਿਤਲਾਂ (ਸਭਿਆਚਾਰ) ਉੱਤੇ ਇਹ ਧਾੜਾ ਗਲੋਬਲ ਵਿਲੇਜ (ਜਗਤ ਪਿੰਡ) ਦੀ ਛੇੜ ਛਿੜਨ ਨਾਲ ਹੋਰ ਵੀ ਵਧੇਰਾ ਹੋ ਗਿਆ। ਏਸ ਨਵੇਂ ਮਤੇ ਸਾਹਵੇਂ ਕਿਸੇ ਲੋਕ ਬੋਲੀ, ਲੋਕ ਰਹਿਤਲ ਤੇ ਗੀਤ ਦਾ ਕੋਈ ਵੱਟਕ ਨਹੀਂ। ਇਹਦੇ ਤਾਂ ਆਪਣੇ ਈ ਪੈਸੇ ਪਾਲ ਟੀਚੇ ਨੇ। ਇਹਨਾਂ ਟੀਚਿਆਂ ਨੂੰ ਸਿਰੇ ਚਾੜ੍ਹਨ ਲਈ ਸਕੂਲਾਂ ਤੇ ਨਸ਼ਰ-ਵਸੀਲਿਆਂ (ਸੰਚਾਰ ਸਾਧਨਾਂ) ਨੂੰ ਥਾਪੜਾ ਦਿੱਤਾ ਜਾਂਦਾ ਪਿਆ ਏ। ਇਹ ਥਾਹਰਾਂ ਤੇ ਸੱਥਾਂ ਗਾਹਕੀ ਰਹਿਤਲ (ਕਨਜ਼ਿਊਮਰ ਕਲਚਰ) ਖਪਤ ਸਭਿਆਚਾਰ ਉਸਾਰਨ ਲਈ ਬੋਲੀਆਂ ਰਹਿਤਲਾਂ ਨੂੰ ਮਿੱਧਦੀਆਂ ਹੋਈਆਂ ਅੱਗੇ ਵਧੀ ਆਉਂਦੀਆਂ ਨੇ। ਤੇ ਅਸੀਂ ਗੁੰਗੇ ਦਾਮ ਤਮਾਸ਼ਬੀਨ ਬਣੇ ਦੇਖਦੇ ਪਏ ਆਂ।

ਤਵਾਰੀਖ ਸਾਨੂੰ ਵਿਖਾਲਦੀ ਪਈ ਏ ਕਿ ਖੋਹ ਧਰੋਹ ਦੇ ਪੰਜ ਸੌ ਵਰ੍ਹਿਆਂ ਵਿੱਚ ਕਾਲੋਨੀਗੀਰ (ਬਸਤੀਵਾਦੀ) ਜਿੱਥੇ ਵੀ ਗਏ, ਉਹਨਾਂ ਵੱਖ ਵੱਖ ਹੀਲਿਆਂ ਨਾਲ, ਉਥੋਂ ਦੇ ਲੋਕਾਂ ਦੀ ਬੋਲੀ ਤੇ ਰਹਿਤਲ ਨੂੰ ਬਦਲਣ ਦਾ ਚਾਰਾ ਕੀਤਾ ਕਿਉਂਕਿ ਜੋ ਪਤਾ ਲੱਗ ਗਿਆ ਸੀ ਕਿ ਬੋਲੀ ਗੱਲ ਸਾਂਝੀ ਕਰਨ ਦੇ ਨਾਲ ਨਾਲ ਲੋਕਾਂ ਨੂੰ ਜੋੜਨ ਦਾ ਵੀ ਹਥਿਆਰ ਏ ਤੇ ਇਹਨੂੰ ਰਹਿਤਲ ਵੀ ਮੰਨਿਆ ਜਾਂਦਾ ਏ। ਏਸ ਕਰਕੇ ਕਾਲੋਨੀਗੀਰਾਂ (ਬਸਤੀਵਾਦੀਆਂ) ਨੂੰ ਅਖੌਤੀ ਸਿਆਣਿਆਂ ਨੇ ਲੋਕ-ਬੋਲੀਆਂ ਤੇ ਲੋਕ-ਸਭਿਆਚਾਰਾਂ ਨੂੰ ਢਹਿ-ਢੇਰੀ ਕਰਨ ਦੀਆਂ ਸਲਾਹਾਂ ਦਿਤੀਆਂ ਹਨ। ਜਿਹਦੇ ਸਿੱਟੇ ਵਜੋਂ ਬਸਤੀਵਾਦੀਆਂ ਨੇ ਲੋਕ-ਬੋਲੀਆਂ ਨੂੰ ਹੰਢੀਆਂ-ਵਰਤੀਆਂ ਆਖ ਕੇ ਅਜੇਹੇ ਵਿਹਾਰ ਦੀ ਨੀਂਹ ਰੱਖੀ, ਜਿਹੜਾ ਲੋਕਾਂ ਨੂੰ ਸਭਿਅਤਾ ਦਾ ਝਉਲਾ ਪਾ ਕੇ ਅਜਿਹਾ ਪੂੰਗ ਤਿਆਰ ਕਰਨ ਲੱਗ ਪਿਆ ਜਿਹੜਾ ਰੰਗ ਦੇ ਪੱਖੋਂ ਤਾਂ ਏਥੋਂ ਦਾ ਸੀ। ਪਰ ਬੋਲੀ ਤੇ ਰਹਿਤਲ ਪੱਖੋਂ ਅੰਗਰੇਜ਼ਾਂ ਦਾ ਪਿਛਲੱਗ। ਇਹਦੇ ਨਾਲ ਨਾਲ ਥੀਏਟਰ ਤੇ ਅੰਗ੍ਰੇਜ਼ੀ ਸਾਹਿਤ ਰਾਹੀਂ ਵੀ ਓਪਰੀ ਰਹਿਤਲ ਦੀ ਭਰਵਾਂ ਪ੍ਰਚਾਰ ਹੋਇਆ। ਅੱਜ ਵਿਸ਼ਵੀਕਰਣ ਲਈ ਸਕੂਲਾਂ ਤੇ ਸੰਚਾਰ-ਸਾਧਨਾਂ ਤੋਂ ਸਗਵਾਂ ਕੰਮ ਲਿਆ ਜਾਂਦਾ ਏ। ਕਿਉਂਜੋ ਪੁਰਾਣੇ ਬਸਤੀਵਾਦ ਹੁਣ ਕਾਰਪੋਰੇਟ ਮਾਲਕਾਂ ਦਾ ਰੂਪ ਵਟਾ ਖਲੋਤੇ ਨੇ ਤੇ ਹਰ ਉਸ ਥਾਂ ਨੂੰ ਮੰਡੀ ਬਣਾਵਣ ਲੋੜਦੇ ਨੇ, ਜਿੱਥੇ ਉਹਨਾਂ ਨੂੰ ਗਾਹਕੀ ਲੱਭ ਸਕਦੀ ਏ। ਇਹ ਸੱਚ ਹੁਣ ਨਿੱਤਰ ਕੇ ਸਾਹਮਣੇ ਆ ਗਿਆ ਏ ਬਈ ਅੱਜ ਦੇ ਵਿਸ਼ਵੀਕਰਨ ਦੇ ਰਾਹ ਦਾ ਸਭ ਤੋਂ ਵੱਡਾ ਡੱਕਾ (ਰੁਕਾਵਟ) ਲੋਕ-ਬੋਲੀਆਂ ਤੇ ਲੋਕ-ਰਹਿਤਲਾਂ (ਲੋਕ-ਸਭਿਆਚਾਰ) ਨੇ ਕਿਉਂ ਜੋ ਅੱਜ ਦੀ ਦੁਨੀਆ ਵਿੱਚ ਅਜੇਹੀਆਂ ਕੌਮਾਂ ਹਨ, ਜਿਹੜੀਆਂ ਆਪਣੀਆਂ ਬੋਲੀਆਂ ਤੇ ਰਹਿਤਲਾਂ ਉੱਤੇ ਲੋਹੇ ਵਾਂਗ ਪੱਕੀਆਂ ਨੇ।

ਪਰ ਉਹ ਛੋਹਦੀਆਂ ਵੀ ਕਦੋਂ ਤੀਕ ਇਹਨਾਂ ਜਗਤ-ਬਲਾਈਂ ਨੂੰ ਠੱਲ੍ਹੀ ਰੱਖਣਗੀਆਂ। ਟੈਲੀਵਿਜ਼ਨ, ਕੰਪਿਊਟਰ, ਇੰਟਰਨੈੱਟ ਤਾਂ ਹਰ ਘਰ ਅਣਸੱਦੇ ਪ੍ਰਾਹੁਣਿਆਂ ਵਾਕਣ ਡੇਰੇ ਘੱਤੀ ਬੈਠੇ ਨੇ। ਇਕ ਵੇਲਾ ਸੀ ਜਦੋਂ ਲੋਕ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਇਕ ਦੂਜੇ ਨਾਲ ਜੁੜ ਕੇ ਬਹਿੰਦੇ ਸਨ, ਸਾਰੇ ਦਿਨ ਦੀ ਹੋਈ ਵਰਤੀ ਸਾਂਝੀ ਕਰਦੇ ਸਨ, ਪਰ ਅੱਜ ਜਿਹਨੂੰ ਵੇਖੋ ਟੀ.ਵੀ. ਸਾਹਮਣੇ ਬੁੱਤ ਬਣਿਆ ਹੋਇਆ ਬੈਠਾ ਹੁੰਦਾ ਹੈ। ਹਰ ਦਸਾਂ ਮਿੰਟਾਂ ਪਿੱਛੋਂ ਮੱਤ ਮਾਰ ਮਸ਼ਹੂਰੀਆਂ ਵਿੱਚ ਗਵਾਚਾ ਛੇਤੀ ਤੋਂ ਛੇਤੀ ਵਸਤਾਂ ਖਰੀਦਣ ਦੀਆਂ ਸਕੀਮਾਂ ਬਨਾਵਣ ਲੱਗ ਪੈਂਦਾ ਏ। ਨਹੀਂ ਤੇ ਫੇਰ ਇੰਟਰਨੈੱਟ ਦੀ ਜਾਦੂਗਰੀ ਵਿੱਚ ਧੱਕੇ ਠੇਡੇ ਖਾਂਦਾਂ ਆਪਣਿਆਂ ਵਿਚਾਲੇ ਇਕੱਲਾ ਇਕਹਿਰਾ ਹੋਇਆ ਹੁੰਦਾ ਏ। ਇਹਦੇ ਨਾਲ ਉਹ ਨਾ ਛੜਾ ਆਪਣਿਆਂ ਤੋਂ ਓਭੜ ਹੁੰਦਾ ਏ ਸਗੋਂ ਆਪਣੀ ਬੋਲੀ ਤੇ ਰਹਿਤਲ ਤੋਂ ਵੀ ਵਿਜੋਗਿਆ ਜਾਂਦਾ ਏ। ਬੋਲੀ ਤੇ ਰਹਿਤਲ ਤੋਂ ਵਿਜੋਗੇ ਜਾਵਣ ਦਾ ਇਹ ਆਹਰ ਓਦੋਂ ਤੋਂ ਈ ਚਾਲੂ ਹੋ ਜਾਂਦਾ ਏ, ਜਦੋਂ ਕਿਸੇ ਪੰਜਾਬੀ, ਪਖਤੂਨ, ਬਲੋਚ ਜਾਂ ਸਿੰਧੀ ਬਾਲ ਨੂੰ ਕਿਸੇ ਏਹੋ ਜਿਹੇ ਸਕੂਲ ਪਾ ਦਿੱਤਾ ਜਾਂਦਾ ਏ, ਜਿੱਥੇ ਬਾਲਾਂ ਦੇ ਪੰਜਾਬੀ, ਪਸ਼ਤੋ, ਬਲੋਚੀ, ਸਿੰਧੀ ਬੋਲਣ ਦੀ ਨਿਰੀ ਮਨਾਹੀ ਵੀ ਨਹੀਂ ਹੁੰਦੀ ਸਗੋਂ ਇਹ ਮਾਂ-ਬੋਲੀਆਂ ਬੋਲਣ ਉੱਤੇ ਬਾਲਾਂ ਨੂੰ

ਕੁੱਟ ਵੀ ਪੈਂਦੀ ਏ। ਅਜਿਹੇ ਆਲੇ-ਦੁਆਲੇ ਵਿੱਚ ਪਲਦੇ ਬਾਲਾਂ ਦੀ ਸੁਰਤੀ ਅਸਲੋਂ ਧੋ ਦਿੱਤੀ ਜਾਂਦੀ ਏ ਤੇ ਫੇਰ ਰੀਸ ਤੇ ਖਾਰ ਦਾ ਵਰਤਾਰਾ ਵਰਤਦੇ ਇਹ ਬਾਲ ਘਰ ਵਿੱਚ ਵੀ ਉਹੋ ਸਕੂਲੀ ਬੋਲੀ ਬੋਲਣ ਲੱਗ ਪੈਂਦੇ ਨੇ। ਉਹਨਾਂ ਅੰਦਰ ਆਪਣੀਆਂ ਬੋਲੀਆਂ ਨਾਲ ਕੁਰਹਿਤ ਜੰਮ ਪੈਂਦੀ ਏ। ਉਹ ਆਪਣੀਆਂ ਰਹਿਤਲਾਂ (ਸਭਿਆਚਾਰ) ਨੂੰ ਮੰਦੀਆਂ, ਕੋਝੀਆਂ ਤੇ ਪੁਰਾਣੀਆਂ ਆਖ ਅਜਿਹੀ ਰਹਿਤਲ ਅਪਨਾਉਣ ਲੱਗ ਪੈਂਦੇ ਨੇ, ਜਿਹਦੇ ਨਾਲ ਉਹਨਾਂ ਦੀ ਆਪਣੀ ਸਿੰਞਾਣ ਬੱਜੀ ਹੋ ਜਾਂਦੀ ਏ। ਸਾਰਾ ਦਿਨ ਉਹਨਾਂ ਦੇ ਆਪਣੇ ਹੱਥੋਂ ਉਹਨਾਂ ਦੀ ਆਪਣੀ ਸਿੰਞਾਣ ਦੀ ਮਿੱਟੀ ਪਟਾਈ ਜਾਂਦੀ ਏ। ਘਰ ਆਇਆਂ ਨੂੰ ਟੀ.ਵੀ ਝੱਬ ਲੈਂਦਾ ਏ। ਜਿਹੜਾ ਉਹਨਾਂ ਨੂੰ ਚੂੜੀਆਂ ਨੱਪ ਕੇ ਓਬੜ ਦੁਨੀਆ ਵਿੱਚ ਲੈ ਵੰਜਦਾ ਏ। ਇਹਦੇ ਪਾਰੋਂ ਅਜੇ ਸਾਡੇ ਬਾਲਾਂ ਨੂੰ ਖ਼ੁਸ਼ਹਾਲ ਖਾਂ ਖਟਕ, ਮੀਰ ਗੁੱਲ ਖਾਂ, ਨਸੀਰ ਬੁੱਲੇ ਸ਼ਾਹ, ਸ਼ਾਹ ਲਤੀਫ ਦੇ ਨਾਵਾਂ ਦੀ ਸਾਰ ਨਹੀਂ। ਉਹਨਾਂ ਨੂੰ ਮਾਈਕਲ ਜੈਕਸਨ ਤੇ ਮੈਡੋਨਾ ਦੇ ਨਾਵਾਂ ਦੀ ਢੇਰ ਵਾਕਫ਼ੀ ਏ, ਪਰ ਉਲਣ ਫਕੀਰ, ਮੁਰੀਦ ਬਲੇਦੀ ਤੇ ਪਠਾਣ ਖਾਂ ਦਾ ਨਾਂ ਸੁਣਦਿਆਂ ਈ ਉਹਨਾਂ ਦੇ ਮੱਥੇ ਉਤੇ ਅਣਜਾਣਪੁਣੇ ਦੀਆਂ ਤੀਊੜੀਆਂ ਉਭਰ ਪੈਂਦੀਆਂ ਨੇਂ।

ਅੱਜ ਸੰਸਾਰੀਕਰਨ ਨੇ ਨਿਰਾ ਬੋਲੀ ਨੂੰ ਈ ਨਿਸ਼ਾਨਾ ਨਹੀਂ ਬਣਾਇਆ ਸਗੋਂ ਜ਼ਿੰਦਗੀ ਨੂੰ ਹਰ ਪੱਖ ਉੱਤੇ ਮਾਰ ਕੀਤੀ ਏ। ਉਹ ਇਕ ਪਾਸੇ ਲੋਕਾਂ ਦੀ ਆਪਣੀ ਬੋਲੀ ਨੂੰ ਪਈ ਮੁਕਾਉਂਦੀ ਏ, ਦੂਜੇ ਪਾਸੇ ਉਹਨਾਂ ਨੂੰ ਏਹੋ ਜਹੀ ਬੋਲੀ ਪਈ ਦਿੰਦੀ ਏ, ਜਿਹੜੀ ਉਹਦੀ ਰਹਿਤਲ ਨੂੰ ਲੋਕਾਂ ਦੇ ਸਿਰ ਉੱਤੇ ਪਈ ਮੜ੍ਹਦੀ ਏ। ਇਹਦੇ ਨਾਲ ਆਹਰ ਕੀਤਾ ਜਾਂਦਾ ਏ, ਜੋ ਨਿਊਯਾਰਕ, ਟੋਕੀਓ ਤੇ ਲੰਡਨ ਵਿੱਚ ਵਰਤੀਂਦਾ ਕਰੀਮ, ਟੁੱਥ-ਪੇਸਟ ਜਾਂ ਸ਼ੈਪੂ, ਸਵਾਬੀ, ਲੋਰ ਘਲਾਈ ਤੇ ਖੈਰ-ਪੁਰੇ ਦੇ ਦੂਰ-ਦੁਰਾਡੇ ਵਿੱਚ ਵੀ ਵਰਤੀ ਜਾਵੇ। ਅਸੀਂ ਭੁੱਲ ਜਾਨੇ ਆਂ ਕਿ ਉਸ ਕਰੀਮ, ਟੁੱਥ-ਪੇਸਟ ਤੇ ਸ਼ੈਪੂ ਆਪਣੇ ਨਾਲ ਆਪਣੀ ਬੋਲੀ ਤੇ ਰਹਿਤਲ ਵੀ ਸਾਡੇ ਉੱਤੇ ਥੱਪਦੀ ਏ। ਇੰਞ ਈ ਕੋਕਾ-ਕੋਲਾ ਵੀ ਦੂਰ ਦੁਰਾਡੇ ਪਿੰਡਾਂ ਤਾਈਂ ਜਾ ਅੱਪੜਿਆ ਏ। ਇਹਨਾਂ ਲੱਸੀ, ਥਾਦਲ ਤੇ ਸੱਤੂ ਮੁਕਾ ਦਿੱਤੇ ਨੇ ਤੇ ਇਹਨਾਂ ਨਾਲ ਜੁੜੇ ਰਹਿਤਲ ਦੇ ਪੂਰੀ ਵਿਹਾਰ ਨੂੰ ਵੀ ਲੋਕਾਂ ਤੋਂ ਵੱਖ ਕਰ ਦਿੱਤਾ ਏ। ਕਰੀਮ ਤੇ ਕੋਕਾ-ਕੋਲਾ ਤਾਂ ਏਸ ਮਹਾਂ-ਪੁਆੜੇ ਦੀਆਂ ਦੋ ਅਸਲੋਂ ਨਿੱਕੀਆਂ ਜਹੀਆਂ ਮਿਸਲਾਂ ਨੇ। ਜਿਹੜਾ ਸੰਸਾਰੀਕਰਨ ਪਾਰੋਂ ਲੋਕ-ਬੋਲੀਆਂ ਤੇ ਰਹਿਤਲਾਂ ਨੂੰ ਪੈਂਦਾ ਟੁਰਿਆ ਆਉਂਦਾ ਏ। ਇਹਦੀ ਪਾਰੋਂ ਸਾਡੀ ਅੱਜ ਦੀ ਪੀੜ੍ਹੀ ਦਾ ਹਾਲ ਉਸ ਕਾਂ ਜਿਹਾ ਹੋ ਗਿਆ ਹੈ ਜਿਹੜਾ ਹੰਸ ਬਣਨ ਦੇ ਚਾਅ ਵਿੱਚ ਆਪਣੀ ਤੋਰ ਵੀ ਗਵਾ ਬੈਠਾ ਸੀ। ਆਪਣੇ ਆਪ ਤੋਂ ਵਾਂਝੇ ਜਾਣ ਦਾ ਵਿਖਾਲਾ ਨਾ ਛੇੜ ਏਸ ਪੀੜ੍ਹੀ ਦੀਆਂ ਗੱਲਾਂ ਤੋਂ ਹੀ ਹੋ ਜਾਂਦਾ ਏ, ਸਗੋਂ ਐਮ.ਟੀ.ਵੀ. ਦੇ ਗਵੱਈਆਂ ਦਾ ਹੁਲੀਆ ਧਾਰ ਕੇ ਮੁਹੱਜ਼ਬ (ਸਭਿਅਕ) ਲੱਗਣ ਦੀ ਖੇਚਲ ਤੋਂ ਵੀ ਦਿਸ ਪੈਂਦਾ ਏ।

ਅੱਜ ਪਖਤੂਨ, ਬਲੋਚ, ਸਿੰਧੀ ਤੇ ਪੰਜਾਬੀ ਬਾਲਾਂ ਨੂੰ ਕੱਖ ਪਤਾ ਨਹੀਂ ਜੋ ਅਸ਼ਰ, ਮੇੜ੍ਹ, ਵੰਗਾਰ ਤੇ ਪਰ੍ਹੇ ਕਿਹਨੂੰ ਆਖਦੇ ਨੇ। ਕਿਉਂਕਿ ਇਹ ਉਹਨਾਂ ਦੀਆਂ ਮਾਂ-ਬੋਲੀਆਂ ਦੇ ਲਫ਼ਜ਼ ਨੇ ਪਰ ਇਹ ਨਿਰੇ ਮਾਂ ਬੋਲੀਆਂ ਦੇ ਲਫ਼ਜ਼ ਈ ਨਹੀਂ, ਸਗੋਂ ਇਹਨਾਂ ਪਿੱਛੇ ਤਾਂ ਉਹ ਕਦਰਾਂ-ਕੀਮਤਾਂ ਨੇ ਜਿਹੜੀਆਂ ਇਹਨਾਂ ਕੌਮਾਂ ਦੀ ਸਾਂਝ ਤੇ ਅਪਣੱਤ ਵਾਲੀ ਸੋਚ ਦਾ ਨਿਸ਼ਾਨ ਨੇ। ਏਹੋ ਲਫ਼ਜ਼ ਇਹਨਾਂ ਕੌਮਾਂ ਦੀ ਮੁੱਢਲੀ ਸਿੰਞਾਣ ਨੇ। ਪਰ ਸੰਸਾਰੀਕਰਨ ਦੇ ਏਸ ਆਹਰ ਵਿੱਚ ਇਹ ਸਾਰੇ ਲਫ਼ਜ਼ ਗਵਾਚਦੇ ਜਾਂਦੇ ਨੇ। ਏਹੋ ਜਿਹਦਾ ਮਤਲਬ ਏ ਪਈ, ਇਹਨਾਂ ਸਥਾਨਕ ਬੋਲੀਆਂ ਦੀ ਸਿੰਞਾਣ ਮੁਕਦੀ ਜਾਂਦੀ ਏ। ਏਹੋ ਹਾਲ ਰਿਹਾ ਤਾਂ ਛੇਤੀ ਈ ਇਹ ਬੋਲੀਆਂ ਦੁਨੀਆ ਦੀ ਫੱਟੀ ਤੋਂ ਮਿਟ ਜਾਣਗੀਆਂ। ਅਜਿਹੀ ਮੰਦਹਾਲੀ ਦਾ ਅਗੇਤਰ ਸਬੂਤ "ਐਥਲੋ ਲੋਗ" ਦੇ ਚੌਧਵੇਂ ਐਡੀਸ਼ਨ ਤੋਂ ਹੋ ਜਾਂਦਾ ਏ। ਜਿਹੜਾ ਦੱਸਦਾ ਏ ਪਈ ਏਸ ਵੇਲੇ ਦੁਨੀਆਂ ਦੀਆਂ 52 ਬੋਲੀਆਂ ਇਹੋ ਜਹੀਆਂ ਨੇ, ਜਿਹਨਾਂ ਦੇ ਬੋਲਣ ਵਾਲਾ ਇਕ ਇਕ ਬੰਦਾ ਈ ਰਹਿ ਗਿਆ ਏ। ਜਾਣੋ ਇਹ ਇਕ ਬੰਦਾ ਮੁੱਕਿਆ ਤਾਂ ਇਹ 52



ਬੋਲੀਆਂ ਵੀ ਉੱਕਾ ਈ ਮੁੱਕ ਜਾਣਗੀਆਂ। ਇਹ ਕਿਤਾਬ ਈ ਦੱਸਦੀ ਏ ਪਈ ਏਸ ਵੇਲੇ 426 ਅਜਿਹੀਆਂ ਬੋਲੀਆਂ ਨੇ ਜਿਹਨਾਂ ਥੋਹੜੇ ਚਿਰ ਵਿਚ ਈ ਦੁਨੀਆਂ ਦੇ ਤਖਤੇ ਤੋਂ ਹੂੰਝਿਆ ਜਾਣਾ ਏ। ਕੁਝ ਬੋਲ-ਸਾਰ ਦੇ ਸਿਆਣੇ (ਭਾਸ਼ਾ ਵਿਗਿਆਨੀ) ਇਹ ਵੀ ਦੱਸਦੇ ਪਏ ਨੇ, ਭਈ ਏਸ ਹਜ਼ਾਰੀ ਦੇ ਅਖੀਰ ਤਾਈਂ ਕੋਈ ਛੇ ਹਜ਼ਾਰ ਬੋਲੀਆਂ ਨੇ, ਜਿਹਨਾਂ ਸਦਾ ਲਈ ਚੁੱਪ ਹੋ ਜਾਣਾ ਏ। ਇਹ ਹੈ ਏਸ ਸੰਸਾਰੀਕਰਨ ਦਾ ਫਲ। ਜਿਹਦੇ ਰਾਹੀਂ ਦੁਨੀਆਂ ਨੂੰ ਇਕੋ ਬੋਲੀ ਇਕੋ ਰਹਿਤਲ ਤੇ ਇਕੋ ਚਸਕਾ ਲਾਵਣ ਦਾ ਜਤਨ ਪੂਰੇ ਬਲ ਨਾਲ ਚਾਲੂ ਏ।

ਤਾਂ ਜੋ ਬਹੁ-ਕੌਮੀ ਕੰਪਨੀਆਂ ਦੇ ਮਾਲਕਾਂ ਨੂੰ ਦੁਨੀਆ ਦੀ ਹਰ ਨੁੱਕਰੇ ਗਾਹਕ ਲੱਭ ਸਕਣ। ਇਹਨਾਂ ਨੂੰ ਕਿਸੇ ਬੋਲੀ, ਕਿਸੇ ਰਹਿਤਲ, ਕਿਸੇ ਸਿੰਞਾਣ ਦਾ ਦਰੇਗ ਨਹੀਂ ਇਹਨਾਂ ਨੂੰ ਡਾਲਰ ਦਾ ਮੁੱਲ ਹਰ ਸਿੰਞਾਣ ਤੋਂ ਪਿਆਰਾ ਏ। ਤੇ ਇਹਦੇ ਲਈ ਉਹ ਬੜੇ ਹਿਰਖੇ ਪੈਰੀਂ ਬੋਲੀਆਂ ਤੇ ਰਹਿਤਲਾਂ ਉੱਤੇ ਸੁਹਾਗਾ ਫੇਰ ਕੇ ਸਾਰੀਆਂ ਹੱਦਾਂ ਖੋਲ੍ਹ ਦੇਣਾ ਚਾਹੁੰਦੇ ਨੇ ਤਾਂ ਜੋ ਇਹ ਵੱਧ ਤੋਂ ਵੱਧ ਮੁਨਾਫਾ ਕਮਾ ਸਕਣ।

**ਕੀ ਕਰਨ ਦੀ ਲੋੜ ਏ ?**

ਸਥਾਨਕ ਬੋਲੀਆਂ ਤੇ ਰਹਿਤਲਾਂ ਨੂੰ ਸਾਂਭਣ ਵਿੱਚ ਵੱਡਾ ਕੰਮ ਸੂਝਵਾਨਾਂ ਦੇ ਕਰਨ ਦਾ ਏ। ਉਹ ਲੋਕਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਏਸ ਮਾਰੂ ਹਾਲਤ ਬਾਰੇ ਜਾਣੂ ਕਰਾਵਣ ਤੇ ਆਪਣੇ ਆਪਣੇ ਇਲਾਕਿਆਂ ਵਿੱਚ ਅਜਿਹੇ ਸੱਥ ਤੇ ਸੰਸਥਾਵਾਂ ਉਸਾਰਨ, ਜਿਹੜੇ ਲੋਕ ਵਸੀਲਿਆਂ ਨਾਲ ਬੋਲੀ ਤੇ ਰਹਿਤਲ ਦੀ ਸਾਂਭ ਕਰਨ। ਹਰ ਵੇਲੇ ਲੋਕਾਂ ਨਾਲ ਮੇਲ ਮਿਲਾਪ ਕੀਤਾ ਜਾਵੇ। ਦਿਨੋ ਦਿਨ ਗਵਾਚਦੇ ਜਾਂਦੇ ਲਫ਼ਜ਼ਾਂ ਦੀ ਖੋਜ ਕੀਤੀ ਜਾਵੇ। ਉਹਨਾਂ ਨੂੰ ਵਰਤੋਂ ਵਿੱਚ ਲਿਆਂਦਾ ਜਾਵੇ ਤੇ ਇਕੱਠਾਂ ਮਜਲਸਾਂ ਰਾਹੀਂ ਲੋਕਾਂ ਨੂੰ ਮਾਂ-ਬੋਲੀ ਤੇ ਰਹਿਤਲ ਬਾਰੇ ਜਾਗਰਿਤ ਕੀਤਾ ਜਾਵੇ। ਅਸਾਂ ਜੇ ਵੇਲੇ ਸਿਰ ਇਹ ਸਾਰੇ ਆਹਰ ਨਾ ਕੀਤੇ ਤਾਂ ਅਸੀਂ ਤੇ ਸਾਰੀਆਂ ਬੋਲੀਆਂ ਤਵਾਰੀਖ ਦਾ ਹਿੱਸਾ ਬਣ ਜਾਸਣ। ਅਸੀਂ ਕੋਈ ਅਜਿਹੇ ਲੋਕ ਬਣ ਜਾਵਾਂਗੇ ਜਿਹਨਾਂ ਦੀ ਕੋਈ ਨਾ ਬੋਲੀ ਤੇ ਨਾ ਹੀ ਕੋਈ ਰਹਿਤਲ ਹੋਵੇਗੀ।

ਵਿਸ਼ਵੀਕਰਨ (ਵਪਾਰੀ ਧਾੜ੍ਹਾਗਰੀ) ਦੀ ਏਸ ਬਲਾ ਨੂੰ ਡੱਕਣ ਲਈ ਸਾਨੂੰ ਆਪਣੀਆਂ ਰਹਿਤਲੀ ਨੀਹਾਂ ਤਗੜੀਆਂ ਕਰਨੀਆਂ ਪੈਸਣ। ਸਕੂਲਾਂ ਤੇ ਨਸ਼ਰੀ-ਵਸੀਲਿਆਂ (ਸੰਚਾਰ-ਸਾਧਨਾਂ) ਦਾ ਤਰੋੜ ਕਰਨ ਲਈ ਆਪਣੀਆਂ ਬੋਲੀਆਂ ਦੇ ਪੱਖ ਨੂੰ ਪੱਕੇ ਪੀਡੇ ਆਹਰ ਕਰਨਾ ਪੈਸਣ ਤਾਂ ਜੋ ਸਾਡੀਆਂ ਬੋਲੀਆਂ ਤੇ ਅਸੀਂ ਆਪ ਬਚੇ ਰਹਿ ਜਾਈਏ। *(ਪੰਚਮ ਲਾਹੌਰ)*

*(ਲਿਪੀ ਰੁਪਾਂਤਰ) ਹਰਪ੍ਰੀਤ ਸਿੰਘ ਹੁੰਦਲ (ਡਾ.)*

ਪ੍ਰਕਿਰਤੀ ਦੇ ਸੁਹਜ ਤੇ ਸ਼ੁਧਤਾ ਦੀ ਰਾਖੀ ਲਈ
ਪ੍ਰਸਿੱਧ ਪ੍ਰਵਾਸੀ ਕਵੀ
ਵਰਿੰਦਰ ਪਰਿਹਾਰ ਦਾ 25 ਵਰਿਆਂ 'ਚ ਲਿਖਿਆ ਗਿਆ
ਵੱਡ ਆਕਾਰੀ ਕਾਵਿ-ਸੰਗ੍ਰਹਿ
**ਕੁਦਰਤ**
ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ
ਲੁਧਿਆਣਾ

# ਮਾਰਕਸਵਾਦ ਦੀ ਪ੍ਰਸੰਗਤਾ ਅਤੇ ਉੱਤਰ-ਆਧੁਨਿਕਤਾਵਾਦ

*—ਡਾ. ਭੀਮ ਇੰਦਰ ਸਿੰਘ*

ਸਮਾਜਵਾਦੀ ਵਿਚਾਰਧਾਰਾ ਅਠਾਰਵੀਂ ਸਦੀ ਵਿਚ ਯੂਰਪ ਵਿਚ ਉਭਰੀ ਬੁਰਜੂਆ ਸਭਿਅਤਾ ਦੀ ਦੇਣ ਸੀ। ਇਹ ਵਿਚਾਰਧਾਰਾ ਮਜ਼ਦੂਰ ਜਮਾਤ ਦੇ ਸ਼ੋਸ਼ਣ ਵਿਰੁੱਧ ਉਪਜੇ ਸੰਘਰਸ਼ ਦੀ ਸਿੱਧੀ ਕੋਸ਼ਿਸ਼ ਦੇ ਰੂਪ ਵਿਚ ਸਾਹਮਣੇ ਆਈ ਸੀ। ਉਸ ਸਮੇਂ ਇਸ ਵਿਚਾਰਧਾਰਾ ਦੇ ਪ੍ਰਮੁੱਖ ਚਿੰਤਕ ਵਾਲਟੇਅਰ, ਰੂਸੋ, ਸੇਂਟ ਸਾਈਮਨ, ਫੂਰੀਏ, ਲੂਈ ਬਲਾਕ, ਰਾਬਰਟ ਓਵਨ ਆਦਿ ਸਨ। ਇਹਨਾਂ ਚਿੰਤਕਾਂ ਨੇ ਪੂੰਜੀਵਾਦ ਵਿਚ ਮੌਜੂਦ ਪੂੰਜੀ ਦੀ ਨਾ-ਬਰਾਬਰੀ, ਖੁੱਲ੍ਹਾ-ਮੁਕਾਬਲਾ ਅਤੇ ਆਰਥਿਕ ਖੇਤਰ ਵਿਚ ਰਾਜ ਦੀ ਦਖ਼ਲਅੰਦਾਜ਼ੀ ਦਾ ਵਿਰੋਧ ਕੀਤਾ ਸੀ। ਯੂਰਪ ਦੇ ਇਤਿਹਾਸ ਵਿਚ ਇਹ ਉਹ ਸਮਾਂ ਸੀ ਜਦੋਂ ਮਜ਼ਦੂਰ ਜਮਾਤ ਦੀ ਵਰਗ-ਚੇਤਨਾ ਆਪਣੇ ਮੁੱਢਲੇ ਦੌਰ ਵਿਚ ਹੀ ਸੀ। ਪਰ ਉਨ੍ਹੀਵੀਂ ਸਦੀ ਦੇ ਚੌਥੇ ਦਹਾਕੇ ਵਿਚ ਮਾਰਕਸ ਤੇ ਏਂਗਲਜ਼ ਨੇ ਵਿਗਿਆਨਕ ਸਮਾਜਵਾਦ ਭਾਵ ਮਾਰਕਸਵਾਦ ਦੀ ਨੀਂਹ ਰੱਖੀ। ਮਾਰਕਸਵਾਦ ਸ਼ੋਸ਼ਣ ਅਤੇ ਦਮਨ 'ਤੇ ਟਿਕੀ ਪੂੰਜੀਵਾਦੀ ਵਿਵਸਥਾ ਤੋਂ ਇਕ ਉਨਤ ਵਿਵਸਥਾ ਵੱਲ ਕ੍ਰਾਂਤੀਕਾਰੀ ਤਬਦੀਲੀ ਦਾ ਵਿਗਿਆਨ ਸੀ। ਇਸ ਤਰ੍ਹਾਂ ਮਾਰਕਸਵਾਦ ਪੂੰਜੀਵਾਦ ਪ੍ਰਬੰਧ ਦੀ ਵਿਗਿਆਨਕ ਸੂਝ ਅਤੇ ਇਸ ਵਿਰੁੱਧ ਸੰਘਰਸ਼ ਦੀ ਸਿਆਸਤ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ ਸੀ। ਮਾਰਕਸਵਾਦ ਦੀ ਨੀਂਹ ਇਕ ਖ਼ਾਸ ਵਿਚਾਰਧਾਰਾ ਅਤੇ ਆਰਥਿਕਤਾ ਦੇ ਇਕ ਵਿਸ਼ੇਸ਼ ਸਿਧਾਂਤ 'ਤੇ ਟਿਕੀ ਹੋਣ ਕਰਕੇ ਇਹ ਸਾਨੂੰ ਮਨੁੱਖੀ ਸਮਾਜ ਵਿਚ ਵਾਪਰਦੀਆਂ ਤਬਦੀਲੀਆਂ ਨੂੰ ਸਮਝਣ ਦੀ ਵਿਗਿਆਨਕ ਸੋਝੀ ਪ੍ਰਦਾਨ ਕਰਦਾ ਹੈ। ਮਾਰਕਸ ਨੇ ਪੂੰਜੀਵਾਦੀ ਸਮਾਜ ਦਾ ਬਹੁਤ ਹੀ ਡੂੰਘਾਈ ਅਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਪੂੰਜੀਵਾਦ ਦਾ ਅੰਤ ਕਰਕੇ ਇਕ ਵਰਗਹੀਣ ਸਮਾਜ (Class-less society) ਦੀ ਸਥਾਪਨਾ ਕਰਨ ਲਈ ਇਕ ਵਿਧੀਪੂਰਵਕ ਪ੍ਰਕ੍ਰਿਆ ਸਾਡੇ ਸਾਹਮਣੇ ਰੱਖੀ। ਇਸ ਦੇ ਸਿੱਟੇ ਵਜੋਂ ਹੀ ਸਮਾਜਵਾਦ ਨੂੰ ਕਾਲਪਨਿਕ ਪਿੱਠਭੂਮੀ ਵਿਚੋਂ ਕੱਢ ਕੇ ਇਸ ਨੂੰ ਵਿਗਿਆਨਕ ਰੂਪ ਦਿੱਤਾ ਗਿਆ।

ਮਾਰਕਸ ਹੀਗਲ ਦੇ ਦਵੰਦਵਾਦ ਦੇ ਸਿਧਾਂਤ ਤੋਂ ਬਹੁਤ ਪ੍ਰਭਾਵਿਤ ਸੀ। ਪਰ ਉਸਨੇ ਹੀਗਲ ਦੇ ਆਤਮਵਾਦੀ ਦਵੰਦਵਾਦ (Dialectical Spitiritualism) ਫਲਸਫੇ ਨੂੰ ਭੌਤਿਕਵਾਦੀ (Materialistic) ਬਣਾ ਦਿੱਤਾ। ਬੇਸ਼ਕ ਮਾਰਕਸ ਦਾ ਦਵੰਦਵਾਦ ਹੀਗਲ ਦੇ ਦਵੰਦਵਾਦ ਤੋਂ ਵੱਖਰਾ ਹੀ ਨਹੀਂ ਬਲਕਿ ਉਸਦੇ ਬਿਲਕੁਲ ਉਲਟ ਵੀ ਹੈ, ਪਰ ਇਸ ਦੇ ਬਾਵਜੂਦ ਮਾਰਕਸਵਾਦ ਦਾ ਦਵੰਦਾਤਮਕ ਭੌਤਿਕਵਾਦ ਅਤੇ ਇਤਿਹਾਸ ਦੀ ਆਰਥਿਕ ਵਿਆਖਿਆ, ਹੀਗਲ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੈ। ਮਾਰਕਸ ਨੇ ਇਹਨਾਂ ਵਿਚਾਰਾਂ ਦੇ ਅਧਾਰ 'ਤੇ ਹੀ ਵਰਗ ਸੰਘਰਸ਼ ਦੀ ਧਾਰਨਾ ਨੂੰ ਵਿਕਸਤ ਕੀਤਾ ਸੀ। ਇਸ ਤੋਂ ਇਲਾਵਾ ਮਾਰਕਸ ਨੇ ਐਡਮ ਸਮਿਥ ਰਿਕਾਰਡੋ ਅਤੇ ਫਿਊਰਬਾਖ਼ ਆਦਿ ਦੇ ਵਿਚਾਰਾਂ ਦੇ ਸਾਰ ਨੂੰ ਗ੍ਰਹਿਣ ਕੀਤਾ ਅਤੇ ਇਹਨਾਂ ਦੇ ਬਿਖਰੇ ਹੋਏ ਵਿਚਾਰਾਂ ਨੂੰ ਇਕੱਤਰ ਕਰਕੇ ਤਰਕ-ਸੰਗਕਤਾ ਪੈਦਾ ਕੀਤੀ। ਮਾਰਕਸ ਨੇ ਰਾਜਨੀਤਕ ਅਰਥਵਿਵਸਥਾ ਦੀ ਇਕ ਅਜਿਹੀ ਪ੍ਰਣਾਲੀ ਨੂੰ ਪੇਸ਼ ਕੀਤਾ ਜਿਸ ਵਿਚ ਕਿਰਤ ਸਿਧਾਂਤ, ਵਾਧੂਮੁੱਲ ਦਾ ਸਿਧਾਂਤ ਅਤੇ ਇਹਨਾਂ ਤੋਂ ਨਿਕਲੇ ਸਿੱਟੇ ਸ਼ਾਮਲ ਹਨ। ਇਸ ਤੋਂ ਇਲਾਵਾ ਮਾਰਕਸ ਨੇ ਫਰਾਂਸੀਸੀ ਕ੍ਰਾਂਤੀਕਾਰੀ ਪਰੰਪਰਾ ਵਿਚੋਂ ਰਾਜ ਅਤੇ ਕ੍ਰਾਂਤੀ ਸੰਬੰਧੀ ਸਿਧਾਂਤ ਨੂੰ ਵਿਕਸਤ ਕੀਤਾ।

ਮਾਰਕਸਵਾਦ ਅਨੁਸਾਰ ਪੂੰਜੀਵਾਦ ਆਪਣੇ ਮਾਲ ਦੀ ਵਿਕਰੀ ਲਈ ਮੰਡੀ ਦੀ ਤਲਾਸ਼ ਵਿਚ ਦੁਨੀਆ ਦੇ ਇਕ ਹਿੱਸੇ ਤੋਂ ਦੂਸਰੇ ਹਿੱਸੇ ਤੱਕ 'ਵਿਸ਼ਵ ਬਜ਼ਾਰ' (world market) ਦਾ ਨਿਰਮਾਣ ਕਰਦਾ ਹੈ। ਪੂੰਜੀ ਸਾਰੀਆਂ ਦੀਵਾਰਾਂ ਨੂੰ ਤੋੜ ਕੇ ਹਰ ਦੇਸ਼ ਵਿਚ ਆਪਣਾ ਰਸਤਾ ਬਣਾਉਂਦੀ ਹੈ। ਇਹ ਨਫ਼ੇ ਦੀ ਦੌੜ ਵਿਚ ਸੰਸਾਰ ਦੇ ਹਰ ਕੋਨੇ ਵਿਚ ਪਹੁੰਚਣ ਦਾ ਯਤਨ ਕਰਦੀ ਹੈ ਅਤੇ ਹਰ ਹਿੱਸੇ ਨੂੰ ਮਜਬੂਰ ਵੀ ਕਰਦੀ ਹੈ ਕਿ ਉਹ ਪੂੰਜੀਵਾਦੀ ਰਾਹ ਅਖ਼ਤਿਆਰ ਕਰੇ। ਇਸ ਕਰਕੇ ਜਿਸਨੂੰ ਅੱਜ ਅਸੀਂ ਵਿਸ਼ਵੀਕਰਨ ਕਹਿ ਰਹੇ



ਹਾਂ ਇਹ ਕੋਈ ਨਵੀਂ ਚੀਜ਼ ਨਹੀਂ ਹੈ ਬਲਕਿ ਪੂੰਜੀਵਾਦ ਅੰਦਰ ਸ਼ੁਰੂ ਤੋਂ ਹੀ ਵਿਸ਼ਵੀਕਰਨ ਸ਼ਾਮਲ ਰਿਹਾ ਹੈ। ਇਸ ਗੱਲ ਦਾ ਜ਼ਿਕਰ ਕਲਾਸੀਕਲ ਅਰਥ ਸ਼ਾਸਤਰੀ ਐਡਮ ਸਮਿਥ ਦੀ ਪ੍ਰਸਿੱਧ ਪੁਸਤਕ 'ਵੈਲਥ ਆਫ਼ ਨੇਸ਼ਨਜ਼' ਵਿਚ ਅਤੇ ਉਹਨਾਂ ਤੋਂ ਬਾਅਦ ਜਾਨ ਮੇਨਾਰ ਕੇਨਜ਼ ਦੀ 'ਜਨਰਲ ਥਿਊਰੀ' ਵਿਚ ਵੀ ਮਿਲਦਾ ਹੈ। ਪਰ ਇਸ ਸਭ ਕਾਸੇ ਦੇ ਬਾਵਜੂਦ ਇਹ ਵੀ ਸੱਚ ਹੈ ਕਿ ਇਤਿਹਾਸ ਵੱਖ-ਵੱਖ ਦੌਰਾਂ ਵਿਚ ਪੂੰਜੀਵਾਦ ਦੀਆਂ ਆਪਣੀਆਂ ਖ਼ੂਬੀਆਂ ਤੇ ਖ਼ਾਮੀਆਂ ਰਹੀਆਂ ਹਨ ਜੇਕਰ ਅਸੀਂ ਪੂੰਜੀਵਾਦ ਵਿਰੁੱਧ ਸੰਘਰਸ਼ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਦੀਆਂ ਇਹਨਾਂ ਖ਼ੂਬੀਆਂ ਅਤੇ ਖ਼ਾਮੀਆਂ ਨੂੰ ਸਮਝਣਾ ਪਵੇਗਾ।

ਪੂੰਜੀਵਾਦੀ ਪ੍ਰਬੰਧ ਅੰਦਰ ਪੈਦਾਵਾਰ ਅਤੇ ਮੁਨਾਫ਼ੇ ਦੇ ਹੱਕ ਪੂਰੀ ਤਰ੍ਹਾਂ ਮੰਡੀ ਦੀਆਂ ਤਾਕਤਾਂ ਤੋਂ ਤੈਅ ਹੁੰਦੇ ਹਨ। ਅਜੋਕੇ ਸਮੇਂ ਵਿਚ ਪੂੰਜੀਵਾਦੀ ਪ੍ਰਬੰਧ ਵਿਚ ਲੋਕਾਂ ਦੀ ਆਜ਼ਾਦੀ 'ਤੇ ਕੀਤਾ ਗਿਆ ਹਮਲਾ ਸਿੱਧਾ ਨਹੀਂ ਹੈ ਬਲਕਿ ਅਸਿੱਧਾ ਹੋ ਗਿਆ ਹੈ। ਇਸ ਲਈ ਲਗਾਤਾਰ ਸ਼ੋਸ਼ਤ ਰਹਿੰਦਿਆਂ ਵੀ ਲੋਕਾਂ ਨੂੰ ਸ਼ੋਸ਼ਕ ਦੀ ਸ਼ਕਲ ਨਜ਼ਰ ਨਹੀਂ ਪੈਂਦੀ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇਕ ਪਾਸੇ ਦੌਲਤ ਇਕੱਠੀ ਹੁੰਦੀ ਰਹਿੰਦੀ ਹੈ ਅਤੇ ਦੂਸਰੇ ਪਾਸੇ ਗਰੀਬੀ ਵਧਦੀ ਜਾਂਦੀ ਹੈ। ਪੂੰਜੀਵਾਦ ਦੀ ਇਸ ਫਿਤਰਤ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਥੋੜਾ-ਬਹੁਤ ਘੱਟ ਜ਼ਰੂਰ ਕੀਤਾ ਜਾ ਸਕਦਾ ਹੈ, ਜਿਵੇਂ ਯੂਰਪ ਵਿਚ 'ਕਲਿਆਣਕਾਰੀ ਰਾਜਾਂ' (Welfare state) ਰਾਹੀਂ ਕੀਤਾ ਗਿਆ। ਇਸ ਤਰ੍ਹਾਂ ਪੂੰਜੀਵਾਦ ਇਕ ਦੇਸ਼ ਤੱਕ ਸੀਮਤ ਨਾ ਹੋ ਕੇ 'ਵਿਸ਼ਵੀ' ਰੂਪ ਅਖ਼ਤਿਆਰ ਕਰ ਲੈਂਦਾ ਹੈ। ਪੂੰਜੀਵਾਦ ਦੇ ਇਸ ਵਿਸ਼ਵੀ ਰੂਪ ਦੀ ਸਮਝ ਨੂੰ ਮਾਰਸਸ ਤੋਂ ਬਾਅਦ ਲੈਨਿਨ ਅਤੇ ਰੋਜ਼ਾ ਲਗਜ਼ਮਬਰਗ ਆਦਿ ਮਾਰਕਸੀ ਚਿੰਤਕਾਂ ਨੇ ਇਸ ਚਿੰਤਨ ਨੂੰ ਅਗਾਂਹ ਤੋਰਿਆ, ਜਿਸ ਦੇ ਸਿੱਟੇ ਵਜੋਂ 'ਸਾਮਰਾਜਵਾਦ' (Imperialisms) ਦੀ ਥਿਊਰੀ ਉਭਰ ਕੇ ਸਾਹਮਣੇ ਆਈ। ਜਿਸ ਵਿਚ ਦੱਸਿਆ ਗਿਆ ਕਿ ਪੂੰਜੀਵਾਦ ਵਿਚ ਅਰਥ-ਵਿਵਸਥਾ ਲੋਕਾਂ ਲਈ ਨਹੀਂ ਹੁੰਦੀ ਬਲਕਿ ਲੋਕ ਅਰਥ ਵਿਵਸਥਾ ਲਈ ਹੁੰਦੇ ਹਨ।

ਵੀਹਵੀਂ ਸਦੀ ਵਿਚ ਵੀ ਮਾਰਕਸਵਾਦ ਨਿਰੰਤਰ ਵਿਕਾਸ ਕਰਦਾ ਆਇਆ ਹੈ। ਜਿਉਂ-ਜਿਉਂ ਪੂੰਜੀਵਾਦੀ ਢਾਂਚਾ ਵਧਦਾ ਤੇ ਫੈਲਦਾ ਜਾ ਰਿਹਾ ਹੈ ਅਤੇ ਇਸ ਦੇ ਵਿਰੋਧਾਭਾਸ ਤੀਖਣ ਹੁੰਦੇ ਜਾ ਰਹੇ ਹਨ, ਤਿਉਂ-ਤਿਉਂ ਮਾਰਕਸਵਾਦ ਦੀ ਪ੍ਰਸੰਗਿਕਤਾ ਵਧਦੀ ਜਾਂਦੀ ਹੈ। ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੌਰਾਨ ਪੱਛਮੀ ਯੂਰਪ ਵਿਚ ਕਿਰਤੀ ਸ਼੍ਰੇਣੀ ਦੀ ਹਾਰ ਨੇ ਯੂਰਪ ਅਤੇ ਅਮਰੀਕਾ ਵਿਚ ਮਾਰਕਸਵਾਦ ਦੇ ਸਰੂਪ ਉੱਪਰ ਬਹੁਤ ਡੂੰਘਾ ਅਸਰ ਪਾਇਆ। ਇਸ ਤੋਂ ਬਾਅਦ ਦੂਸਰੇ ਮਹਾਯੁੱਧ ਦੌਰਾਨ ਯੂਰਪ ਵਿਚ ਮਾਰਕਸਵਾਦ ਦੀ ਵਾਗਡੋਰ ਕਮਿਊਨਿਸਟ ਪਾਰਟੀ ਦੇ ਕਿਸੇ ਸਮਰੱਥ ਨੇਤਾ ਦੇ ਹੱਥ ਵਿਚ ਨਾ ਹੋ ਕੇ ਵਿਦਿਆਕ ਸੰਸਥਾਵਾਂ ਦੇ ਅਧਿਆਪਕਾਂ ਅਤੇ ਚਿੰਤਕਾਂ ਦੇ ਹੱਥ ਵਿਚ ਚਲੀ ਗਈ। ਇਹ ਲੋਕ ਸਰਗਰਮ ਵਰਕਰਾਂ ਨਾਲੋਂ ਚਿੰਤਕ ਵਧੇਰੇ ਸਨ। ਇਹਨਾਂ ਮਾਰਕਸੀ ਚਿੰਤਕਾਂ ਦੀਆਂ ਲਿਖਤਾਂ ਉਸ ਸਮੇਂ ਹੋਂਦ ਵਿਚ ਆ ਰਹੀਆਂ ਸਨ, ਜਦੋਂ ਯੂਰਪ ਵਿਚ ਪ੍ਰੋਲੇਤਾਰੀ ਸ਼੍ਰੇਣੀ ਦੀਆਂ ਸਰਗਰਮੀਆਂ ਮੱਠੀਆਂ ਪੈ ਚੁੱਕੀਆਂ ਸਨ ਅਤੇ ਉਸ ਸਮੇਂ ਸਮੱਚੇ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਪਾਰਲੀਮਾਨੀ ਲੋਕਤੰਤਰ ਕਾਇਮ ਹੋ ਚੁੱਕਾ ਸੀ। ਇਹਨਾਂ ਚਿੰਤਕਾਂ ਵਿਚ ਮੈਕਸ ਹੋਰਖੇਮਰ, ਥਿਓਰਡੋਰ, ਹਾਰਬਰਟ ਮਾਰਕੂਜ਼ੇ, ਨੌਰਮਨ ਓ. ਬਰਾਊਨ, ਹਾਬਰਮਾਸ, ਵਾਟਲਰ ਬੈਂਜਾਮਿਨ, ਐਡਰਨੋ ਆਦਿ ਸ਼ਾਮਲ ਸਨ, ਜੋ ਰਾਜਨੀਤੀ ਵਿਵਹਾਰਕਤਾ ਤੋਂ ਅਲੱਗ-ਥਲੱਗ ਸਨ। ਇਹਨਾਂ ਚਿੰਤਕਾਂ ਦੀਆਂ ਰਚਨਾਵਾਂ ਵਿਚ ਸਿਆਸਤ ਜਾਂ ਆਰਥਿਕਤਾ ਨਾਲੋਂ ਫਲਸਫਾ, ਗਿਆਨ ਸਿਧਾਂਤ ਜਾਂ ਸੁਹਜਸ਼ਾਸਤਰ ਦਾ ਜ਼ਿਕਰ ਕਿਤੇ ਵਧੇਰੇ ਦ੍ਰਿਸ਼ਟੀਗੋਚਰ ਹੁੰਦਾ ਹੈ।

ਦੂਸਰੇ ਮਹਾਯੁੱਧ ਤੋਂ ਬਾਅਦ ਜਰਮਨੀ, ਫਰਾਂਸ ਅਤੇ ਇਟਲੀ ਵਰਗੇ ਵੱਡੀਆਂ ਕਮਿਊਨਿਸਟ ਪਾਰਟੀਆਂ ਵਾਲੇ ਦੇਸ਼ ਮਾਰਕਸੀ ਚਿੰਤਨ ਦਾ ਗੜ੍ਹ ਬਣ ਗਏ। ਇਸ ਸਮੇਂ ਦੌਰਾਨ ਮਾਰਕਸਵਾਦ ਦੀ ਪ੍ਰਤੀਨਿਧਤਾ ਹੰਗਰੀ ਵਿਚ ਲੂਕਾਚ ਅਤੇ ਕਾਰਲ ਕੋਰਚ (Karl Korsh) ਇਟਲੀ ਵਿਚ ਗ੍ਰਾਮਸ਼ੀ ਅਤੇ ਡੇਲਾ ਵੋਲਪੇ, ਇੰਗਲੈਂਡ ਵਿਚ ਥਾਮਸਨ, ਜਰਮਨ ਵਿਚ ਫ਼ਰੈਂਕਫ਼ਰਟ ਸਕੂਲ (Frankfurt School) ਦੇ ਚਿੰਤਕਾਂ ਅਤੇ ਸਾਰਤਰ ਦੇ ਅਸਤਿਤਵਾਦੀ ਮਾਰਕਸਵਾਦ (Existentialist), ਫਰਾਂਸ ਵਿਚ ਅਲਥੂਜ਼ਰ ਅਤੇ

ਸਾਸੂਰ ਤੇ ਰੋਮਨ ਜੈਕਬਸਨ ਦੇ ਸਰੰਚਨਾਵਾਦੀ ਮਾਰਕਸਵਾਦ (Structuralist Marxism) ਆਦਿ ਨੇ ਕੀਤੀ। ਯੂਰਪ ਵਿਚ ਜਾਰਜ ਲੂਕਾਚ ਅਤੇ ਗ੍ਰਾਮਸ਼ੀ ਵਰਗੇ ਮਾਰਕਸੀ ਚਿੰਤਕ ਰਾਜਨੀਤੀ ਵਿਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਸਨ। ਦੂਸਰੇ ਮਹਾਯੁੱਧ ਦੇ ਅਨੁਭਵ ਨੇ ਯੂਰਪ ਦੀ ਦਾਰਸ਼ਨਿਕ ਪ੍ਰੰਪਰਾ ਵਿਚ ਡੂੰਘੀ ਤਰ੍ਹਾਂ ਮੌਜੂਦ ਆਲੋਚਨਾਤਮਕ ਤਰਕਵਾਦ ਵਿਚਲੇ ਵਿਸ਼ਵਾਸ ਨੂੰ ਉਖਾੜ ਦਿੱਤਾ ਸੀ। ਇਸ ਸਮੇਂ ਫਰਾਂਸ ਦੇ ਪ੍ਰਸਿੱਧ ਚਿੰਤਕ ਜਾਨ ਪਾਲ ਸਾਰਤਰ ਵਲੋਂ ਮਾਰਕਸਵਾਦ ਅਤੇ ਅਸਤਿਤਵਾਦ ਨੂੰ ਜੋੜਨ ਦੇ ਯਤਨ ਕੀਤੇ ਗਏ। ਰਿਚਰਡ ਗਿਲ ਅਤੇ ਅਰਨੈਸਟ ਸਰਮਨ ਅਨੁਸਾਰ ਸਾਰਤਰ ਦਾ ਅਸਤਿਤਵਾਦ ਦਾ ਸਿਧਾਂਤ ਮਾਰਕਸਵਾਦ ਦੀਆਂ ਬੁਨਿਆਦੀ ਧਾਰਨਾਵਾਂ ਨਾਲ ਸੁਮੇਲ ਬਿਠਾਉਣ ਦੀ ਅਜੀਬੋ-ਗਰੀਬ ਕੋਸ਼ਿਸ਼ ਹੈ। ਸਾਰਤਰ ਨੇ ਮਾਰਕਸੀ ਸਿਧਾਂਤ ਕਿ 'ਮਹੌਲ ਹੀ ਮਨੁੱਖ ਨੂੰ ਸਿਰਜਦਾ ਹੈ' ਨੂੰ ਅਗਾਂਹ ਵਧਾ ਕੇ ਦੱਸਿਆ ਕਿ 'ਮਨੁੱਖ ਖੁਦ ਵੀ ਆਪਣੇ ਆਪ ਨੂੰ ਬਣਾਉਂਦਾ ਹੈ।' ਇਸ ਤਰ੍ਹਾਂ ਸਾਰਤਰ ਨੇ ਦੋਵਾਂ ਵਿਚਾਰਧਾਰਾਵਾਂ ਵਿਚ ਨਵੇਂ ਤਜਰਬਿਆਂ ਦੀ ਰੌਸ਼ਨੀ ਵਿਚ ਆਪਣੇ ਢੰਗ ਅਨੁਸਾਰ ਸੁਮੇਲ ਕਾਇਮ ਕੀਤਾ।

ਵੀਹਵੀਂ ਸਦੀ ਦੇ ਸੱਠਵਿਆਂ ਦੇ ਦਹਾਕੇ ਵਿਚ ਫਰਾਂਸ ਵਿਚ ਮਾਰਕਸਵਾਦ ਦੇ ਸੰਰਚਨਾਤਮਕ ਸਕੂਲ ਦਾ ਜਨਮ ਹੋਇਆ। ਇਸ ਸਮੇਂ ਦੌਰਾਨ ਵਿਕਸਤ ਪੂੰਜੀਵਾਦ ਸਮਾਜ ਵਿਚਲੇ ਪ੍ਰੋਲੋਤਾਰੀ ਦਾ ਇਨਕਲਾਬ ਪ੍ਰਤੀ ਆਤਮ ਵਿਸ਼ਵਾਸ ਖ਼ਤਮ ਹੋ ਚੁੱਕਾ ਸੀ। ਸੰਰਚਨਾਤਮਕ ਮਾਰਕਸਵਾਦ ਨੇ ਪ੍ਰਤੱਖ ਤੌਰ 'ਤੇ ਸੰਗਠਿਤ ਅਤੇ ਨਿਸਕ੍ਰਿਆ ਪ੍ਰਵਿਰਤੀ ਰਾਹੀਂ ਮਾਰਕਸਵਾਦੀ ਵਿਚਾਰਧਾਰਾ ਨੂੰ ਇਕ ਸੁਰ ਕਰਨ ਦਾ ਯਤਨ ਕੀਤਾ ਸੀ। ਇਸ ਸਮੇਂ ਹੀ ਲੂਈਸ ਅਲਥੂਜ਼ਰ ਨੇ ਆਪਣੇ ਵਿਚਾਰ ਪ੍ਰਗਟ ਕਰਨੇ ਆਰੰਭ ਕੀਤੇ। ਉਸਨੇ ਲੂਕਾਚ, ਸਾਰਤਰ ਅਤੇ ਮਾਨਵਤਾਵਾਦੀ ਮਾਰਕਸਵਾਦ ਨੂੰ ਨਾ-ਮਨਜ਼ੂਰ ਕਰ ਦਿੱਤਾ। ਉਸ ਦੇ ਸਾਹਮਣੇ ਮੁੱਖ ਸਵਾਲ ਇਸ ਗੱਲ ਨੂੰ ਜਾਣਨ ਦਾ ਸੀ ਕਿ ਮਾਰਕਸਵਾਦੀ ਵਿਚਾਰਧਾਰਾ ਕੀ ਹੈ ਅਤੇ ਇਸ ਦੀ ਹੋਂਦ ਲਈ ਸਿਧਾਂਤਕ ਆਧਾਰ ਕੀ ਹਨ ਅਤੇ ਜੇਕਰ ਅਸੂਲੀ ਤੌਰ 'ਤੇ ਇਸ ਦੀ ਹੋਂਦ ਹੈ ਤਾਂ ਇਸ ਦੀ ਵਿਸ਼ੇਸ਼ਤਾ ਨੂੰ ਕਿਵੇਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ ? ਉਸ ਨੇ ਮੁੱਖ ਤੌਰ 'ਤੇ ਰਾਜਨੀਤੀ ਅਤੇ ਇਤਿਹਾਸ ਦੇ ਅਧਿਐਨ ਉੱਤੇ ਹੀ ਜ਼ੋਰ ਦਿੱਤਾ। ਉਸ ਨੇ ਰਾਜ ਦੇ ਵਿਚਾਰਧਾਰਕ ਉਪਕਰਣ ਜਿਵੇਂ ਦਬਾਅ ਸਮੂਹ ਅਤੇ ਵੱਖ-ਵੱਖ ਏਜੰਸੀਆਂ ਆਦਿ ਦਾ ਰਾਜਨੀਤੀ ਵਿਚਲੇ ਰੋਲ ਬਾਰੇ ਅਧਿਐਨ ਕੀਤਾ। ਇਸ ਸਮੇਂ ਦੌਰਾਨ ਇੰਗਲੈਂਡ ਵਿਚ ਲਾਸਕੀ, ਕ੍ਰੌਸਮੈਨ ਅਤੇ ਕੋਲੇ ਆਦਿ ਨੇ ਮਾਰਕਸਵਾਦ ਦੀ ਪਰੰਪਰਾ ਨੂੰ ਜੀਵਤ ਰੱਖਣ ਦਾ ਯਤਨ ਕੀਤਾ। ਇਸ ਤੋਂ ਇਲਾਵਾ ਅਮਰੀਕਾ ਵਿਚ ਮਾਰਕਸਵਾਦ ਪ੍ਰਤੀ ਸਭ ਤੋਂ ਮੌਲਿਕ ਯੋਗਦਾਨ ਰਾਜਨੀਤਿਕ ਆਰਥਿਕਤਾ ਦੇ ਖੇਤਰ ਵਿਚ ਰਿਹਾ। ਪਾਲ ਬੌਰਨ ਦੀ ਪ੍ਰਸਿੱਧ ਰਚਨਾ 'ਦੀ ਪੁਲਿਟਿਕਲ ਇਕਨੌਮੀ ਆਫ਼ ਗ੍ਰੋਥ' (1957), ਪਾਲ ਬੌਰਨ ਅਤੇ ਪਾਲ ਸਵੀਜੀ ਦੀ 'ਮਨਾਪਲੀ ਕੈਪੀਟਲਿਜ਼ਮ' (1966) ਆਦਿ ਪੁਸਤਕਾਂ ਵਿਚ ਮਾਰਕਸਵਾਦੀ ਦ੍ਰਿਸ਼ਟੀ ਰਾਹੀਂ ਦੁਨੀਆ ਵਿਚ ਸਾਮਰਾਜਵਾਦ ਦੇ ਵਿਕਾਸ ਅਤੇ ਤੀਸਰੀ ਦੁਨੀਆ ਅਤੇ ਹੋਰ ਪੱਛੜੇ ਦੇਸ਼ਾਂ ਉੱਤੇ ਇਸ ਦੇ ਪੈ ਰਹੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਤੋਂ ਬਾਅਦ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਯੂਰਪ ਵਿਚਲੇ ਉੱਤਰ ਉਦਯੋਗਿਕ (Post Industurial) ਯੁੱਗ ਵਿਚਲੀਆਂ ਸਮਾਜਿਕ ਸਮੱਸਿਆਵਾਂ ਨੂੰ ਸੁਲਝਾਉਣ ਸੰਬੰਧੀ ਅਤੇ ਉਸ ਵਿਚਲੀਆਂ ਕਮੀਆਂ ਕਾਰਨ ਹੋਏ ਪ੍ਰਤੀਕਰਮ ਦੇ ਸਿੱਟੇ ਵਜੋਂ ਨਵ-ਮਾਰਕਸਵਾਦ ਹੋਂਦ ਵਿਚ ਆਇਆ। ਇਹ ਪੂੰਜੀਵਾਦੀ ਅਤੇ ਸਮਾਜਵਾਦੀ ਦੇਸ਼ਾਂ ਦੀ ਪਰੰਪਰਾਗਤ ਸਮਾਜਿਕ ਵਿਵਸਥਾ ਵਿਚਲੀ ਸਮਾਜਿਕ ਨਾ-ਬਰਾਬਰੀ, ਅਲਗਾਓਵਾਦ, ਨਸਲੀ ਵਿਤਕਰੇ, ਸਾਮਰਾਜਵਾਦ, ਨੌਕਰਸ਼ਾਹੀ ਆਦਿ ਦਾ ਵਿਰੋਧ ਕਰਦਾ ਸੀ। ਨਵ-ਮਾਰਕਸਵਾਦ ਨਾਲ ਸੰਬੰਧਤ ਚਿੰਤਕ ਜਿਵੇਂ ਫੈਨਨ, ਚੀ ਗਵੇਰਾ, ਅਰਨਿਸਟ ਬਲੂਚ, ਲੈਸਜ਼ਿਕ ਕੋਲਾਕੋਵਸਕੀ, ਰੈਜਿਸ ਦੇਬਰੇ, ਐੱਸ. ਸਟੋਜੋਨੋਵਿਕ, ਚਾਰਲਸ ਰੀਚ ਆਦਿ ਬਸਤੀਵਾਦ ਦੀ ਜਨਤਾ, ਔਰਤਾਂ, ਸਮ-ਲਿੰਗਵਾਦੀਆਂ ਦੀ ਹੀ ਨਹੀਂ ਬਲਕਿ ਸਮੁੱਚੇ ਸਮਾਜ ਦੀ ਸੁਤੰਤਰਤਾ ਦੀ ਮੰਗ ਕਰਦੇ ਸਨ। ਇਹ ਚਿੰਤਕ ਆਪਣੇ ਆਪ ਨੂੰ ਸੋਵੀਅਤ ਕਮਿਊਨਿਜ਼ਮ ਨਾਲ ਨਾ ਜੋੜਦਿਆਂ ਹੋਇਆਂ ਵੀ



ਸਾਮਾਜਵਾਦੀ ਕ੍ਰਾਂਤੀ ਦੀ ਮਾਰਕਸੀ ਸ਼ਬਦਾਵਲੀ ਰਾਹੀਂ ਵਰਤੋਂ ਕਰਦੇ ਸਨ। ਇਹਨਾਂ ਦਾ ਨਾਅਰਾ ਸੁਤੰਤਰਤਾ ਦੀ ਭਾਲ (The Quest for liberation) ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹਨਾਂ ਚਿੰਤਕਾਂ ਦੀ ਨਵੀਂ ਰਾਜਨੀਤਕ ਸ਼ੈਲੀ ਦਾ ਕ੍ਰਾਂਤੀਕਾਰੀ ਸਰੂਪ ਫਰਾਂਸ ਅੰਦਰ ਮਈ 1968 ਦੀਆਂ ਘਟਨਾਵਾਂ ਤੋਂ ਬਾਅਦ ਪ੍ਰਤੱਖ ਤੌਰ 'ਤੇ ਉਘੜ ਕੇ ਸਾਹਮਣੇ ਆਉਂਦਾ ਹੈ, ਜਿਸ ਦੌਰਾਨ ਵਿਦਿਆਰਥੀਆਂ ਅਤੇ ਨੌਜਵਾਨ ਕਿਰਤੀਆਂ ਦੀ ਬਗ਼ਾਵਤ ਜਾਰੀ ਰਹੀ ਸੀ। ਉਦਯੋਗਿਕ ਸਮਾਜ ਦੇ ਕਠੋਰ ਅਨੁਸ਼ਾਸਨ ਪ੍ਰਤੀ ਅਲਗਾਓ (Alienation) ਵਰਗੀਆਂ ਸਮਾਜਿਕ ਸਮੱਸਿਆਵਾਂ ਨੇ ਇਹਨਾਂ ਚਿੰਤਕਾਂ ਨੂੰ ਮਾਰਕਸ ਦੀਆਂ ਮੁੱਢਲੀਆਂ ਰਚਨਾਵਾਂ ਵਿਚੋਂ ਆਪਣੀਆਂ ਬੌਧਿਕ ਜੜ੍ਹਾਂ ਨੂੰ ਲੱਭਣ ਲਈ ਮਜਬੂਰ ਕਰ ਦਿੱਤਾ ਸੀ, ਭਾਵੇਂ ਕਿ ਅਲਗਾਓ ਦੀ ਸਮੱਸਿਆ ਬਾਰੇ ਚਰਚਾ ਫਰੈਂਕਫ਼ਰਟ ਸਕੂਲ ਦੇ ਚਿੰਤਕ ਐਡਰਨੋ ਅਤੇ ਮਾਰਕੂਜ਼ੇ ਪਹਿਲਾਂ ਹੀ ਕਰ ਚੁੱਕੇ ਸਨ। ਇਹਨਾਂ ਚਿੰਤਕਾਂ ਦਾ ਮੰਨਣਾ ਸੀ ਕਿ ਉੱਤਰ-ਉਦਯੋਗਿਕ ਸਮਾਜ (Post Industrial Society) ਵਿਚ ਵੱਖਰੀਆਂ ਕਦਰਾਂ ਕੀਮਤਾਂ ਅਤੇ ਉਦੇਸ਼ਾਂ ਵਾਲਾ ਯੁਵਕ ਸੱਭਿਆਚਾਰ ਹੋਂਦ ਵਿਚ ਆ ਜਾਂਦਾ ਹੈ। ਜਿਸ ਵਿਚ ਨੌਜਵਾਨਾਂ ਦਾ ਬਹੁਤਾ ਧਿਆਨ ਨਸ਼ਾ ਸੇਵਨ, ਨੱਚਣਾ-ਟੱਪਣਾ ਅਤੇ ਸੰਪ੍ਰਦਾਇਕਤਾ ਵੱਲ ਖਿੱਚਿਆ ਜਾਂਦਾ ਹੈ। ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਉਪਲਬਧ ਨਾ ਹੋਣ ਕਰਕੇ ਉਹਨਾਂ ਨੂੰ ਭਾਰੀ ਤਨਾਅ ਅਤੇ ਦਿਮਾਗੀ ਪ੍ਰੇਸ਼ਾਨੀਆਂ ਦਾ ਬੋਝ ਸਹਿਣਾ ਪੈਂਦਾ ਹੈ। ਸਮੁੱਚੇ ਤੌਰ 'ਤੇ ਨਵ-ਮਾਰਕਸਵਾਦ ਦਾ ਜਨਮ ਨਿਰਾਸ਼ਾ ਵਿਚੋਂ ਹੋਣ ਕਾਰਨ ਇਸ ਦੇ ਚਿੰਤਕਾਂ ਨੇ ਆਜ਼ਾਦੀ ਇਨਕਲਾਬ, ਅਲਗਾਓ ਵਰਗੇ ਕਲਾਸਕੀ ਮਾਰਕਸੀ ਨਾਅਰਿਆਂ ਵਿਚੋਂ ਹੀ ਆਪਣੀ ਸ਼ਬਦਾਵਲੀ ਦਾ ਖ਼ੁਦ ਨਿਰਮਾਣ ਕੀਤਾ ਸੀ। ਕਲਾਸਕੀ ਮਾਰਕਸਵਾਦ ਦੇ ਮੁਕਾਬਲੇ ਇਹਨਾਂ ਚਿੰਤਕਾਂ ਦੀਆਂ ਧਾਰਨਾਵਾਂ ਵਿਚ ਅੰਤਰ-ਵਿਰੋਧੀ ਦ੍ਰਿਸ਼ਟੀਕੋਣ, ਅਨੁਸ਼ਾਸ਼ਨਹੀਣਤਾ, ਊਲਜਲੂਲਵਾਦ. ਅਗਵਾਈ ਦੀ ਅਣਹੋਂਦ, ਜੋਖ਼ਿਮ ਨਾ ਉਠਾਉਣ ਦੀ ਪ੍ਰਵਿਰਤੀ ਅਤੇ ਆਦਰਸ਼ ਸਮਾਜ ਲਈ ਸੁਧਾਰ ਪ੍ਰਤੀ ਕਿਸੇ ਸਪੱਸ਼ਟ ਪ੍ਰੋਗਰਾਮ ਦੀ ਅਣਹੋਂਦ ਦਿਖਾਈ ਦਿੰਦੀ ਹੈ। ਇਹਨਾਂ ਚਿੰਤਕਾਂ ਦਾ ਚਿੰਤਨ ਕਿਸੇ ਗੰਭੀਰ ਸਮਾਜਵਾਦੀ ਪ੍ਰਸਤਾਵ ਦੀ ਬਜਾਏ ਰੋਸ ਦਾ ਮਾਧਿਅਮ ਬਣ ਕੇ ਰਹਿ ਜਾਂਦਾ ਹੈ।

ਅਜੋਕੇ ਉਤਰ-ਬਸਤੀਵਾਦੀ ਦੌਰ ਵਿਚ ਪੂੰਜੀਵਾਦ ਨੇ ਦੁਨੀਆ ਭਰ ਵਿਚ ਆਪਣੀ ਵਿਚਾਰਧਾਰਕ ਸਰਦਾਰੀ (Idelogical Hegemony) ਜਮਾ ਲਈ ਹੈ। ਰੂਸ ਦੇ ਢਹਿ-ਢੇਰੀ ਹੋ ਜਾਣ ਤੋਂ ਬਾਅਦ ਮਾਰਕਸਵਾਦ ਦੀ ਗੱਲ ਕਰਨਾ ਜਿੰਨਾ ਔਖਾ ਹੋ ਗਿਆ ਹੈ ਉਸ ਤੋਂ ਵੀ ਵੱਧ ਲਾਜ਼ਮੀ ਵੀ ਹੋ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਦੁਨੀਆ ਦੀ ਪੱਧਰ 'ਤੇ ਕੇਵਲ ਭਾਰਤ ਹੀ ਨਹੀਂ ਬਲਕਿ ਤੀਸਰੀ ਦੁਨੀਆ ਦੇ ਹੋਰ ਬਹੁਤ ਸਾਰੇ ਗਰੀਬ ਮੁਲਕ, ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਦੇ ਪੱਛੜੇ ਦੇਸ਼ਾਂ ਦੀ ਬਿਹਤਰੀ ਇਸੇ ਵਿਚ ਹੀ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਹਨਾਂ ਮੁਲਕਾਂ ਦੀ ਆਮ ਜਨਤਾ ਨੂੰ ਪਹਿਲਾਂ ਨਾਲੋਂ ਵੀ ਵੱਧ ਕੀਮਤ ਅਦਾ ਕਰਨੀ ਪਵੇਗੀ ਜਿੰਨੀ ਉਹਨਾਂ ਨੇ ਬਸਤੀਵਾਦ ਤੋਂ ਛੁਟਕਾਰਾ ਪਾਉਣ ਲਈ ਕੀਤੀ ਸੀ। ਪੂਰੀ ਦੁਨੀਆ 'ਤੇ ਇਕ ਵਾਰ ਫਿਰ ਨਵ-ਸਾਮਰਾਜਵਾਦ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਗਰੀਬ ਤੇ ਪੱਛੜੇ ਮੁਲਕਾਂ ਦੀਆਂ ਉਲਝੀਆਂ ਹੋਈਆਂ ਬੁਨਿਆਦੀ ਸਮੱਸਿਆਵਾਂ ਦਾ ਬਿਹਤਰ ਹੱਲ ਮਾਰਕਸਵਾਦ ਤੋਂ ਇਲਾਵਾ ਕੋਈ ਦੂਸਰਾ ਸਿਧਾਂਤ ਪੇਸ਼ ਨਹੀਂ ਕਰ ਸਕਦਾ। ਇਸ ਦਾ ਕਾਰਨ ਇਹ ਹੈ ਕਿ ਇਸ ਸਮੇਂ ਮਾਰਕਸਵਾਦ ਦਾ ਮੁੱਢਲਾ ਤੇ ਬੁਨਿਆਦੀ ਕਾਰਜ ਲੋਕਾਂ ਦੀਆਂ ਅਸਲੀ ਸਮੱਸਿਆਵਾਂ ਦੀ ਪਹਿਚਾਣ ਕਰਨਾ ਹੈ, ਜਿਨ੍ਹਾਂ ਸਮੱਸਿਆਵਾਂ ਦੇ ਮੌਜੂਦਾ ਬੌਧਿਕ ਫੈਸ਼ਨ ਜਾਂ ਤਾਂ ਝੂਠੇ ਹੱਲ ਤਲਾਸ਼ਦੇ ਹਨ ਅਤੇ ਜਾਂ ਫਿਰ ਕੋਈ ਵੀ ਹੱਲ ਲੱਭ ਨਹੀਂ ਪਾਉਂਦੇ। ਸਾਡੀ ਧਾਰਨਾ ਹੈ ਕਿ ਮਾਰਕਸਵਾਦ ਹੀ ਦੁਨੀਆ ਨੂੰ ਸਮਝਣ ਅਤੇ ਬਦਲਣ ਦਾ ਬੁਨਿਆਦੀ ਨਜ਼ਰੀਆ ਹੈ। ਇਸ ਦੀ ਵੱਡੀ ਖੂਬੀ ਇਹ ਹੈ ਕਿ ਇਹ ਸਾਨੂੰ ਸਹੀ ਸਵਾਲ ਕਰਨੇ ਵੀ ਸਿਖਾਉਂਦਾ ਹੈ ਤਾਂ ਕਿ ਭਵਿੱਖ ਵਿਚ ਉਹਨਾਂ ਦੇ ਸਹੀ ਹੱਲ ਨਿਕਲ ਸਕਣ।

ਜਿਥੋਂ ਤੱਕ ਭਾਰਤ ਦਾ ਸੰਬੰਧ ਹੈ ਅਸੀਂ ਵੇਖਦੇ ਹਾਂ ਕਿ ਨਵ-ਸਾਮਰਾਜਵਾਦ ਦੇ ਦਬਾਅ ਹੇਠ ਸਾਡੀ ਕੌਮੀ ਬੁਰਜੂਆਜ਼ੀ ਨੇ ਪਿਛਲੇ ਕੁਝ ਸਾਲਾਂ ਤੋਂ ਉਦਯੋਗਿਕ ਨੀਤੀ, ਵਿਦੇਸ਼ੀ ਮੁਦਰਾ ਕੋਸ਼ ਨੀਤੀ ਅਤੇ ਹੋਰ

ਬਹੁਤ ਸਾਰੀਆਂ ਨੀਤੀਆਂ ਵਿਚ ਵੱਡੇ ਬਦਲਾਅ ਕੀਤੇ ਹਨ। ਕਿਰਤ ਕਾਨੂੰਨਾਂ ਨੂੰ ਬਦਲ ਕੇ ਜਿਥੇ ਮਜ਼ਦੂਰ ਵਿਰੋਧੀ ਬਣਾਇਆ ਜਾ ਰਿਹਾ ਹੈ ਉਥੇ ਭਾਰਤ ਦੀ ਛੋਟੀ ਤੇ ਦਰਮਿਆਨੀ ਕਿਸਾਨੀ ਨੂੰ ਵੀ ਘੋਰ ਸੰਕਟਾਂ ਵਿਚ ਫਸਾਇਆ ਜਾ ਰਿਹਾ ਹੈ ਤਾਂ ਕਿ ਕੌਮੀ ਬੁਰਜੂਆਜ਼ੀ ਅੰਤਰਰਾਸ਼ਟਰੀ ਪੂੰਜੀ ਅਤੇ ਅੰਤਰਰਾਸ਼ਟਰੀ ਮੰਡੀ ਨਾਲ ਜ਼ਿਆਦਾ ਕਰੀਬੀ ਰਿਸ਼ਤਾ ਕਾਇਮ ਕਰ ਸਕੇ। ਸਾਡੀ ਕੌਮੀ ਬੁਰਜੂਆਜ਼ੀ ਚਾਹੁੰਦੀ ਹੈ ਕਿ ਅੰਤਰ-ਰਾਸ਼ਟਰੀ ਮੰਡੀ ਦੀਆਂ ਲੋੜਾਂ ਅਨੁਸਾਰ ਉਤਪਾਦਨ ਕੀਤਾ ਜਾਵੇ ਅਤੇ ਦੇਸ਼ ਦੇ ਸਾਧਾਰਣ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਜਾਵੇ। ਇਸ ਗੱਲ ਦਾ ਪਤਾ ਸਾਨੂੰ ਇਸ ਤੋਂ ਵੀ ਲੱਗਦਾ ਹੈ ਕਿ ਸਾਡੀ ਕੌਮੀ ਬੁਰਜੂਆਜ਼ੀ ਨੇ ਆਪਣੀ ਸਹੂਲਤ ਲਈ ਨਾ ਕੇਵਲ ਸ਼ੇਅਰ-ਬਜ਼ਾਰ ਨੂੰ ਵਧਾਇਆ ਹੈ ਬਲਕਿ ਮੁਦਰਾ ਨੀਤੀ ਨੂੰ ਵੀ ਬਹੁਰਾਸ਼ਟਰੀ ਕੰਪਨੀਆਂ ਅਤੇ ਅੰਤਰਰਾਸ਼ਟਰੀ ਵਿਤੀ ਸੰਸਥਾਵਾਂ ਦੀ ਸਹੂਲਤ ਅਨੁਸਾਰ ਬਦਲਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਭਾਰਤ ਵਿਚ ਇਕ ਅੰਦਰੂਨੀ-ਬਸਤੀਵਾਦ (Internal Colonialism) ਆਪਣੀ ਜ਼ਮੀਨ ਤਿਆਰ ਕਰ ਚੁੱਕਾ ਹੈ।

ਭਾਰਤ ਵਿਚ ਜਿਥੇ ਇਸ ਸਮੇਂ ਕੁਝ ਪੁਰਾਣੀਆਂ ਲੜਾਈਆਂ, ਸੰਘਰਸ਼ ਤੇ ਅੰਦੋਲਨ ਮੌਜੂਦ ਹਨ ਉਥੇ ਬਹੁਤ ਸਾਰੀਆਂ ਨਵੀਆਂ ਲੜਾਈਆਂ ਵੱਖ-ਵੱਖ ਖਿੱਤਿਆਂ ਵਿਚ ਵਿਕੋਲਤਿਰੀਆਂ ਪਹਿਚਾਣਾਂ ਰਾਹੀਂ ਉਭਰ ਕੇ ਸਾਹਮਣੇ ਆ ਰਹੀਆਂ ਹਨ। ਇਹਨਾਂ ਲੜਾਈਆਂ ਵਿਚ ਔਰਤਾਂ, ਦਲਿਤਾਂ, ਆਦਿਵਾਸੀਆਂ, ਧਾਰਮਿਕ ਘੱਟ ਗਿਣਤੀਆਂ, ਮਨੁੱਖੀ ਅਧਿਕਾਰਾਂ, ਵਾਤਾਵਰਣ ਆਦਿ ਦੇ ਨਾਲ-ਨਾਲ ਬਹੁਤ ਸਾਰੀਆਂ ਖੇਤਰੀ ਪੱਧਰ ਦੀਆਂ ਲੋਕ-ਪੱਖੀ ਲੜਾਈਆਂ ਵੀ ਸ਼ਾਮਲ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਨਾਂ ਲੜਾਈਆਂ ਅਤੇ ਸੰਘਰਸ਼ਾਂ ਵਿਚ ਕਈ ਸਹੀ ਮੁੱਦਿਆਂ 'ਤੇ ਬੜੀ ਇਮਾਨਦਾਰੀ ਨਾਲ ਲੜਿਆ ਜਾ ਰਿਹਾ ਹੈ ਪਰ ਦੇਸ਼ ਅਤੇ ਦੁਨੀਆਂ ਦੀ ਪੱਧਰ 'ਤੇ ਇਹਨਾਂ ਵਿਚੋਂ ਕਈ ਸੰਘਰਸ਼ ਧੁੰਦਲਾਹਟ ਦਾ ਸ਼ਿਕਾਰ ਵੀ ਹਨ। ਇਸ ਦੇ ਸਿੱਟੇ ਵਜੋਂ ਇਹ ਸੰਘਰਸ਼ ਬਿਖਰੇ ਹੋਏ ਹਨ ਅਤੇ ਕਦੇ-ਕਦੇ ਭਟਕ ਵੀ ਜਾਂਦੇ ਹਨ। ਅੱਜ ਦੇ ਸਮੇਂ ਦੀ ਮੁੱਖ ਲੋੜ ਇਹ ਹੈ ਕਿ ਇਹ ਸੰਘਰਸ਼ ਵੱਖ-ਵੱਖ ਮੁੱਦਿਆਂ ਨੂੰ ਵਰਗ ਸੰਘਰਸ਼ ਨਾਲ ਜੋੜਨ, ਭਾਵ ਲੋਕ-ਪੱਖੀ ਸਿਆਸਤ ਨੂੰ ਸਭ ਤੋਂ ਉੱਚੀ ਥਾਂ ਦਵਾਉਣ ਦਾ ਮਕਸਦ ਵਰਗ ਸੰਘਰਸ਼ ਵਿਚ ਹੀ ਪਾਇਆ ਜਾ ਸਕਦਾ ਹੈ। ਨਵ-ਸਾਮਰਾਜਵਾਦ ਦੇ ਕਬਜ਼ੇ ਵਿਚੋਂ ਬਾਹਰ ਨਿਕਲਣਾ ਲੋਕਾਂ ਦੇ ਹਰ ਸੰਘਰਸ਼ ਦਾ ਆਖ਼ਰੀ ਮਕਸਦ ਹੋਣਾ ਚਾਹੀਦਾ ਹੈ। ਲੰਮੇ ਸਮੇਂ ਵਿਚ ਅਤੇ ਲੰਮੇ ਦਾਅ ਤੋਂ ਵਿਸ਼ਵੀਕਰਨ ਨਾਲ ਲੜਨਾ ਇਸ ਤਰ੍ਹਾਂ ਹੀ ਮੁਮਕਿਨ ਹੋ ਸਕਦਾ ਹੈ। ਸਾਨੂੰ ਇਸ ਸਮੇਂ ਦੇਸ਼ ਦੀ ਹਕੂਮਤ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਸਾਡਾ ਉਤਪਾਦਨ ਢਾਂਚਾ ਸਾਡੇ ਆਮ ਲੋਕਾਂ ਦੀਆਂ ਲੋੜਾਂ ਅਤੇ ਸਾਡੇ ਆਪਣੇ ਸ੍ਰੋਤਾਂ ਮੁਤਾਬਕ ਤੈਅ ਹੋਣਾ ਚਾਹੀਦਾ ਹੈ। ਨਵ-ਸਾਮਰਾਜਵਾਦ ਦੇ ਵਿਰੁੱਧ ਸਾਡੀ ਲੜਾਈ ਦਾ ਇਹ ਪਹਿਲਾ ਤੇ ਫੌਰੀ ਕਦਮ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਾਡੇ ਦੇਸ਼ ਵਿਚ ਸੰਪ੍ਰਦਾਇਕਤਾ ਸਭ ਤੋਂ ਵੱਡਾ ਮਸਲਾ ਬਣੀ ਹੋਈ ਹੈ, ਜੋ ਕਿਸੇ ਵੱਡੇ ਸਵਾਲ ਦਾ ਹੀ ਹਿੱਸਾ ਹੈ। ਭਾਵ, ਉਸ ਸਵਾਲ ਦਾ ਜੋ ਅਮੀਰੀ ਤੇ ਗਰੀਬੀ ਦਾ ਸਵਾਲ ਹੈ। ਜਦੋਂ ਤੱਕ ਸੰਪ੍ਰਦਾਇਕਤਾ ਦੇ ਮਸਲੇ ਨੂੰ ਅਮੀਰੀ-ਗਰੀਬੀ ਦੇ ਸਵਾਲ ਨਾਲ ਜੋੜ ਕੇ ਨਹੀਂ ਵੇਖਿਆ ਜਾਂਦਾ ਉਦੋਂ ਤੱਕ ਇਸਦਾ ਸਹੀ ਹੱਲ ਨਹੀਂ ਨਿਕਲ ਸਕਦਾ। ਇਸ ਬੁਨਿਆਦੀ ਗੱਲ ਨੂੰ ਸਮਝਣਾ ਬੜਾ ਲਾਜ਼ਮੀ ਹੈ।

ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਵੀਹਵੀਂ ਸਦੀ ਦਾ ਅਖੀਰਲਾ ਦਹਾਕਾ ਵਿਚਾਰਧਾਰਾ ਦੀ ਪੱਧਰ 'ਤੇ ਮਾਰਕਸਵਾਦ ਤੋਂ ਭਗੌੜੇ ਹੋਣ ਦਾ ਕਾਰਨ ਰਿਹਾ ਹੈ। ਇਸ ਦੇ ਸਿੱਟੇ ਵਜੋਂ ਨਵੇਂ ਤੇ ਪੁਰਾਣੇ ਬਦਲਵੇਂ ਸਿਧਾਂਤਾਂ ਦਾ ਪੁਨਰ-ਉਥਾਨ ਹੋ ਰਿਹਾ ਹੈ। ਅਨੇਕ ਤਰ੍ਹਾਂ ਦੀਆਂ ਦੱਖਣ ਪੰਥੀ ਵਿਚਾਰਧਾਰਾਵਾਂ ਵਧ-ਫੁੱਲ ਰਹੀਆਂ ਹਨ। ਬਹੁਤ ਸਾਰੇ ਬੁੱਧੀਜੀਵੀ ਉੱਤਰ ਆਧੁਨਿਕਤਾਵਾਦ ਦੇ ਅਸਰ ਹੇਠ ਮਾਰਕਸਵਾਦ ਨੂੰ ਉਹਨਾਂ ਮਿਆਰਾਂ ਅਤੇ ਸਾਂਚਿਆਂ ਵਿਚ ਢਾਲਣ ਦੀ ਕੋਸ਼ਿਸ਼ ਕਰ ਰਹੇ ਹਨ ਜਿਹੜੇ 'ਉਤਰ-ਆਧੁਨਿਕਤਾਵਾਦ' ਨੇ ਘੜੇ ਹਨ। ਉਹਨਾਂ ਲਈ ਅਜੋਕੇ ਸਮੇਂ ਵਿਚ ਮਾਰਕਸਵਾਦ ਦੀਆਂ ਸਮੱਸਿਆਵਾਂ ਕੇਵਲ ਉਤਰ-ਆਧੁਨਿਕਤਾਵਾਦ ਦੀ ਸਮੱਸਿਆ ਤੱਕ ਮਹਿਦੂਦ ਹੋ ਕੇ ਰਹਿ ਗਈਆਂ ਹਨ। ਇਹ ਬੁੱਧੀਵਾਦੀ ਪ੍ਰਾਚੀਨ ਕੱਟੜਤਾ ਨੂੰ ਪੁਨਰ-ਜੀਵਤ ਕਰ ਰਹੇ ਹਨ ਅਤੇ ਪੁਰਾਣੀਆਂ ਸੋਚਾਂ ਅਤੇ ਅੰਧ-ਵਿਸ਼ਵਾਸਾਂ ਦੀ ਵਕਾਲਤ



ਉਤਰ ਆਧੁਨਿਕਤਾ ਰਾਹੀਂ ਕਰ ਰਹੇ ਹਨ। ਉਹ ਸੱਭਿਆਚਾਰਾਂ ਅਤੇ ਸੱਭਿਆਤਾਵਾਂ ਵਿਚਲੇ ਅੰਤਰ-ਵਿਰੋਧਾਂ ਦੀ ਵਿਆਖਿਆ ਇਤਿਹਾਸਕ-ਭੌਤਿਕਵਾਦ ਰਾਹੀਂ ਨਹੀਂ ਬਲਕਿ ਇਤਿਹਾਸ ਦੀ ਵਿਆਖਿਆ ਕਰਨ ਲਈ ਇਹਨਾਂ ਦਾ ਇਸਤੇਮਾਲ ਕਰ ਰਹੇ ਹਨ। ਇਸ ਤਰ੍ਹਾਂ ਕਰਦਿਆਂ ਅਸਲੀਅਤ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਵ-ਸਾਮਰਾਜਵਾਦ ਦੇ ਅਪਰਾਧਾਂ ਨੂੰ ਸੱਭਿਆਚਾਰਕ ਵਿਰੋਧ ਦੀ ਉਪਜ ਮੰਨ ਕੇ ਉਹਨਾਂ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ।

ਉਤਰ ਆਧੁਨਿਕਤਾਵਾਦੀ ਬੁੱਧੀਜੀਵੀਆਂ ਵੱਲੋਂ ਅਜੋਕੇ ਨਵ-ਸਾਮਰਾਜਵਾਦ ਦੇ ਸਮੇਂ ਨੂੰ 'ਉਤਰ ਆਧੁਨਿਕਤਾਵਾਦ ਦਾ ਸਮਾਂ' ਕਿਹਾ ਜਾ ਰਿਹਾ ਹੈ, ਜਦੋਂ ਕਿ ਸਾਡੀ ਧਾਰਨਾ ਹੈ ਕਿ ਇਹ ਸਮਾਂ ਉਤਰ ਆਧੁਨਿਕਤਾਵਾਦ ਦਾ ਸਮਾਂ ਨਹੀਂ ਹੈ ਬਲਕਿ ਇਹ ਨਵ-ਸਾਮਰਾਜਵਾਦ ਦੇ ਪਹਿਲਾਂ ਨਾਲੋਂ ਵੀ ਵਧ ਜ਼ਾਲਮਾਨਾ ਦੌਰ ਦਾ ਸਮਾਂ ਹੈ। ਇਹ ਬੁੱਧੀਜੀਵੀ ਵੱਖ-ਵੱਖ ਸਮਾਜਾਂ ਤੇ ਸਮੂਹਾਂ ਅੰਦਰ ਮੌਜੂਦ ਸ਼੍ਰੇਣੀ ਬਨਾਵਟਾਂ ਦੀ ਅਸਲੀਅਤ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਨਵ-ਸਾਮਰਾਜਵਾਦ ਦੇ ਇਸ ਦੌਰ ਵਿਚ ਜਮਹੂਰੀ ਤੇ ਲੋਕ ਪੱਖੀ ਅੰਦੋਲਨਾਂ ਦੀਆਂ ਸੰਭਾਵਨਾਵਾਂ ਵੀ ਪਹਿਲਾਂ ਨਾਲੋਂ ਵੱਧ ਗਈਆਂ ਹਨ ਪਰ ਨਵ-ਸਾਮਰਾਜਵਾਦ ਦੇ ਸਵਾਲਾਂ ਨੂੰ ਉੱਤਰ-ਆਧੁਨਿਕਤਾਵਾਦ ਦੁਆਰਾ ਵੱਖ-ਵੱਖ ਢੰਗਾਂ ਨਾਲ ਦਬਾਇਆ ਤੇ ਨਕਾਰਿਆ ਜਾ ਰਿਹਾ ਹੈ। ਪ੍ਰਸਿੱਧ ਅਰਥ ਸ਼ਾਸਤਰੀ ਤੇ ਨੋਬਲ ਪੁਰਸਕਾਰ ਜੇਤੂ ਅਮ੍ਰਤਿਆ ਸੇਨ ਦੇ ਸ਼ਬਦਾਂ ਵਿਚ "ਭਾਰਤ ਦੇ ਬਹੁਤ ਸਾਰੇ ਪਰੰਪਰਾਗਤ ਸਮੂਹਾਂ ਵਿਚ ਔਰਤਾਂ, ਲੜਕੀਆਂ ਅਤੇ ਸਮੂਹਿਕ ਜੀਵਨ ਵਿਚ ਸਮਾਜ ਦੇ ਸਭ ਤੋਂ ਹੇਠਲੇ ਪੱਧਰ 'ਤੇ ਜੀਣ ਵਾਲੇ ਲੋਕਾਂ 'ਤੇ ਪੈਣ ਵਾਲੇ ਦਬਾਵਾਂ ਅਤੇ ਹੋਣ ਵਾਲੇ ਅੱਤਿਆਚਾਰਾਂ ਨੂੰ ਅਜਿਹਾ ਸਿਧਾਂਤਕ ਜਾਮਾ ਪਹਿਨਾਇਆ ਜਾ ਰਿਹਾ ਹੈ, ਜਿਸ ਕਾਰਨ ਸਾਮਰਾਜਵਾਦ ਅਤੇ ਪੂੰਜੀਵਾਦ ਦੁਆਰਾ ਸ਼ੋਸ਼ਿਤ ਲੋਕ ਇਸ ਵਿਰੋਧ ਨੂੰ ਸਵੀਕਾਰ ਕਰ ਰਹੇ ਹਨ ਅਤੇ ਉਹ ਖੁਸ਼ਫਹਿਮੀ ਵਿਚ ਜੀਅ ਰਹੇ ਹਨ।" ਅੱਜ ਦੇ ਸਮੇਂ ਵਿਚ ਦੁਨੀਆ ਵਿਚ ਬਹੁਗਿਣਤੀ ਲੋਕਾਂ ਦੀ ਜ਼ਿੰਦਗੀ ਦੇ ਬੁਨਿਆਦੀ ਸਵਾਲਾਂ ਦਾ ਜਵਾਬ ਉਤਰ ਆਧੁਨਿਕਤਾਵਾਦ ਕੋਲ ਨਹੀਂ ਹੈ। ਇਸ ਸਵਾਲ ਮਾਰਕਸਵਾਦੀ ਸਿਧਾਂਤ ਅਤੇ ਵਿਹਾਰ ਨਾਲ ਹੀ ਜੁੜੇ ਹੋਏ ਹਨ। ਨਵ-ਸਾਮਰਾਜਵਾਦ ਦੇ ਇਸ ਬੇਹੱਦ ਭਿਆਨਕ ਅਤੇ ਦਬਾਅ ਵਾਲੇ ਸਮੇਂ ਵਿਚ ਮਾਰਕਸਵਾਦ ਹੀ ਇਹਨਾਂ ਸਵਾਲਾਂ ਨੂੰ ਸਮਝ ਅਤੇ ਇਹਨਾਂ ਦਾ ਕੋਈ ਸਾਰਥਕ ਹੱਲ ਲੱਭ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਮਾਰਕਸਵਾਦ ਜਮਾਤੀ ਸਮਾਜ ਨੂੰ ਸਮਝਣ ਅਤੇ ਇਸਨੂੰ ਬਦਲਣ ਦਾ ਸਿਧਾਂਤ ਹੈ।

ਉਤਰ-ਆਧੁਨਿਕਤਾਵਾਦ ਆਪਣੇ ਆਪ ਵਿਚ ਇਕ ਵਿਵਾਦ-ਪੂਰਨ ਅਤੇ ਉਲਝਾਉਣ ਵਾਲਾ ਸ਼ਬਦ ਹੈ। ਇਸਦੇ ਆਗ਼ਾਜ਼ ਬਾਰੇ ਵੀ ਸਾਨੂੰ ਸਹੀ ਰੂਪ ਵਿਚ ਧਾਰਨਾਵਾਂ ਨਹੀਂ ਮਿਲਦੀਆਂ ਹਨ। ਜਿਥੇ ਉਤਰ-ਆਧੁਨਿਕਤਵਾਦ ਦਾ ਆਰੰਭ ਟੌਮਸ ਡੌਚਰਟ ਅਨੁਸਾਰ ਵੀਹਵੀਂ ਸਦੀ ਵਿਚਲੇ ਦੋ ਮਹਾਂ-ਯੁੱਧਾਂ ਵਿਚਕਾਰਲੇ ਸਮੇਂ ਦੌਰਾਨ ਜੋੜਿਆ ਜਾਂਦਾ ਹੈ, ਉਥੇ ਕਈ ਚਿੰਤਕਾਂ ਵਲੋਂ ਇਸਦੇ ਆਰੰਭ ਨੂੰ ਸੱਤਵਿਆਂ ਵਿਚ ਪੈਰਸ ਦੀ ਵਿਦਿਆਰਥੀ ਲਹਿਰ ਨਾਲ ਵੀ ਜੋੜ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਉਤਰ ਆਧੁਨਿਕਤਾਵਾਦ ਪੱਛਮ ਵਿਚਲੇ ਅਨਲਾਈਟਨਮੈਂਟ (Enlightment) ਦੇ ਚਿੰਤਨ ਦੇ ਵਿਰੋਧ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ ਮੰਨਿਆ ਜਾਂਦਾ ਹੈ। ਉੱਤਰ-ਆਧੁਨਿਕਤਾ ਅਨੁਸਾਰ ਸਮਕਾਲੀ ਵਿਸ਼ਵ ਵਿਚ ਬੜੇ ਵੱਡੇ-ਵੱਡੇ ਪਰਿਵਰਤਨ ਹੋ ਰਹੇ ਹਨ ਅਤੇ ਇਹ ਵਰਤਮਾਨ ਸਮੇਂ ਦੇ ਪਰਿਵਰਤਨਾਂ ਅਤੇ ਵਿਲੱਖਣਤਾਵਾਂ ਵੱਲ ਸਾਡਾ ਧਿਆਨ ਖਿੱਚਦਾ ਹੈ। ਇਸ ਅਨੁਸਾਰ ਜਿਉਂ ਜਿਉਂ ਨਵੀਂ ਤਕਨੀਕ ਜੀਵਨ ਦੇ ਹਰ ਪੱਖ ਵਿਚ ਪਰਿਵਰਤਨ ਲਿਆਉਂਦੀ ਹੈ, ਤਿਉਂ-ਤਿਉਂ ਸੱਭਿਆਚਾਰ, ਆਰਥਿਕਤਾ ਤੋਂ ਲੈ ਕੇ ਨਿਜੀ ਪਛਾਣ ਤੱਕ ਦੇ ਖੇਤਰਾਂ ਵਿਚ ਵੀ ਤਬਦੀਲੀ ਵਾਪਰਦੀ ਹੈ। ਉਤਰ ਆਧੁਨਿਕਤਾਵਾਦ ਦੇ ਪ੍ਰਮੁੱਖ ਚਿੰਤਕ ਨੀਤਸ਼ੇ, ਫੈਨਨ, ਡੈਨੀਅਲ ਬੈਲ, ਗਾਲਬ੍ਰੈਥ, ਫੂਕੋਯਾਮਾ, ਬਾਤੱਈ, ਦੈਰੀਦਾ, ਦੇਲਿਊਜ਼, ਗਾਟਰੀ, ਲਿਉਤਾਰਦ, ਬੌਦਰੀਲਾਰਦ, ਬੋਰਦੋ, ਫ਼ਰੈਡਰਿਕ ਜੇਮਸਨ, ਇਰਿਗੈਰੇ, ਸਿਖੂ ਆਦਿ ਨੂੰ ਮੰਨਿਆ ਜਾਂਦਾ ਹੈ।

ਉਤਰ ਆਧੁਨਿਕਤਾਵਾਦ ਅਨੁਸਾਰ ਹੁਣ ਅਸੀਂ ਇਕ ਅਜਿਹੇ ਸੰਸਾਰ ਵਿਚੋਂ ਗੁਜ਼ਰ ਰਹੇ ਹਾਂ ਜਿਥੇ

ਸਮਾਜ-ਵਿਗਿਆਨਾਂ ਦੀਆਂ ਧਾਰਨਾਵਾਂ ਤਰਕ ਸੰਗਤ ਨਹੀਂ ਰਹੀਆਂ, ਇਸ ਕਰਕੇ ਇਹਨਾਂ ਧਾਰਨਾਵਾਂ ਵਿਚ ਪਰਿਵਤਨ ਦੀ ਲੋੜ ਹੈ। ਇਸ ਦੇ ਨਾਲ ਹੀ ਉਤਰ ਆਧੁਨਿਕਤਾਵਾਦੀਆਂ ਦੀ ਧਾਰਨਾ ਹੈ ਕਿ ਆਪਣਾ ਕੋਈ ਫੈਸਲਾ ਨਾ ਸੁਣਾਓ ਕਿ ਕੀ ਗਲਤ ਹੈ ਜਾਂ ਕੀ ਠੀਕ ਹੈ, ਜੋ ਚੀਜ਼ ਜਿਵੇਂ ਹੈ, ਉਸ ਨੂੰ ਉਵੇਂ ਹੀ ਸਵੀਕਾਰ ਕਰੋ। ਲਿਉਤਾਰਦ ਦਾ ਵਿਚਾਰ ਹੈ ਕਿ ਆਧੁਨਿਕਤਾਵਾਦੀਆਂ ਨੇ ਵਿਗਿਆਨ ਅਤੇ ਫਲਸਫੇ ਦਾ ਜੋ ਮਿਸ਼ਰਣ ਕਰ ਦਿੱਤਾ ਹੈ ਉਸ ਨੂੰ ਤਿਆਗਣ ਦੀ ਲੋੜ ਹੈ। ਉਹ ਅੱਗੇ ਕਹਿੰਦਾ ਹੈ ਕਿ ਸਾਨੂੰ ਸੱਚਾਈ ਦਾ ਅਨੁਸਰਣ ਕਰਨ ਦੀ ਬਜਾਏ ਉਤਰ-ਆਧੁਨਿਕਤਾ ਦੇ ਅਨਿਸ਼ਚਿਤਤਾ ਦੇ ਹਾਲਾਤਾਂ ਨੂੰ ਅਪਨਾ ਲੈਣਾ ਚਾਹੀਦਾ ਹੈ। ਉਤਰ-ਆਧੁਨਿਕਤਾਵਾਦ ਅਨੁਸਾਰ ਵਿਗਿਆਨ ਨੇ ਮਨੁੱਖ ਨੂੰ ਧੋਖਾ ਦਿੱਤਾ ਹੈ। ਇਸ ਨੇ ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਮਨੁੱਖ ਲਈ ਹੋਰ ਤਕਲੀਫਾਂ ਲਿਆ ਖੜ੍ਹੀਆਂ ਕੀਤੀਆਂ ਹਨ। ਉਤਰ ਆਧੁਨਿਕਤਾਵਾਦੀ ਉਤਰ ਉਦਯੋਗਿਕ ਸਮਾਜ ਵਿਚ ਵਿਸ਼ਵਾਸ ਰੱਖਦੇ ਹਨ। ਉੱਤਰ ਉਦਯੋਗਿਕ ਸਮਾਜ ਵੀਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਦੀ ਧਾਰਨਾ ਹੈ। ਇਹ ਨਵੇਂ ਸੇਵਾ (Service) ਉਦਯੋਗਾਂ ਜਿਵੇਂ ਅਮਰੀਕਾ ਵਿਚ ਵਪਾਰ, ਵਿਤ, ਢੋ-ਢੁਆਈ, ਸਿਹਤ, ਖੋਜ ਆਦਿ ਅਤੇ ਉਤਪਾਦਨ ਸੰਬੰਧੀ ਗਿਆਨ, ਖਪਤ ਅਤੇ ਵਿਹਲ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਇਹਨਾਂ ਸਾਰੇ ਪੱਖਾਂ ਵਿਚ ਆਏ ਪਰਿਵਰਤਨਾਂ ਦੇ ਸਿੱਟੇ ਵਜੋਂ ਪੂੰਜੀਵਾਦੀ ਪੇਸ਼ਾਵਰਾਨਾਂ ਪ੍ਰਬੰਧਕਾਂ (Profesional Manager) ਨੂੰ ਇਖਤਿਆਰ ਸੌਂਪ ਦਿੱਤੇ ਗਏ ਹਨ। ਪੂੰਜੀਪਤੀ ਆਪਣੇ ਸੰਗਠਨਾਂ ਨੂੰ ਚਲਾਉਣ ਲਈ ਪੇਸ਼ਾਵਰ ਪ੍ਰਬੰਧਕਾਂ ਨੂੰ ਨੌਕਰੀ 'ਤੇ ਰੱਖ ਰਹੇ ਹਨ ਅਤੇ ਉਤਪਾਦਨ ਖਪਤ ਅਤੇ ਵਿਹਲ ਬਾਰੇ ਜਾਣਕਾਰੀ ਹੋਣ ਕਰਕੇ ਪੇਸ਼ਾਵਰਾਨਾਂ ਪ੍ਰਬੰਧਕਾਂ ਨੂੰ ਇਖਤਿਆਰ ਪ੍ਰਾਪਤ ਹੋ ਰਹੇ ਹਨ। ਅਜਿਹਾ ਕਰਦਿਆਂ ਉਤਰ ਆਧੁਨਿਕਤਾਵਾਦੀ ਚਿੰਤਕ ਜਾਂ ਤਾਂ ਮਾਰਕਸਵਾਦ ਨੂੰ ਮੂਲੋਂ ਹੀ ਰੱਦ ਦਿੰਦੇ ਹਨ ਅਤੇ ਜਾਂ ਫਿਰ ਮਾਰਕਸੀ ਧਾਰਨਾਵਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ।

ਅਜੋਕੇ ਵਿਸ਼ਵੀਕਰਨ ਅਤੇ ਉਦਾਰੀਕਰਨ ਦੇ ਸਮੇਂ ਦੌਰਾਨ ਜਦੋਂ ਸਮਾਜਿਕ ਯਥਾਰਥ ਅਤਿਅੰਤ ਗਰੀਬੀ, ਭੁੱਖਮਰੀ, ਅਨਿਆਂ ਅਤੇ ਹੋਰ ਬਹੁਤ ਸਾਰੇ ਤਨਾਵਾਂ ਨਾਲ ਭਰਿਆ ਪਿਆ ਹੈ ਤਾਂ ਇਸ ਸਮੇਂ ਦੌਰਾਨ ਉਤਰਆਧੁਨਿਕਤਾਵਾਦੀ ਜਮਾਤੀ ਅਤੇ ਲੋਕ ਸੰਘਰਸ਼ਾਂ ਰਾਹੀਂ ਸਮਾਜ ਨੂੰ ਬਦਲਣ ਵਿਚ ਕੋਈ ਵਿਸ਼ਵਾਸ ਨਹੀਂ ਰਖਦੇ। ਉਹ ਮੌਜੂਦਾ ਨਵ-ਸਾਮਰਾਜਵਾਦੀ ਸਥਿਤੀਆਂ ਵਿਚ ਦਖਲ ਦੇਣ ਦੇ ਵਿਰੁੱਧ ਹਨ। ਜਦੋਂ ਕਿ ਹਕੀਕਤ ਇਹ ਹੈ ਕਿ ਕਰੋੜਾਂ ਲੋਕ ਅਜੋਕੀਆਂ ਮਾਰੂ ਸਥਿਤੀਆਂ ਵਿਚੋਂ ਬਾਹਰ ਨਿਕਲਣ ਲਈ ਚਿੰਤਕਾਂ ਅਤੇ ਬੁੱਧੀਜੀਵੀਆਂ ਤੋਂ ਸਹੀ ਅਗਵਾਈ ਦੀ ਮੰਗ ਕਰਦੇ ਹਨ। ਪਰ ਇਹ ਉਤਰ-ਆਧੁਨਿਕਤਾਵਾਦੀ ਚਿੰਤਕ ਦਿਸ਼ਾਹੀਣਤਾ, ਉਦੇਸ਼ਹੀਣਤਾ ਅਤੇ ਬੁਨਿਆਦੀ ਪਰਿਵਰਤਨ ਦੀ ਅਣਹੋਂਦ ਨੂੰ ਸਵੀਕਾਰ ਕਰੀ ਬੈਠੇ ਹਨ। ਉਹ ਨਵ-ਸਾਮਰਾਜਵਾਦ ਦੇ ਸਿੱਟੇ ਵਜੋਂ ਵਾਪਰ ਰਹੀਆਂ ਸਮਾਜਿਕ ਘਟਨਾਵਾਂ ਨੂੰ ਇਤਿਹਾਸ ਤੋਂ ਤੋੜ ਕੇ ਵੇਖਣ ਦਾ ਯਤਨ ਕਰਦੇ ਹਨ। ਉਹਨਾਂ ਅਨੁਸਾਰ ਹੁਣ ਇਕ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਕਿ ਇਸ ਦਾ ਭੂਤ ਨਾਲੋਂ ਤੋੜ-ਵਿਛੋੜਾ ਲਾਜ਼ਮੀ ਹੋ ਗਿਆ ਹੈ। ਉਹ ਖਪਤ ਸੱਭਿਆਚਾਰ, ਬਹੁਲਤਾਵਾਦ ਅਤੇ ਫੁਟਕਲਵਾਦ ਨੂੰ ਉਭਾਰ ਕੇ ਵਿਗਿਆਨਕ ਬੋਧ ਨੂੰ ਨਕਾਰ ਜਾਂਦੇ ਹਨ ਅਤੇ ਆਲੌਕਿਕ ਘਟਨਾਵਾਂ ਨੂੰ ਪੇਸ਼ ਕਰਨ ਦਾ ਯਤਨ ਕਰਦੇ ਹਨ।

ਉਤਰ ਆਧੁਨਿਕਤਾਵਾਦ ਨੇ ਪੱਛਮ ਦੇ ਮਾਰਕਸੀ ਬੁੱਧੀਜੀਵੀਆਂ 'ਤੇ ਕਾਫ਼ੀ ਪ੍ਰਭਾਵ ਪਾਇਆ ਹੈ ਅਤੇ ਇਸ ਦੀ ਨਕਲ ਪੂਰੇ ਵਿਸ਼ਵ ਦੇ ਬੁੱਧੀਜੀਵੀ ਕਰ ਰਹੇ ਹਨ। ਉਤਰ ਆਧੁਨਿਕਤਾਵਾਦੀ ਬੁੱਧੀਜੀਵੀ ਮਾਰਕਸਵਾਦ ਦੇ ਅੰਤ ਜਾਂ ਫੇਲ੍ਹ ਹੋ ਜਾਣ ਦੀਆਂ ਘੋਸ਼ਣਾਵਾਂ ਕਰਦੇ ਹੋਏ ਉਤਰ ਆਧੁਨਿਕਤਾਵਾਦ ਨੂੰ ਮਾਰਕਸਵਾਦ ਦੇ ਵਿਰੋਧੀ (Antithesis) ਅਤੇ ਇਸ ਨਾਲੋਂ ਵਿਕਸਤ ਵਿਚਾਰਧਾਰਾ ਜਾਂ ਅਵਸਥਾ ਦੇ ਤੌਰ 'ਤੇ ਉਭਾਰ ਰਹੇ ਹਨ। ਇਥੇ ਹੀ ਬਸ ਨਹੀਂ ਸਾਹਿਤ ਦੇ ਖੇਤਰ ਵਿਚ ਜਿਨ੍ਹਾਂ ਸਾਹਿਤ ਸਿਧਾਂਤਾਂ ਉੱਪਰ ਮਾਰਕਸਵਾਦ ਦਾ ਬਹੁਤ ਜ਼ਿਆਦਾ ਪ੍ਰਭਾਵ ਰਿਹਾ ਹੈ ਉਸ ਪ੍ਰਭਾਵ ਨੂੰ ਉਤਰ-ਆਧੁਨਿਕਤਾਵਾਦ ਦੇ ਨਾਂ 'ਤੇ ਕਦੇ ਖ਼ਤਮ ਕਰਨ ਅਤੇ ਕਦੇ ਅਪਨਾਉਣ ਵਰਗੀਆਂ ਦੋਗਲੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ।



ਪ੍ਰੋ. ਰਣਧੀਰ ਸਿੰਘ ਅਨੁਸਾਰ "ਉਤਰ-ਆਧੁਨਿਕਤਾਵਾਦ ਉਹ ਦਰਸ਼ਨ ਜਾਂ ਸਮਾਜਿਕ ਸਿਧਾਂਤ ਹੈ, ਜੋ ਮੌਜੂਦਾ ਪੂੰਜੀਵਾਦੀ ਸੰਸਾਰ ਦੇ ਕਠੋਰ ਯਥਾਰਥ ਦਾ ਸਾਹਮਣਾ ਕਰਨ ਵਿਚ ਸਾਨੂੰ ਕੋਈ ਸਹਿਯੋਗ ਨਹੀਂ ਦਿੰਦਾ। ਇਸ ਸਿਧਾਂਤ ਦਾ ਬਹੁਤ ਕੁਝ ਇਕ ਫ਼ੈਸ਼ਨ ਦੀ ਤਰ੍ਹਾਂ ਆਇਆ ਹੈ ਅਤੇ ਫ਼ੈਸ਼ਨ ਪਰਿਵਰਤਨਸ਼ੀਲ ਹੁੰਦੇ ਹਨ। ਅੱਜ ਤੋਂ ਕੁਝ ਸਮਾਂ ਬਾਅਦ ਉਤਰ ਆਧੁਨਿਕਤਾਵਾਦ ਵੀ ਕੁਝ ਨਿਸ਼ਚਿਤ ਕੁਲੀਨ ਬੁੱਧੀਜੀਵੀਆਂ ਦੀ ਬੌਧਿਕ ਮੰਡਲੀ ਵਿਚ ਕਿਸੇ ਸੰਦਰਭ ਲਈ ਵਿਸ਼ੇਸ਼ ਬਿੰਦੂ ਨਹੀਂ ਰਹੇਗਾ। ਆਪਣੀ ਰਾਜਨੀਤਕ ਨਿਪੁੰਸਕਤਾ ਅਤੇ ਬੋਲੇਪਨ ਕਾਰਨ ਇਹ ਸਿਧਾਂਤ ਦਾਰਸ਼ਨਿਕ ਪੱਖ ਤੋਂ ਬਹੁਤ ਕਮਜ਼ੋਰ ਹੈ। ਇਸ ਕੋਲ ਮਾਰਕਸਵਾਦ ਦੀ ਤਰ੍ਹਾਂ ਬੌਧਿਕ ਟਿਕਾਊ ਸ਼ਕਤੀ ਨਹੀਂ ਹੈ।"

ਅੱਜ ਦੇ ਉਤਰ-ਪੂੰਜੀਵਾਦ ਦਾ ਅਰਥ ਜਨਤਾ ਦਾ ਵਧਦਾ ਹੋਇਆ ਆਰਥਿਕ ਸ਼ੋਸ਼ਣ ਹੈ, ਧਰਤੀ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਵੱਧ ਤੋਂ ਵੱਧ ਵਿਨਾਸ਼ਕਾਰੀ ਲੁੱਟ ਹੈ, ਵਿਸ਼ਵਵਿਆਪੀ ਨੈਤਿਕਤਾ, ਸਭਿਆਚਾਰ ਅਤੇ ਵਾਤਾਵਰਣ ਦਾ ਸਰਵਨਾਸ਼ ਹੈ। ਪਰ ਉਤਰ ਆਧੁਨਿਕਤਾ ਜਨਤਾ ਨੂੰ ਇਹ ਸਭ ਵੇਖਣ ਤੋਂ ਰੋਕ ਰਹੀ ਹੈ। ਇਸ ਕੋਲ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਾ ਹੋਣ ਕਰਕੇ ਇਹ ਇਕ ਪ੍ਰਤੀਕ੍ਰਿਆਵਾਦੀ ਸਿਧਾਂਤ ਹੈ। ਅਮਰੀਕਾ ਦੀ ਪ੍ਰਸਿੱਧ ਚਿੰਤਕ ਈ. ਐੱਮ. ਵੁੱਡ ਆਪਣੀ ਪ੍ਰਸਿੱਧ ਪੁਸਤਕ 'ਓਰੀਜਨ ਆਫ਼ ਕੈਪੀਟਲਿਜ਼ਮ' ਵਿਚਲੇ ਲੇਖ ਮੌਡਰਨਿਟੀ ਐਂਡ ਪੋਸਟ ਮੌਡਰਨਿਟੀ ਵਿਚ ਉਤਰ ਆਧੁਨਿਕਤਾਵਾਦ ਦੀਆਂ ਵਿਸ਼ੇਸ਼ਤਾਵਾਂ ਬਾਰੇ ਲਿਖਦੀ ਹੈ ਕਿ "ਉਤਰਆਧੁਨਿਕਤਾਵਾਦ ਨੇ ਗਿਆਨਾਤਮਕ ਸੰਦੇਹਵਾਦ, ਵਿਆਖਾਤਮਕ ਖੰਡਨਵਾਦ ਅਤੇ ਇਤਿਹਾਸਕ ਸਿਰਫ਼ਵਾਦ ਨੂੰ ਅੰਗੀਕਾਰ ਕਰਦੇ ਹੋਏ ਸਾਪੇਖਤਾਵਾਦ ਦੇ ਨਵੇਂ ਰੂੜੀਵਾਦ ਨੂੰ ਜਨਮ ਦਿੱਤਾ ਹੈ। ਇਸ ਨੇ ਬਹੁਤ ਸਾਰੀਆਂ ਪੁਰਾਣੀਆਂ ਰੂੜੀਆਂ ਨੂੰ ਪੁਨਰ-ਜੀਵਤ ਤੇ ਪੁਨਰ ਸਥਾਪਤ ਕੀਤਾ ਹੈ। ਦੁਨੀਆ ਨੂੰ ਵੇਖਣ, ਜਾਣਨ ਅਤੇ ਕਰਮ ਕਰਨ ਦਾ ਇਕ ਅਜਿਹਾ ਰਸਤਾ ਵਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਥੇ ਯਥਾਰਥ ਦੀ ਗੱਲ ਕਰਨਾ ਪੁਰਾਣੀ ਮੂਰਖ਼ਤਾ ਹੈ।" ਅਸੀਂ ਕਹਿ ਸਕਦੇ ਹਾਂ ਕਿ ਉਤਰ ਆਧੁਨਿਕਤਾਵਾਦ ਸਾਡੇ ਸਮਿਆਂ ਵਿਚ ਸਮਾਜਵਾਦ ਦੀਆਂ ਯੋਜਨਾਵਾਂ ਦੇ ਪਤਨ ਦੇ ਸਿੱਟੇ ਵਜੋਂ ਪੈਦਾ ਹੋਈ ਮੋਹਭੰਗ ਦੀ ਸਥਿਤੀ ਨੂੰ ਰੂਪਮਾਨ ਕਰਦਾ ਹੈ। ਇਹ ਨਵ-ਸਾਮਰਾਜਵਾਦੀ ਸੱਤਾ ਦੇ ਸਾਹਮਣੇ ਬੁੱਧੀਜੀਵੀਆਂ ਦੀ ਹਾਰ ਦਾ ਸਿਧਾਂਤ ਹੈ।

ਇਕ ਦਿਲਚਸਪ ਤੱਥ ਇਹ ਹੈ ਕਿ ਕੁਝ ਮੌਲਿਕ ਅਤੇ ਪਮੁੱਖ ਉਤਰ ਆਧੁਨਿਕਤਾਵਾਦੀ ਚਿੰਤਕਾਂ ਨੇ ਮਾਰਕਸਵਾਦ ਜਾਂ ਸਮਾਜਵਾਦ ਦੇ ਵਿਰੋਧ ਵਿਚ ਆਲੋਚਨਾ ਕੀਤੀ ਪਰ ਇਹ ਚਿੰਤਕ ਕਿਸੇ ਸਮੇਂ-ਖੁਦ ਮਾਰਕਸਵਾਦੀ ਜਾਂ ਮਾਰਕਵਾਦ ਦੇ ਕਰੀਬੀ ਰਹੇ ਹਨ। ਖੱਬੇ-ਪੱਖੀ ਬੁੱਧੀਜੀਵੀਆਂ ਦੇ ਬੌਧਿਕ ਜੀਵਨ ਚਰਿੱਤਰ ਵਿਚ ਵਾਪਰੀ ਇਹ ਘਟਨਾ ਸਾਡਾ ਧਿਆਨ ਉੱਤਰ ਆਧੁਨਿਕਤਾਵਾਦ ਦੇ ਇਕ ਖ਼ਾਸ ਮਨੋਵਿਗਿਆਨਕ ਪੱਖ ਵੱਲ ਖਿਚਦੀ ਹੈ। ਇਸਦਾ ਸਿੱਧਾ ਜਾਂ ਅਸਿੱਧਾ ਮਤਲਬ ਇਹ ਹੈ ਕਿ ਇਸ ਨੇ ਅਜੋਕੇ ਨਵ-ਸਾਮਰਾਜਵਾਦ ਤੋਂ ਬਹੁਤ ਕੁਝ ਲੈਣਾ ਹੈ। ਫ਼ਰੈਡਰਿਕ ਜੇਮਸਨ ਵਰਗੇ ਵਿਦਵਾਨਾਂ ਨੇ ਇਸਨੂੰ ਪੂੰਜੀਵਾਦ ਦੀ ਸਭਿਆਚਾਰਕ ਅਭਿਵਿਅਕਤੀ ਦੇ ਰੂਪ ਵਿਚ ਵੇਖਿਆ ਹੈ। ਹਾਕੀਜ ਨੇ ਆਪਣੇ ਚਿੰਤਨ ਵਿਚ ਉੱਤਰਆਧੁਨਿਕਤਾਵਾਦ ਨੂੰ ਪਰਿਭਾਸ਼ਤ ਤੇ ਖਾਰਜ ਕਰਦੇ ਹੋਏ ਲਿਖਿਆ ਹੈ "ਉਤਰ-ਆਧੁਨਿਕਤਾਵਾਦ ਉਪਭੋਗੀ-ਪੂੰਜੀਵਾਦ ਦੀ ਵਿਚਾਰਧਾਰਾ ਤੋਂ ਵੱਧ ਕੁਝ ਵੀ ਨਹੀਂ ਹੈ।" ਹਾਕੀਜ ਨੇ ਅਗਾਂਹ ਲਿਖਿਆ ਹੈ ਕਿ "ਵੀਹਵੀਂ ਸਦੀ ਦੇ ਛੇਵੇਂ ਦਹਾਕੇ ਅਤੇ ਉਸ ਤੋਂ ਬਾਅਦ ਵਾਲੇ ਸਮੇਂ ਦੇ ਬੁੱਧੀਜੀਵੀਆਂ 'ਤੇ ਇਸ ਨੇ ਕਾਫ਼ੀ ਅਸਰ ਪਾਇਆ ਹੈ। ਇਹਨਾਂ ਬੁੱਧੀਜੀਵੀਆਂ ਨੇ ਆਪਣੀ ਕ੍ਰਾਂਤੀਕਾਰੀ ਆਸਥਾ ਨੂੰ ਗੁਆ ਕੇ ਬੁਰਜੂਆ ਵਿਸ਼ਵ, ਜਿਥੇ ਉਹ ਰਹਿੰਦੇ ਹਨ, ਨਾਲ ਸ਼ਾਂਤੀਪੂਰਨ ਸਮਝੌਤਾ ਕਰਨ ਦੀ ਮਾਨਸਿਕਤਾ ਨੂੰ ਅਖ਼ਤਿਆਰ ਕਰ ਲਿਆ ਹੈ।"

ਇਸ ਤਰ੍ਹਾਂ ਉਤਰ ਆਧੁਨਿਕਤਾਵਾਦ ਅਜੋਕੇ ਬੁੱਧੀਜੀਵੀਆਂ ਦੀ ਸੋਚ ਦੀ ਇਕ ਮਹੱਤਵਪੂਰਨ ਪ੍ਰਵਿਰਤੀ ਹੈ। ਇਹੀ ਕਾਰਨ ਹਨ ਕਿ ਮਾਰਕਸਵਾਦੀ ਬੁੱਧੀਜੀਵੀਆਂ ਦਾ ਇਕ ਹਿੱਸਾ ਉਤਰ-ਮਾਰਕਸਵਾਦ ਦੇ ਰਸਤਿਓਂ ਉਤਰ-ਆਧੁਨਿਕਤਾਵਾਦ ਵੱਲ ਰੁਚਿਤ ਹੋਇਆ ਹੈ। ਪੱਛਮ ਅਤੇ ਤੀਸਰੀ ਦੁਨੀਆ ਦੇ ਕਈ

ਬੁੱਧੀਜੀਵੀ ਮੋਹਭੰਗ ਜਾਂ ਅਸੰਤੋਖ ਦੀ ਸਥਿਤੀ ਵਿਚ ਉਤਰ ਆਧੁਨਿਕਤਾਵਾਦ ਦੇ ਫੈਸ਼ਨ ਵੱਲ ਖਿੱਚੇ ਜਾ ਰਹੇ ਹਨ। ਇਸ ਨੂੰ ਵਿਸ਼ੇਸ਼ ਬੌਧਿਕ ਹਲਕਿਆਂ ਵਿਚ ਸਰਵਵਿਆਪੀ ਅਤੇ ਪ੍ਰਭਾਵਸ਼ਾਲੀ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ, ਜਦੋਂ ਕਿ ਅਜੋਕੀਆਂ ਪ੍ਰਸਥਿਤੀਆਂ ਉਤਰ ਆਧੁਨਿਕਤਾਵਾਦ ਦੀਆਂ ਨਹੀਂ ਬਲਕਿ ਭੌਤਿਕਵਾਦੀ ਵਿਆਖਿਆ ਦੀ ਮੰਗ ਕਰਦੀਆਂ ਹਨ। ਮਨੁੱਖੀ ਇਤਿਹਾਸ ਵਿਚ ਜੋ ਨਵੀਆਂ ਸਭਿਆਚਾਰਕ ਤਬਦੀਲੀਆਂ ਵਾਪਰੀਆਂ ਹਨ ਉਹ ਇਹਨਾਂ ਸਭਿਆਚਾਰਕ ਤਬਦੀਲੀਆਂ ਦੀਆਂ ਬੁਨਿਆਦਾਂ ਇਤਿਹਾਸਕ ਭੌਤਿਕਵਾਦ ਵਿਚ ਹੀ ਸਪੱਸ਼ਟ ਹੋ ਸਕਦੀਆਂ ਹਨ ਨਾ ਕਿ ਉਤਰ ਆਧੁਨਿਕਤਾਵਾਦ ਵਿਚ। ਭੌਤਿਕਵਾਦੀ ਸਮਝ ਹੀ ਸਭਿਆਚਾਰ ਨੂੰ ਸੰਕੀਰਣਤਾ ਤੋਂ ਮੁਕਤ ਕਰਨ ਦੀ ਦਿਸ਼ਾ ਵਿਚ ਜ਼ਰੂਰੀ ਕਦਮ ਹੈ।

ਅੱਜ ਜਦੋਂ ਫ਼ਾਸ਼ੀਵਾਦ ਵਰਗੇ ਗੰਭੀਰ ਮੁੱਦੇ ਭਾਰਤ ਵਿਚ ਆਪਣਾ ਸਿਰ ਚੁੱਕੀ ਖੜ੍ਹੇ ਹਨ ਤਾਂ ਇਸ ਸਮੇਂ ਫ਼ਾਸ਼ੀਵਾਦ, ਰਾਸ਼ਟਰਵਾਦ ਅਤੇ ਲੋਕ ਪੱਖੀ ਰਾਸ਼ਟਰਵਾਦ ਵਿਚਲੇ ਅੰਤਰ ਨੂੰ ਸਮਝਣ ਲਈ ਮਾਰਕਸਵਾਦ ਹੀ ਸਭ ਤੋਂ ਸਹਾਈ ਹੋ ਸਕਦਾ ਹੈ। ਇਸ ਤੋਂ ਇਲਾਵਾ ਅੱਜ ਜਦੋਂ 'ਵਿਸ਼ਵ ਸਭਿਆਚਾਰ' ਦੇ ਨਾਂ ਉਤੇ ਨਵ-ਸਾਮਰਾਜਵਾਦੀ ਸਭਿਆਚਾਰ ਅਤੇ ਧਾਰਮਿਕ ਸਭਿਆਚਾਰ ਦਾ ਭਾਰੀ ਹਮਲਾ ਹੋ ਰਿਹਾ ਹੈ ਤਾਂ ਅਜਿਹੇ ਸਮੇਂ ਵਿਚ ਮਾਰਕਸਵਾਦ ਦੀ ਮਹੱਤਤਾ ਸਾਡੇ ਲਈ ਹੋਰ ਵੀ ਵਧ ਜਾਂਦੀ ਹੈ। ਲੰਘ ਰਹੇ ਸਮੇਂ ਦੇ ਨਾਲ-ਨਾਲ ਦੁਨੀਆਂ ਦੀਆਂ ਪਰਸਥਿਤੀਆਂ ਵੀ ਬਦਲ ਰਹੀਆਂ ਹਨ। ਜਿਉਂ-ਜਿਉਂ ਲੋਕ ਆਪਣੇ ਅਨੁਭਵਾਂ ਤੋਂ ਸਿੱਖਣਗੇ ਤਿਉਂ-ਤਿਉਂ ਉਹ ਮਾਰਕਸਵਾਦ ਨੂੰ ਸਹੀ ਅਰਥਾਂ ਵਿਚ ਸਮਝਣ, ਬੁਰਜੂਆ ਵਿਚਾਰਧਾਰਾ ਨੂੰ ਪੁੱਟ ਸੁੱਟਣ,ਦੁਨੀਆ ਦੇ ਯਥਾਰਥ ਨੂੰ ਜਾਨਣ ਅਤੇ ਆਪਣੀ ਭੈੜੀ ਕਿਸਮਤ ਦੇ ਅਸਲੀ ਸ੍ਰੋਤਾਂ ਨੂੰ ਖੋਜਣ ਵੱਲ ਰੁਚਿਤ ਹੋਣਗੇ। ਇਸ ਕਰਕੇ ਅੱਜ ਸਾਨੂੰ ਉਸ ਪ੍ਰਮਾਣਿਕ ਮਾਰਕਸਵਾਦ ਦੀ ਲੋੜ ਹੈ ਜੋ ਆਪਣੀਆਂ ਸੀਮਾਵਾਂ ਪ੍ਰਤੀ ਚੇਤੰਨ ਹੋਵੇ। ਇਹ ਵਿਚਾਰ ਤੇ ਵਿਹਾਰ ਦੀਆਂ ਆਲੋਚਨਾਤਮਕ ਅਤੇ ਅਸੰਤੁਸ਼ਟ ਪ੍ਰਣਾਲੀਆਂ ਲਈ ਖੁੱਲ੍ਹਾ ਹੋਵੇ। ਇਸ ਕੋਲ ਆਪਣੀਆਂ ਮਹੱਤਵਪੂਰਨ ਹਾਰਾਂ ਨੂੰ, ਖ਼ਾਸ ਕਰਕੇ ਮਾਰਕਸਵਾਦੀ ਕਹਾਉਣ ਵਾਲੇ ਸ਼ਾਸਨ ਕਾਲ ਦੌਰਾਨ ਹੋਈਆਂ ਹਾਰਾਂ ਨੂੰ ਸਮਝਣ, ਪਚਾਉਣ, ਸਿੱਖਣ ਅਤੇ ਉਹਨਾਂ ਤੋਂ ਉੱਪਰ ਉਠਣ ਦੀ ਸ਼ਕਤੀ ਹੋਣੀ ਚਾਹੀਦੀ ਹੈ।

ਅਖ਼ੀਰ ਵਿਚ ਮੈਂ ਜਾਰਜ ਲੁਕਾਚ ਦੀ ਉਹ ਟਿੱਪਣੀ ਆਪਣੇ ਪਾਠਕਾਂ ਦੇ ਰੂ-ਬ-ਰੂ ਕਰਾਂਗਾ ਜੋ ਉਸਨੇ ਆਪਣੀ ਪ੍ਰਸਿੱਧ ਪੁਸਤਕ 'ਸਟੱਡੀਜ਼ ਇਕ ਯੂਰਪੀਅਨ ਰਿਅਲਿਜ਼ਮ' ਵਿਚ ਦਰਜ ਕੀਤੀ ਸੀ। ਉਹ ਲਿਖਦਾ ਹੈ, "ਇਹ ਹਕੀਕਤ ਹੈ ਕਿ ਮਨੁੱਖੀ ਸਭਿਆਚਾਰ ਇਸ ਸਮੇਂ ਹਨੇਰੇ ਵਿਚੋਂ ਗੁਜ਼ਰ ਰਿਹਾ ਹੈ ਪਰ ਇਤਿਹਾਸ-ਦਰਸ਼ਨ ਉਪਰ ਇਹ ਜ਼ਿੰਮੇਵਾਰੀ ਆ ਜਾਂਦੀ ਹੈ ਕਿ ਉਹ ਇਸ ਗੱਲ ਦਾ ਨਿਰਣਾ ਕਰੇ ਕਿ ਜੋ ਹਨੇਰਾ ਇਸ ਸਮੇਂ ਛਾਇਆ ਹੋਇਆ ਹੈ, ਉਹ ਸਾਡੀ ਅਤੇ ਸਾਡੇ ਸਭਿਆਚਾਰ ਦੀ ਅੰਤਿਮ ਲੜੀ ਹੈ। ਭਾਵੇਂ ਅਸੀਂ ਅਤੇ ਸਾਡਾ ਸਭਿਆਚਾਰ ਇਕ ਲੰਮੀ ਤੇ ਹਨੇਰੀ ਗੁਫ਼ਾ ਵਿਚੋਂ ਗੁਜ਼ਰ ਰਹੇ ਹਾਂ ਪਰ ਅਖ਼ੀਰ ਅਸੀਂ ਇਸ ਵਿਚੋਂ ਨਿਕਲ ਹੀ ਆਵਾਂਗੇ ਅਤੇ ਇਕ ਵਾਰ ਫੇਰ ਸਾਡਾ ਟਾਕਰਾ ਚਾਨਣ ਨਾਲ ਹੋਵੇਗਾ। ਬੁਰਜੂਆ ਸੁਹਜਸ਼ਾਸਤਰੀਆਂ ਦਾ ਵਿਚਾਰ ਹੈ ਕਿ ਇਸ ਹਨੇਰੇ ਦੇ ਚੁੰਗਲ ਵਿਚੋਂ ਨਿਕਲਣ ਦਾ ਕੋਈ ਰਸਤਾ ਨਹੀਂ ਬਚਿਆ, ਜਦੋਂ ਕਿ ਮਾਰਕਸੀ-ਇਤਿਹਾਸ-ਦਰਸ਼ਨ ਮਨੁੱਖਤਾ ਦੇ ਵਿਕਾਸ ਦੀ ਵਿਵਸਥਾ ਦੇ ਕ੍ਰਮ ਵਿਚ ਇਹ ਸਿੱਟਾ ਕੱਢਦਾ ਹੈ ਕਿ ਅਜਿਹਾ ਹੋ ਨਹੀਂ ਸਕਦਾ ਕਿ ਮਨੁੱਖ ਦੀ ਇਹ ਵਿਕਾਸ ਯਾਤਰਾ ਉਦੇਸ਼ਹੀਣਤਾ ਅਤੇ ਨਿਰਾਰਥਕਤਾ ਵਿਚ ਹੀ ਖ਼ਤਮ ਹੋ ਜਾਵੇ। ਇਹ ਇਕ ਨਿਸ਼ਚਤ ਤੇ ਸਾਰਥਿਕ ਸਿੱਟੇ 'ਤੇ ਲਾਜ਼ਮੀ ਪਹੁੰਚੇਗੀ।" ਅੱਜ ਪੱਛਮੀ ਵਿਚਾਰਧਾਰਾ ਨੀਤਸ਼ੇ, ਦੇ 'ਸ਼ਕਤੀ ਲਈ ਨਿਸ਼ਚਾ' ਅਤੇ ਮੈਕਸ ਵੈਬਰ ਦੇ ਸਮਾਜ ਵਿਗਿਆਨ ਤੋਂ ਹੁੰਦੀ ਹੋਈ ਦੈਰੀਦਾ 'ਡੀਕੰਸਟ੍ਰਕਟ' ਅਤੇ ਫੂਕੋਯਾਮਾ ਦੇ 'ਇਤਿਹਾਸ ਦੇ ਅੰਤ' ਤੱਕ ਪਹੁੰਚ ਚੁੱਕੀ ਹੈ। ਸਾਡੀ ਧਾਰਨਾ ਹੈ ਕਿ ਦੁਨੀਆ ਦੀ ਮੁਢਲੀ ਵੰਡ ਪੂਰਬ ਤੇ ਪੱਛਮ ਦੀ ਵੰਡ ਨਹੀਂ ਹੈ ਬਲਕਿ ਗਰੀਬ ਤੇ ਅਮੀਰ ਦੀ ਵੰਡ ਹੈ। ਪੱਛਮ ਦੀ ਵਿਚਾਰਧਾਰਾ ਵਿਚ ਜਿਥੇ ਆਪਣੀਆਂ ਖ਼ੂਬੀਆਂ ਤੇ ਖ਼ਾਮੀਆਂ ਹਨ ਉਥੇ ਭਾਰਤ ਵਰਗੇ ਪੱਛੜੇ ਸਮਾਜਾਂ ਦੇ ਬੁਧੀਜੀਵੀ ਵਰਗ ਦੀ ਲੋੜ ਹੈ ਕਿ ਉਹ ਮਾਰਕਸੀ ਨਜ਼ਰੀਏ ਤੋਂ ਆਪਣੇ ਬਾਰੇ ਅਤੇ ਦੂਸਰਿਆਂ ਬਾਰੇ ਆਜ਼ਾਦਾਨਾ ਰਾਇ ਬਣਾਉਣ।





# ਅੰਨਦਾਤਾ ਦਾ ਵਿਸ਼ਾ ਵਸਤੂ / ਸੁਰਜੀਤ ਗਿੱਲ

'ਅੰਨਦਾਤਾ' ਨਾਵਲਕਾਰ ਅਤੇ ਕਥਾਕਾਰ ਬਲਦੇਵ ਸਿੰਘ ਦਾ ਨਵਾਂ ਨਾਵਲ ਹੈ। ਬਲਦੇਵ ਸਿੰਘ ਪੰਜਾਬੀ ਦਾ ਬਹੁਪੱਖੀ ਲੇਖਕ ਹੈ। ਉਹਨੇ ਨਾਵਲ, ਕਹਾਣੀ, ਨਾਟਕ ਅਤੇ ਢੇਰ ਸਾਰੀ ਵਾਰਤਕ ਲਿਖੀ ਹੈ। ਉਹ ਪੰਜਾਬੀ ਸਹਿਤ ਦੇ ਵਿਦਵਾਨਾਂ ਤੇ ਪਾਠਕਾਂ ਵਿੱਚ ਇਕੋ ਜਿਹਾ ਪ੍ਰਵਾਨਤ ਹੈ। ਉਹਨੇ ਮੁੱਢ ਵਿੱਚ ਕਹਾਣੀ ਲਿਖੀ ਫੇਰ, ਛੋਟੇ ਨਾਵਲ 'ਦੂਸਰਾ ਹੀਰੋਸ਼ੀਮਾ', 'ਕੱਲਰੀ ਧਰਤੀ, ਸੂਲੀ ਟੰਗੇ ਪਹਿਰ, ਕੱਚੀਆਂ ਕੰਧਾਂ, ਜੀ.ਟੀ. ਰੋਡ ਤੇ ਲਾਲ ਬੱਤੀ' ਲਿਖੇ। ਹੁਣ ਵੱਡ-ਅਕਾਰੀ ਨਾਵਲ 'ਅੰਨਦਾਤਾ' ਲਿਖਿਆ ਹੈ। ਬਲਦੇਵ ਸਿੰਘ ਪਿੰਡ ਦਾ ਜੰਮਿਆ ਤੇ ਪਲਿਆ ਹੋਇਆ ਹੈ। ਉਸਨੂੰ ਪੰਜਾਬੀ ਪੇਂਡੂ ਕਲਚਰ ਦੀ ਡੂੰਘੀ ਸਮਝ ਹੈ ਜਿਸਦਾ ਉਸਨੇ ਪ੍ਰਗਟਾਵਾ ਆਪਣੇ ਨਾਵਲਾਂ ਤੇ ਕਹਾਣੀਆਂ ਵਿੱਚ ਕੀਤਾ ਹੈ। ਉਹਦੇ ਮੁੱਢਲੇ ਨਾਵਲ 'ਦੂਸਰਾ ਹੀਰੋਸ਼ੀਮਾ' ਤੇ ਕੱਲਰੀ ਧਰਤੀ' ਮਾਲਵੇ ਦੇ ਪੇਂਡੂ ਕਲਚਰ ਸਮਾਜਿਕ, ਆਰਥਿਕ ਤੇ ਸੱਭਿਆਚਾਰ ਦੀ ਡੂੰਘੀ ਪੁਣ-ਛਾਣ ਕਰਦੇ ਹਨ। ਪਰੰਤੂ ਇਹਨਾਂ ਦੋਨੋਂ ਨਾਵਲਾਂ ਦਾ ਆਲੋਚਨਾ ਦੇ ਖੇਤਰ ਵਿੱਚ ਢੁੱਕਵਾਂ ਮੁੱਲ ਨਹੀਂ ਪਿਆ। ਇਹਨਾਂ ਦੇ ਪੁਨਰ ਮੁਲਾਂਕਣ ਦੀ ਲੋੜ ਹੈ। ਇਹਦਾ ਨਾਵਲ 'ਲਾਲ ਬੱਤੀ' ਵੇਸ਼ਵਾਵਾਂ ਬਾਰੇ ਹੈ। ਇਸ ਤੋਂ ਪਹਿਲਾਂ ਪੰਜਾਬੀ ਵਿੱਚ ਇਹਨਾਂ ਬਦਕਿਸਮਤ ਔਰਤਾਂ ਬਾਰੇ ਕੋਈ ਕਿਰਤ ਨਹੀਂ ਮਿਲਦੀ। ਇਸ ਨਾਵਲ ਨੇ ਸਮਾਜਿਕ ਤੇ ਸਾਹਿਤਕ ਹਲਕਿਆਂ ਵਿੱਚ ਚੰਗੀ ਚਰਚਾ ਛੇੜੀ ਹੈ ਅਤੇ ਪ੍ਰਸੰਸਾ ਤੇ ਨੁਕਤਾਚੀਨੀ ਪ੍ਰਾਪਤ ਕੀਤੀ ਹੈ। ਬਲਦੇਵ ਸਿੰਘ ਦਾ ਤਜਰਬਾ ਵਸੀਹ ਹੈ। ਉਹ ਛੋਟੇ ਪਿੰਡ ਤੋਂ ਤੁਰ ਕੇ ਕਲਕੱਤੇ ਵਰਗੇ ਮਹਾਨਗਰ ਤੱਕ ਪੁੱਜਿਆ ਹੈ। ਉਹਨੇ ਮਾਸਟਰੀ ਤੋਂ ਲੈ ਕੇ ਡਰਾਇਵਰੀ ਤੱਕ ਕਈ ਪੇਸ਼ੇ ਅਪਣਾਏ ਹਨ। ਜਿਸ ਸਮਾਜਿਕ ਤੇ ਸੱਭਿਆਚਾਰਕ ਆਲੇ ਦੁਆਲੇ ਵਿੱਚ ਉਹ ਵਿਚਰਿਆ ਹੈ, ਉਹਨੇ ਉਸਦਾ ਡੂੰਘਾ ਨਿਰੀਖਣ ਕੀਤਾ ਹੈ ਅਤੇ ਢੇਰ ਸਾਰੇ ਅਨੁਭਵ ਆਪਣੀ ਸਿਮਰਤੀ ਵਿੱਚ ਸਮੋਈ ਬੈਠਾ ਹੈ। ਜਿਹੜਾ ਉਹ ਸਮੇਂ-ਸਮੇਂ ਆਪਣੀਆਂ ਕਿਰਤਾਂ ਰਾਹੀਂ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹੈ ਤੇ ਚਰਚਾ ਦਾ ਵਿਸ਼ਾ ਬਣਦਾ ਹੈ। ਉਹਨੇ ਵਾਰਤਕ ਦੀ ਇਕ ਵਿਸ਼ੇਸ਼ ਵਿਧੀ ਵਰਤ ਕੇ ਡਰਾਇਵਰਾਂ ਦੇ ਜੀਵਨ ਨਾਲ ਸਬੰਧਤ ਇੱਕ ਲੰਮੀ ਲੇਖ ਲੜੀ 'ਸੜਕਨਾਮਾ' ਦੇ ਨਾਂ ਹੇਠ ਲਿਖੀ ਹੈ, ਜਿਸ ਕਾਰਨ ਬਹੁਤੇ ਵਿਦਵਾਨ ਤੇ ਪਾਠਕ ਉਹਦੇ ਨਾਂ ਨਾਲ 'ਸੜਕਨਾਮਾ' ਜੋੜ ਕੇ ਉਸਨੂੰ ਬਲਦੇਵ ਸਿੰਘ ਸੜਕਨਾਮਾ ਕਹਿੰਦੇ ਰਹੇ ਹਨ। ਪਿੱਛੋਂ ਉਹਨੇ ਲਾਲ ਬੱਤੀ ਲਿਖੀ। ਅੱਜ ਕੱਲ ਉਹਨੂੰ ਇਸ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਢੇਰ ਸਾਰਾ ਲਿਖਣ ਤੇ ਵਿਸ਼ਾਲ ਅਨੁਭਵ ਪ੍ਰਾਪਤ ਕਰਨ ਉਪਰੰਤ ਹੁਣ ਲੋੜ ਸੀ ਕਿ ਬਲਦੇਵ ਸਿੰਘ ਆਪਣੇ ਗਿਆਨ ਨੂੰ ਪੇਸ਼ ਕਰਦੀ ਕੋਈ ਵੱਡ ਅਕਾਰੀ ਲਿਖਤ ਪਾਠਕਾਂ ਨੂੰ ਦੇਵੇ। ਮੇਰੀ ਸੋਚ ਅਨੁਸਾਰ ਹਥਲਾ ਨਾਵਲ 'ਅੰਨਦਾਤਾ' ਅਜਿਹੀ ਹੀ ਲਿਖਤ ਹੈ। ਜਿਵੇਂ ਇਸ ਨਾਵਲ ਦੇ ਸਿਰਲੇਖ ਤੋਂ ਪ੍ਰਤੱਖ ਹੈ 'ਅੰਨਦਾਤਾ' ਆਮ ਤੌਰ 'ਤੇ ਅੰਨ ਪੈਦਾ ਕਰਨ ਵਾਲੇ ਕਿਸਾਨ ਨੂੰ ਕਿਹਾ ਜਾਂਦਾ ਹੈ। ਪਰੰਤੂ ਅਜੋਕੀ ਸਥਿਤੀ ਵਿੱਚ ਕਿਸਾਨੀ ਦੇ ਟੁੱਟ ਭੱਜ ਜਾਣ ਤੇ ਉਸਦੇ ਤੇਜ਼ੀ ਨਾਲ ਕੰਗਾਲੀ ਕਰਨ ਵੱਲ ਵਧਣ ਕਾਰਨ ਇਹ ਨਾਂ ਹੁਣ ਵਿਅੰਗਆਤਮਿਕ ਵੀ ਹੋ ਗਿਆ ਹੈ। ਜਿਸਦੇ ਅਰਥ ਹਨ ਕਿ ਹੁਣ ਇਹ ਸ਼ਬਦ ਆਪਣੇ ਅਸਲੀ ਅਰਥ ਗੁਆ ਕੇ ਹਾਸੋਹੀਣਾ ਬਣ ਗਿਆ ਹੈ। ਕਿਸਾਨੀ ਦਾ ਕਿੱਤਾ ਮੁੱਢ ਕਦੀਮ ਤੋਂ ਕੁਦਰਤ 'ਤੇ ਨਿਰਭਰ ਰਿਹਾ ਹੈ। ਭਾਵ ਕਿਸਾਨੀ ਦੀ ਉਪਜ ਦਾ ਸਿਰੇ ਚੜ੍ਹਨਾ ਨਿਰੋਲ ਕੁਦਰਤ ਦੇ ਹੱਥ ਵੱਸ ਰਿਹਾ ਹੈ। ਸਾਡੇ ਦੇਸ਼ ਅੰਦਰ ਢੇਰ ਸਾਰੀ ਵਿਗਿਆਨਕ ਤਰੱਕੀ ਹੋ ਜਾਣ 'ਤੇ ਵੀ ਇਹ ਕਿੱਤਾ ਕੇਵਲ ਮਨੁੱਖ ਦੇ ਕਾਬੂ ਨਹੀਂ ਹੋ ਸਕਿਆ। ਹਾਲੇ ਵੀ ਬਹੁਤਾ ਕੁਝ ਕੁਦਰਤ 'ਤੇ ਹੀ ਨਿਰਭਰ ਹੈ। ਕੁਝ ਦਹਾਕੇ ਪਹਿਲਾਂ ਟਰੈਕਟਰਾਂ, ਟਿਊਬਵੈਲਾਂ ਤੇ ਬਿਜਲੀ ਦੇ ਆਉਣ ਨਾਲ ਤੇ ਨਵੇਂ ਬੀਜਾਂ ਤੇ ਰਸਾਇਣਕ ਖਾਦਾਂ ਦੇ ਆਉਣ ਨਾਲ ਕੁਝ ਸਮਾਂ ਕਿਸਾਨੀ ਨੂੰ ਇੱਕ ਹੁਲਾਰਾ ਆਇਆ ਸੀ। ਜਿਸਨੇ ਕਿਸਾਨੀ ਨੂੰ ਆਰਥਿਕ, ਸਮਾਜਿਕ ਤੇ ਰਾਜਨੀਤਕ ਪੱਖੋਂ ਹੁਲਾਰਾ ਦਿੱਤਾ ਸੀ। ਬਹੁਤੇ ਵਿਦਵਾਨ ਇਸਨੂੰ 'ਹਰਾ ਇਨਕਲਾਬ' ਕਹਿੰਦੇ ਹਨ। ਪਰੰਤੂ ਇਹ ਹੁਲਾਰਾ ਬਹੁਤੀ ਉਮਰ

ਨਾ ਭੋਗ ਸਕਿਆ ਤੇ ਨਵੀਆਂ ਪ੍ਰਸਥਿਤੀਆਂ ਨੇ ਕਿਸਾਨੀ ਨੂੰ ਸਰਬਪੱਖੀ ਸੰਕਟ ਨਾਲ ਗ੍ਰਸ ਲਿਆ। ਜਿਸਦੇ ਸਿੱਟੇ ਵੱਜੋ ਕਿਸਾਨ ਤੇਜ਼ੀ ਨਾਲ ਕੰਗਾਲ ਹੋ ਰਿਹਾ ਅਤੇ ਉਸਨੂੰ ਨਵੇਂ ਆਰਥਿਕ, ਸਮਾਜਿਕ, ਰਾਜਨੀਤਕ ਤੇ ਸਦਾਚਾਰਕ ਸਵਾਲਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਹਥਲਾ ਨਾਵਲ ਇਹਨਾਂ ਹੀ ਮਸਲਿਆਂ ਦਾ ਵਰਨਣ ਕਰਦਾ ਹੈ।

'ਅੰਨਦਾਤਾ' ਇੱਕ ਧਨੀ ਕਿਸਾਨ ਪਰਿਵਾਰ ਦੀ ਕਹਾਣੀ ਹੈ ਜਿਸ ਕੋਲ ਕਾਫ਼ੀ ਜ਼ਮੀਨ ਹੈ ਤੇ ਇਹ ਪਰਿਵਾਰ ਖਾਂਦੇ ਪੀਂਦੇ ਪਰਿਵਾਰਾਂ ਵਿਚੋਂ ਗਿਣਿਆ ਜਾਂਦਾ ਹੈ। ਪਰੰਤੂ ਸਮਾਂ ਪਾ ਕੇ ਪਰਿਵਾਰ ਵਧ ਜਾਂਦਾ ਹੈ ਅਤੇ ਜ਼ਮੀਨ ਅੱਡੋ-ਅੱਡ ਥਾਈਂ ਵੰਡੀ ਜਾਂਦੀ ਹੈ। ਫਿਰ ਵੀ ਗੁਜ਼ਾਰਾ ਹੁੰਦਾ ਰਹਿੰਦਾ ਹੈ। ਪਰੰਤੂ ਨਵੀਆਂ ਪ੍ਰਸਥਿਤੀਆਂ ਇਸ ਪਰਿਵਾਰ ਨੂੰ ਵੱਖ-ਵੱਖਰੇ ਪਾਸਿਆਂ ਤੋਂ ਪ੍ਰਭਾਵਿਤ ਕਰਦੀਆਂ ਹਨ। ਜਿਸਦੇ ਸਿੱਟੇ ਵਜੋਂ ਇਸ ਪਰਿਵਾਰ ਦੇ ਮੋਢੀ ਵਜ਼ੀਰ ਸਿੰਘ ਨੂੰ ਆਤਮ-ਹੱਤਿਆ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ ਤੇ ਪਰਿਵਾਰ ਦੇ ਘਰ ਰਹਿੰਦੇ ਜੀਵ ਨੂੰ ਮੰਡੀ ਵਿੱਚ ਜਾ ਕੇ ਸਬਜ਼ੀਆਂ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਨਾਵਲ ਦਾ ਕਥਾਨਕ ਇਹ ਹੈ ਕਿ ਵਜ਼ੀਰ ਸਿੰਘ ਦੇ ਤਿੰਨ ਪੁੱਤ ਤੇ ਇੱਕ ਧੀ ਹੁੰਦੀ ਹੈ। ਉਹਨਾਂ ਦਾ ਗੁਜ਼ਾਰਾ ਚੰਗਾ ਚੱਲ ਰਿਹਾ ਹੁੰਦਾ ਹੈ। ਪਰੰਤੂ ਇਕਦਮ ਸੰਕਟ ਆਰੰਭ ਹੋ ਜਾਂਦਾ ਹੈ, ਇਸ ਕਰਕੇ ਪਰਿਵਾਰ ਦਾ ਵੱਡਾ ਮੁੰਡਾ, ਜਿਸ ਤੋਂ ਆਸ ਸੀ ਕਿ ਉਹ ਪਿਤਾ ਪੁਰਖੀ ਕਿੱਤਾ ਅਪਣਾ ਕੇ ਘਰ ਦੀ ਕਬੀਲਦਾਰੀ ਦਾ ਬੋਝ ਚੁੱਕੇਗਾ, ਉਹ ਬਹੁਤਾ ਪੜ੍ਹ ਨਹੀਂ ਸਕਦਾ। ਉਹਦਾ ਵਿਆਹ ਕਰ ਦਿੱਤਾ ਜਾਂਦਾ ਹੈ। ਕਿਸਾਨੀ ਸਮਾਜ ਅੰਦਰ ਵਿਅਕਤੀ ਨੂੰ ਕਬੀਲਦਾਰੀ ਨਾਲ ਬੰਨ੍ਹ ਕੇ ਰੱਖਣ-ਲਈ ਵਿਆਹ ਨੂੰ ਇੱਕ ਸੰਗਲ ਵਾਂਗ ਵਰਤਿਆ ਜਾਂਦਾ ਹੈ ਪਰੰਤੂ ਇਸ ਪਰਿਵਾਰ ਦੇ ਵੱਡੇ ਪੁੱਤ ਭਗਤੂ ਲਈ ਇਹ ਸੰਗਲ ਸਾਬਤ ਨਾ ਹੋ ਸਕਿਆ। ਉਹ ਲੀਹੋਂ ਕੁਰਾਹੇ ਪੈ ਗਿਆ। ਪਹਿਲਾਂ ਖੇਤੀ ਕਰਨ ਲਈ ਟਰੈਕਟਰ ਲੈਣ ਦੀ ਸ਼ਰਤ ਰੱਖੀ। ਫੇਰ ਬਾਹਰ ਜਾਣ ਲਈ ਘਰ 'ਤੇ ਆਰਥਿਕ ਬੋਝ ਪਾਇਆ। ਫੇਰ ਅੱਤਵਾਦੀਆਂ ਨਾਲ ਰਲ ਗਿਆ ਤੇ ਅੰਤ ਵਿੱਚ ਸਭ ਕਾਸੇ ਤੋਂ ਅਟੰਕ ਹੋ ਕੇ ਪਿੰਡ ਵਿੱਚ ਹੀ ਪਾਖੰਡੀ ਸਾਧ ਬਣ ਕੇ ਬੈਠ ਗਿਆ ਤੇ ਸਧਾਰਨ ਲੋਕਾਂ ਨੂੰ ਲੁੱਟਣ ਲੱਗ ਪਿਆ। ਇਸ ਪਰਿਵਾਰ ਦਾ ਦੂਜਾ ਮੁੰਡਾ ਰਾਜਪਾਲ ਕਾਲਜ ਵਿੱਚ ਪੜ੍ਹਦਾ ਹੈ ਤੇ ਰਾਜਨੀਤਕ ਤੌਰ 'ਤੇ ਕੁਝ ਹੱਦ ਤੱਕ ਚੇਤਨ ਹੈ ਤੇ ਕਿਸਾਨ ਜਥੇਬੰਦੀਆਂ ਵਿੱਚ ਹਿੱਸਾ ਲੈ ਕੇ ਉਹਨਾਂ ਦੇ ਹਿਤਾਂ ਲਈ ਲੜਦਾ ਹੈ। ਉਹ ਪੂਰੀ ਸਰਗਰਮੀ ਨਾਲ ਘਰ ਨੂੰ ਸਾਰੇ ਸੰਕਟਾਂ ਤੋਂ ਬਚਾਉਣ ਦਾ ਯਤਨ ਕਰਦਾ ਹੈ। ਪਰੰਤੂ ਪ੍ਰਸਥਿਤੀਆਂ ਅੱਗੇ ਉਹਦੀ ਕੋਈ ਪੇਸ਼ ਨਹੀਂ ਜਾਂਦੀ। ਉਹ ਉਸਨੂੰ ਨਿੱਸਲ ਕਰ ਦਿੰਦੀਆਂ ਹਨ। ਇਸ ਘਰ ਦੀ ਕੁੜੀ ਭੁਪਿੰਦਰ ਕੌਰ ਉਰਫ 'ਭੂਪੀ' ਕੁਝ ਚਿਰ ਕਾਲਜ ਪੜ੍ਹਦੀ ਹੈ ਪਰੰਤੂ ਉਹਦੇ ਲੱਛਣ ਵੇਖ ਕੇ ਉਹਨੂੰ ਪੜ੍ਹਨੋਂ ਹਟਾ ਕੇ ਘਰੇ ਕੰਮ ਕਰਨ ਲਈ ਰੱਖ ਲਿਆ ਜਾਂਦਾ ਹੈ। ਪਰੰਤੂ ਸਕੂਲ ਤੇ ਕਾਲਜ ਪੜ੍ਹਨ ਸਮੇਂ ਨਵੇਂ ਸੱਭਿਆਚਾਰ ਦਾ ਜਿਹੜਾ ਪ੍ਰਭਾਵ ਉਸਤੇ ਪੈ ਚੁੱਕਿਆ ਹੁੰਦਾ ਹੈ ਉਹ ਉਸ ਤੋਂ ਮੁਕਤ ਨਹੀਂ ਹੋ ਸਕਦੀ ਤੇ ਘਰੋਂ ਭੱਜ ਜਾਂਦੀ ਹੈ। ਉਸ ਸਾਲ ਝੋਨੇ ਦੀ ਫ਼ਸਲ ਚੰਗੀ ਹੁੰਦੀ ਹੈ ਪਰੰਤੂ ਮੰਡੀ ਵਿੱਚ ਉਸਦੀ ਖਰੀਦ ਨਹੀਂ ਹੁੰਦੀ ਜਿਸ ਲਈ ਕਿਸਾਨ ਸੰਘਰਸ਼ ਕਰਦੇ ਹਨ ਤੇ ਸਰਕਾਰ ਨੂੰ ਝੋਨਾ ਖਰੀਦਣ ਲਈ ਮਜਬੂਰ ਕਰ ਦਿੰਦੇ ਹਨ। ਘਰ ਦਾ ਦੂਜਾ ਮੁੰਡਾ ਗੁਰਾ ਵੀ ਨਵੇਂ ਸਭਿਆਚਾਰ ਤੋਂ ਪ੍ਰਭਾਵਿਤ ਹੈ। ਉਹ ਕਿਸਾਨੀ ਦੇ ਜਾਨ ਮਾਰ ਕੰਮ ਕਰਨ ਦੀ ਥਾਂ ਆਮਦਨੀ ਦਾ ਸੌਖਾ ਰਾਹ ਲੱਭਣਾ ਤੇ ਸੌਖਾ ਜੀਵਨ ਜਿਉਣਾ ਚਾਹੁੰਦਾ ਹੈ। ਉਹ ਪੜ੍ਹਾਈ ਵੱਲ ਧਿਆਨ ਦੇਣ ਦੀ ਥਾਂ ਗਾਉਣ ਵਜਾਉਣ ਵਾਲਿਆਂ ਨਾਲ ਰਲ ਜਾਂਦਾ ਹੈ। ਉਹ ਉਹਨਾਂ ਦੀ ਬਾਹਰੀ ਤੜਕ ਮੜਕ ਤੋਂ ਪ੍ਰਭਾਵਿਤ ਹੈ ਅਤੇ ਅੰਤ ਵਿੱਚ ਜ਼ਮੀਨ ਵਿਚੋਂ ਆਪਣਾ ਹਿੱਸਾ ਲੈ ਕੇ ਘਰ ਤੇ ਪਿੰਡ ਨੂੰ ਸਦਾ ਲਈ ਤਿਆਗ ਦਿੰਦਾ ਹੈ। ਭਗਤੂ ਸਾਧ ਬਣ ਕੇ ਨਾਲੇ ਲੋਕਾਂ ਨੂੰ ਲੁੱਟਦਾ ਹੈ, ਬਦਫੈਲੀਆਂ ਕਰਦਾ ਹੈ, ਢੇਰ ਸਾਰਾ ਰੁਪਈਆ ਹੋਣ 'ਤੇ ਵੀ ਇੱਕ ਮੁੰਡੇ ਦਾ ਪਿਉ ਹੋਣ 'ਤੇ ਵੀ ਜੱਦੀ ਜ਼ਮੀਨ ਵਿਚੋਂ ਆਪਣਾ ਹਿੱਸਾ ਲੈ ਲੈਂਦਾ ਹੈ। ਇਸ ਤਰ੍ਹਾਂ ਜ਼ਮੀਨ ਟੁਕੜਿਆਂ ਵਿੱਚ ਵੰਡੀ ਜਾਂਦੀ ਹੈ। ਰਾਜਪਾਲ ਘਰ ਨੂੰ ਸੰਭਾਲਣ ਦੇ ਸੰਘਰਸ਼ ਵਿੱਚ ਲੱਗਿਆ ਰਹਿੰਦਾ ਹੈ ਤੇ ਵਿਆਹ ਦੀ ਉਮਰ ਲੰਘਾ ਲੈਂਦਾ ਹੈ। ਜਿਸ ਕਾਰਨ ਮਜਬੂਰਨ ਉਹਨੂੰ ਭਗਤੂ ਦੀ ਛੱਡੀ ਹੋਈ ਘਰਵਾਲੀ ਨੂੰ ਪਤਨੀ ਵਜੋਂ ਅਪਨਾਉਣਾ ਪੈਂਦਾ ਹੈ ਤੇ ਨਾਲ ਹੀ ਭਗਤੂ ਦੇ ਮੁੰਡੇ ਦਾ ਪਿਉ



ਬਣਨਾ ਪੈਂਦਾ ਹੈ। ਇਸ ਤਰ੍ਹਾਂ ਸਾਰਾ ਕੁਝ ਖਿੰਡ-ਪੁੰਡ ਜਾਂਦਾ ਹੈ। ਘਰ ਦਾ ਮੋਢੀ ਵਜ਼ੀਰ ਸਿੰਘ ਆਤਮ ਹੱਤਿਆ ਕਰ ਚੁੱਕਾ ਹੁੰਦਾ ਹੈ, ਵੱਡਾ ਮੁੰਡਾ ਭਗਤੂ ਸਾਧ ਬਣ ਗਿਆ ਹੁੰਦਾ ਹੈ, ਕੁੜੀ 'ਭੂਪੀ' ਨਿਕਲ ਜਾਂਦੀ ਹੈ, ਛੋਟਾ ਮੁੰਡਾ ਗਾਉਣ ਵਾਲਿਆਂ ਨਾਲ ਰਲ ਜਾਂਦਾ ਹੈ। ਇਕੱਲਾ ਰਾਜਪਾਲ ਹੀ ਅੰਨਦਾਤਾ ਰਹਿ ਜਾਂਦਾ ਹੈ। ਇਸ ਮੁੱਖ ਕਹਾਣੀ ਦੇ ਨਾਲ ਹੀ ਕੁਝ ਹੋਰ ਛੋਟੀਆਂ ਕਥਾਵਾਂ ਚਲਦੀਆਂ ਹਨ। ਵਜ਼ੀਰ ਸਿੰਘ ਦਾ ਛੋਟਾ ਭਰਾ ਸਰਦੂਲ ਸਿੰਘ ਅੱਡ ਹੋ ਜਾਂਦਾ ਹੈ ਤੇ ਜ਼ਮੀਨ ਹਿੱਸੇ 'ਤੇ ਦੇ ਦਿੰਦਾ ਹੈ। ਫੇਰ ਫੀਮ ਆਦਿ ਵੇਚਣ ਲੱਗ ਜਾਂਦਾ ਹੈ। ਚਿੱਟੇ ਕੱਪੜੇ ਪਾ ਕੇ ਵਿਹਲਾ ਐਸ਼ ਕਰਦਾ ਹੈ। ਉਸਦੀ ਇਕੋ ਧੀ ਜਿਹੜੀ ਤਕਰੀਬਨ ਭੂਪੀ ਦੇ ਹਾਣ ਦੀ ਹੈ ਪੜ੍ਹਨ ਉਪਰੰਤ ਸ਼ਹਿਰ ਪੀ.ਸੀ.ਓ. 'ਤੇ ਜਾਣ ਲੱਗ ਜਾਂਦੀ ਹੈ। ਅਤੇ ਉਥੋਂ ਦੇ ਮਾਹੌਲ ਵਿੱਚ ਵਿਗੜ ਜਾਂਦੀ ਹੈ। ਪੇਸ਼ਾ ਕਰਨ ਲੱਗ ਜਾਂਦੀ ਹੈ। ਇਸ ਤਰ੍ਹਾਂ ਉਹਨੂੰ ਗਰਭ ਠਹਿਰ ਜਾਂਦਾ ਹੈ ਜਿਹੜਾ ਪਿੱਛੋਂ ਕਢਾਉਣਾ ਪੈਂਦਾ ਹੈ। ਇਸਦੀ ਚਰਚਾ ਸਾਰੇ ਪਿੰਡ ਵਿਚ ਚਲਦੀ ਹੈ ਪਰੰਤੂ ਉਸਦਾ ਪਿਉ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਰਦਾ। ਪਿੰਡਾਂ ਵਿੱਚ ਹੋ ਰਹੇ ਕੰਗਾਲੀਕਰਨ ਦਾ ਪ੍ਰਭਾਵ ਸਦਾਚਾਰ 'ਤੇ ਪੈਂਦਾ ਹੈ। ਜਿਸ ਕਾਰਨ ਗਰੀਬ ਇਸਤਰੀਆਂ ਆਪਣਾ ਸਰੀਰ ਵੇਚਣ ਤੇ ਮਜਬੂਰ ਹੁੰਦੀਆਂ ਹਨ। ਨਾਵਲ ਵਿੱਚ ਪੰਜਾਬ ਵਿੱਚ ਚੱਲੇ ਅੱਤਵਾਦ ਦਾ ਵੀ ਜ਼ਿਕਰ ਹੈ ਜਿਸਦੇ ਨਾਂ ਹੇਠ ਬਦਮਾਸ਼ਾਂ ਤੇ ਹੋਰ ਗੈਰ-ਸਮਾਜੀ ਅਨਸਰਾਂ ਨੂੰ ਲੁੱਟਣ ਮਾਰਨ ਦਾ ਅਵਸਰ ਮਿਲ ਜਾਂਦਾ ਹੈ। ਖੇਤ ਮਜ਼ਦੂਰਾਂ ਦਾ ਮੁੰਡਾ ਮਾਘੀ ਤੇ ਇੱਕ ਦੁਕਾਨਦਾਰ ਦਾ ਮੁੰਡਾ ਵਜ਼ੀਰ ਸਿੰਘ ਦਾ ਮੁੰਡਾ ਭਗਤੂ ਵੀ ਇਸਦਾ ਲਾਭ ਉਠਾਉਂਦੇ ਹਨ ਤੇ ਇਕ ਬੁੜ੍ਹੀ ਨੂੰ ਕਤਲ ਕਰਕੇ ਲੁੱਟ ਲੈਂਦੇ ਹਨ।

ਇਸ ਤਰ੍ਹਾਂ ਬਲਦੇਵ ਸਿੰਘ ਇਸ ਨਾਵਲ ਵਿੱਚ ਅਜੋਕੇ ਸਮੇਂ ਵਿੱਚ ਕਿਸਾਨੀ ਨੂੰ ਦਰਪੇਸ਼ ਆਰਥਿਕ, ਸਮਾਜਿਕ ਤੇ ਸਦਾਚਾਰਕ ਮਸਲਿਆਂ ਦਾ ਵਰਨਣ ਕਰਦਾ ਹੈ। ਨਵੀਆਂ ਪ੍ਰਸਥਿਤੀਆਂ ਅਧੀਨ ਕਿਸਾਨੀ ਦਾ ਕੰਗਾਲੀਕਰਨ ਹੋ ਰਿਹਾ ਹੈ। ਸਮਾਜਿਕ ਤੌਰ 'ਤੇ ਘਰ ਟੁੱਟ ਰਹੇ ਹਨ। ਨਵੇਂ ਖਪਤ ਸੱਭਿਆਚਾਰ ਕਾਰਨ ਪੁਰਾਣੀਆਂ ਸਦਾਚਾਰਕ ਕੀਮਤਾਂ ਟੁੱਟ ਰਹੀਆਂ ਹਨ। ਕੰਗਾਲੀਕਰਨ ਦੇ ਸਿੱਟੇ ਵਜੋਂ ਕਿਸਾਨੀ ਅੱਤਵਾਦ ਵਰਗੇ ਘਿਨੌਣੇ ਜੁਰਮਾਂ ਵੱਲ ਵਧ ਰਹੀ ਹੈ। ਉਹਨਾਂ ਵਿੱਚ ਪੁਰਾਣੀ ਜਗੀਰੂ ਅਣਖ ਖਤਮ ਹੋ ਰਹੀ ਹੈ। ਇਸਤਰੀਆਂ ਨੰਗੇ ਚਿੱਟੇ ਰੂਪ ਵਿੱਚ ਸਰੀਰ ਵੇਚਣ ਲਈ ਮਜਬੂਰ ਹੋ ਰਹੀਆਂ ਹਨ। ਨਵੀਂ ਪੀੜ੍ਹੀ ਪੁਰਾਣੀਆਂ ਸਦਾਚਾਰਕ ਕੀਮਤਾਂ ਦਾ ਤਿਆਗ ਕਰਕੇ ਨਵੀਆਂ ਸਦਾਚਾਰਕ ਕੀਮਤਾਂ ਅਪਣਾ ਰਹੀ ਹੈ। ਭੂਪੀ ਘਰੋਂ ਭੱਜ ਜਾਂਦੀ ਹੈ ਸਰਦੂਲ ਦੀ ਧੀ ਮੀਤ ਪੀ. ਸੀ. ਓ 'ਤੇ ਜਾਣ ਦੇ ਬਹਾਨੇ ਦੇਹ ਵਪਾਰ ਕਰਦੀ ਹੈ। ਗੁਰਾ ਨੱਚਣ-ਗਾਉਣ ਵਾਲਿਆਂ ਨਾਲ ਰਲ ਜਾਂਦਾ ਹੈ। ਉਹ ਇਸੇ ਕੰਮ ਨੂੰ ਆਪਣਾ ਪੇਸ਼ਾ ਬਣਾ ਲੈਂਦਾ ਹੈ। ਭਗਤੂ ਸਾਧ ਬਣ ਜਾਂਦਾ ਹੈ ਤੇ ਮਾਘੀ ਵਰਗੇ ਤੇ ਹੋਰ ਵਿਹਲੜਾਂ ਨੂੰ ਆਪਣੇ ਦੁਆਲੇ ਇਕੱਠੇ ਕਰ ਲੈਂਦਾ ਹੈ। ਆਰਥਕ ਸੰਕਟ ਦੇ ਮਾਰੇ ਲੋਕ ਸਮਾਜਿਕ ਤੇ ਮਾਨਸਿਕ ਸੰਕਟ ਦਾ ਸ਼ਿਕਾਰ ਹੋ ਜਾਂਦੇ ਹਨ। ਉਹ ਸਾਧਾਂ ਕੋਲ ਤੇ ਡੇਰਿਆਂ ਵਿੱਚ ਜਾ ਕੇ ਆਪਣੇ ਸੰਕਟ ਦਾ ਹੱਲ ਲੱਭਦੇ ਹਨ, ਉਲਟਾ ਹੋਰ ਸੰਕਟ ਗ੍ਰਸਤ ਹੋ ਕੇ ਆਉਂਦੇ ਹਨ। ਕਿਸਾਨ ਜਥੇਬੰਦੀਆਂ ਤੇ ਹੋਰ ਲੋਕ ਪੱਖੀ ਧਿਰਾਂ ਕੁਝ ਯਤਨ ਕਰਦੀਆਂ ਹਨ ਪਰ ਚੇਤਨਾ ਹੀਣ ਜਨ ਸਮੂਹ ਦੇ ਸਾਹਮਣੇ ਉਹਨਾਂ ਦੀ ਕੋਈ ਪੇਸ਼ ਨਹੀਂ ਜਾਂਦੀ। ਸਰਮਾਏਦਾਰ ਸੱਭਿਆਚਾਰ ਦੇ ਹੜ੍ਹ ਦੇ ਸਾਹਮਣੇ ਉਹ ਕੇਵਲ ਤਿਣਕੇ ਸਾਬਤ ਹੁੰਦੀਆਂ ਹਨ। ਇਸ ਤਰ੍ਹਾਂ ਬਲਦੇਵ ਸਿੰਘ ਆਪਣੇ ਇਸ ਨਾਵਲ ਵਿੱਚ ਕਿਸਾਨੀ ਨਾਲ ਸਬੰਧਤ ਸਾਰੇ ਭਖਦੇ ਮਸਲਿਆਂ ਨੂੰ ਪੇਸ਼ ਕਰਦਾ ਹੈ ਅਤੇ ਕਿਸਾਨੀ ਨੂੰ ਆ ਰਹੇ ਗੰਭੀਰ ਸੰਕਟ ਦੀ ਚਿਤਾਵਨੀ ਦਿੰਦਾ ਹੈ, ਇਸ ਤਰ੍ਹਾਂ ਸਮਾਜਿਕ ਤੇ ਆਰਥਿਕ ਸੁਆਲਾਂ ਨੂੰ ਪੇਸ਼ ਕਰਕੇ ਉਹ ਪਹਿਲੀ ਵੇਰ ਇੱਕ ਚੇਤਨ ਨਾਵਲਕਾਰ ਵਜੋਂ ਪੇਸ਼ ਹੁੰਦਾ ਹੈ।

## ਲੀਹੋਂ ਪਰ੍ਹੇ/*(ਅਮਰੀਕ ਸਿੰਘ ਕੰਡਾ)*

ਅਮਰੀਕ ਸਿੰਘ ਕੰਡਾ ਨਵਾਂ ਉੱਠ ਰਿਹਾ ਕਥਾਕਾਰ ਹੈ। ਉਹ ਪਿਛਲੇ ਸਮੇਂ ਵਿਚ ਅਖਬਾਰਾਂ ਤੇ ਰਸਾਲਿਆਂ ਆਦਿ ਵਿਚ ਛਪਦਾ ਰਿਹਾ ਹੈ। ਅਮਰੀਕ ਸਿੰਘ 'ਕੰਡਾ' ਨੇ ਪ੍ਰੋੜ ਕਥਾਕਾਰ 'ਬਲਦੇਵ ਸਿੰਘ' (ਸੜਕਨਾਮਾ) ਦੇ ਪ੍ਰਭਾਵ ਤੇ ਅਗਵਾਈ ਹੇਠ ਲਿਖਣਾ ਸ਼ੁਰੂ ਕੀਤਾ। ਬੇਸ਼ੱਕ ਅਮਰੀਕ ਸਿੰਘ 'ਕੰਡਾ' ਨੇ

ਰਸਮੀ ਤੌਰ 'ਤੇ ਬਲਦੇਵ ਸਿੰਘ ਨੂੰ ਗੁਰੂ ਨਹੀਂ ਧਾਰਿਆ ਫਿਰ ਵੀ ਉਹ ਉਹਦੀ ਕਲਾ ਤੋਂ ਬਹੁਤ ਪ੍ਰਭਾਵਿਤ ਹੈ। ਅਮਰੀਕ ਸਿੰਘ 'ਕੰਡਾ' ਨੇ ਹੁਣੇ ਜਿਹੇ ਆਪਣਾ ਪਹਿਲਾਂ ਕਥਾ ਸੰਗ੍ਰਹਿ 'ਲੀਰੋਂ ਪਰੇ' ਦਿੱਤਾ ਹੈ। ਜਿਸ ਵਿਚ ਉਸਦੀਆਂ ਸਤਾਰਾਂ ਕਥਾਵਾਂ ਛਪੀਆਂ ਹਨ। ਪੁਸਤਕ ਦੇ ਮੁੱਢ ਵਿਚ ਉਠ ਰਹੇ ਮਾਰਕਸੀ ਆਲੋਚਕ ਤੇ ਵਿਦਵਾਨ ਡਾ. ਸੁਰਜੀਤ ਬਰਾੜ ਨੇ ਅਮਰੀਕ ਸਿੰਘ 'ਕੰਡਾ' ਨੂੰ ਮੱਧ ਵਰਗੀ ਚੇਤਨਾ ਦਾ ਕਥਾਕਾਰ ਕਿਹਾ ਹੈ। ਇਸ ਗੱਲ ਵਿਚ ਕੋਈ ਸ਼ੰਕਾ ਨਹੀਂ। 'ਕੰਡਾ' ਬਹੁਤੀ ਗੱਲ ਮੱਧ ਵਰਗ ਦੀ ਚੇਤਨਾ ਦੀ ਹੀ ਕਰਦਾ ਹੈ। ਇਸੇ ਚੇਤਨਾ ਦਾ ਉਸ ਨੂੰ ਡੂੰਘਾ ਅਨੁਭਵ ਹੈ। ਇਹ ਜਮਾਤ ਆਰਥਿਕ ਪੱਖੋਂ ਖਾਂਦੀ-ਪੀਂਦੀ ਹੈ। ਇਸਨੂੰ ਸਮਾਜਿਕ ਮਸਲਿਆਂ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ। ਇਹ ਆਪੇ ਖੜੇ ਕੀਤੇ ਮਾਨਸਿਕ ਮਸਲਿਆਂ ਦੀ ਉਲਝੀ ਤਾਣੀ ਸੁਲਝਾਉਣ ਵਿਚ ਗਲਤਾਨ ਹੈ। ਹਿੰਦੀ ਫਿਲਮਾਂ ਦੇ ਪਾਤਰਾਂ ਵਾਂਗ ਜਿਨ੍ਹਾਂ ਨੂੰ ਰੋਟੀ-ਰੋਜ਼ੀ ਦਾ ਕੋਈ ਮਸਲਾ ਨਹੀਂ ਹੁੰਦਾ। ਕੇਵਲ ਵਿਹਲੇ ਰਹਿ ਕੇ ਇਸ਼ਕ ਕਰਨ ਜਾਂ ਘਸੁੰਨ ਮੁੱਕੀ ਕਰਨ ਦਾ ਕਾਰਜ ਨਿਭਾਉਂਦੇ ਹਨ। ਇਹ ਜਮਾਤ ਵੀ ਇਹੋ ਕੁਝ ਕਰਦੀ ਹੈ। ਇਹ ਕੋਈ ਸਹਿਬਨ ਗੱਲ ਨਹੀਂ ਕਿ 'ਕੰਡੇ' ਨੇ ਆਪਣੀ ਕਥਾਕਾਰੀ ਦੇ ਵਿਸ਼ੇ ਵਜੋਂ ਇਸ ਜਮਾਤ ਦੇ ਪਾਤਰਾਂ ਨੂੰ ਲਿਆ ਹੈ। ਉਹ ਆਪ ਇਸ ਜਮਾਤ ਦਾ ਪ੍ਰਤੀਨਿਧ ਹੈ।

ਸ਼ਿਲਪ ਪੱਖੋਂ ਅਮਰੀਕ ਸਿੰਘ 'ਕੰਡਾ' ਦੀਆਂ ਕਹਾਣੀਆਂ ਬਹੁਤੇ ਥਾਈਂ ਕੇਵਲ ਵਿਅਕਤੀ ਚਿਤਰ ਹਨ ਅਤੇ ਇਹਨਾਂ ਵਿਚ ਸੁਭਾਵਿਕਤਾ ਦੀ ਥਾਂ ਬਹੁਤੇ ਮੌਕੇ ਮੇਲ ਹਨ। ਇਹ ਸਭ ਕੁਝ ਕਹਿਣ ਦਾ ਅਰਥ ਇਹ ਹੈ ਕਿ ਅਮਰੀਕ ਸਿੰਘ 'ਕੰਡਾ' ਨੂੰ ਉਸਤਾਦ ਵਾਲੀ ਥਾਂ ਪੁੱਜਣ ਲਈ ਕਾਫੀ ਕਠਿਨ ਚੜ੍ਹਾਈ ਚੜ੍ਹਨੀ ਪਵੇਗੀ। ਅਮਰੀਕ ਸਿੰਘ 'ਕੰਡਾ' ਨੇ ਕੁਝ ਕਥਾਵਾਂ ਵਿਚ ਆਰਥਿਕ, ਸਮਾਜਿਕ ਮਸਲੇ ਲੈਣ ਦਾ ਯਤਨ ਕੀਤਾ ਹੈ। ਇਹਨਾਂ ਮਸਲਿਆਂ ਦੇ ਵਰਨਣ ਸਮੇਂ ਉਹਦੇ ਬਿਆਨ ਵਿਚ ਜਾਨ ਨਹੀਂ। ਇਉਂ ਜਾਪਦਾ ਹੈ ਜਿਵੇਂ ਉਹ ਦੂਰ ਖੜਾ ਕਿਸੇ ਮਸਲੇ ਬਾਰੇ ਗੱਲ ਕਰ ਰਿਹਾ ਹੋਵੇ। ਅਮਰੀਕ ਸਿੰਘ 'ਕੰਡਾ' ਹਾਲੇ ਗਭਰੇਟ ਹੈ। ਉਹ ਸਾਰੇ ਸਮਾਜਿਕ ਵਰਤਾਰੇ ਨੂੰ ਰੁਮਾਂਟਿਕ ਦ੍ਰਿਸ਼ਟੀਕੋਣ ਰਾਹੀਂ ਦੇਖਦਾ ਹੈ। ਇਹੋ ਕਾਰਨ ਹੈ ਕਿ ਗੰਭੀਰ ਗੱਲ ਕਰਨ ਸਮੇਂ ਵੀ ਉਸਦੀ ਕਥਾ ਨੀਰਸਤਾ ਦਾ ਸ਼ਿਕਾਰ ਨਹੀਂ ਹੁੰਦੀ। ਪਹਿਲੀ ਕਥਾ 'ਅਸਲ ਥਾਂ' ਇਕ ਗਰੀਬ ਤੇ ਅਨਾਥ ਮੁੰਡੇ ਦੀ ਆਤਮਕਥਾ ਹੈ। ਜਿਹੜਾ ਇਕ ਝਟਕਈ ਦੀ ਦੁਕਾਨ 'ਤੇ ਕੰਮ ਕਰਦਾ ਹੈ ਤੇ ਗੁਲਾਮਾਂ ਵਾਲਾ ਜੀਵਨ ਜਿਉਂਦਾ ਹੈ। ਉਹ ਚੰਗੇ ਜੀਵਨ ਦੀ ਲਾਲਸਾ ਕਰਦਾ ਹੈ, ਪ੍ਰੰਤੂ ਮੁਰਗਿਆਂ ਦੀ ਸੜਾਂਦ ਵਿਚੋਂ ਆਪਣੇ ਆਪ ਨੂੰ ਮੁਕਤ ਨਹੀਂ ਕਰ ਸਕਦਾ। ਇਸ ਕਥਾ ਨੂੰ 'ਕੰਡਾ' ਦੀਆਂ ਸਮਾਜਿਕ ਸਰੋਕਾਰ ਵਾਲੀਆਂ ਕਥਾਵਾਂ ਵਿਚ ਰੱਖਿਆ ਜਾ ਸਕਦਾ ਹੈ। ਦੂਜੀ ਕਥਾ 'ਪਿਘਲਦਾ ਅਤੀਤ' ਅਜਿਹੇ ਦੋ ਮੱਧ ਵਰਗੀ ਪਾਤਰਾਂ ਬਾਰੇ ਹੈ ਜਿਨ੍ਹਾਂ ਦੇ ਅਤੀਤ ਵਿਚ ਹੋਰ ਸਾਥੀ ਸਨ। ਉਹ ਇਹਨਾਂ ਦੇ ਜੀਵਨ ਵਿਚੋਂ ਨਿਕਲ ਚੁੱਕੇ ਹਨ। ਪ੍ਰੰਤੂ ਉਹਨਾਂ ਦੀ ਮਾਨਸਿਕਤਾ ਨੂੰ ਹਾਲੇ ਵੀ ਜਕੜੀ ਬੈਠੇ ਹਨ। ਅੰਤ ਵਿਚ ਉਹ ਇਕ ਦੂਜੇ ਦੇ ਸਰੀਰਕ ਪੱਖੋਂ ਨੇੜੇ ਹੁੰਦੇ ਹਨ ਅਤੇ ਇਸ ਕਿਰਿਆ ਰਾਹੀਂ ਅਤੀਤ ਨੂੰ ਭੁੱਲ ਜਾਂਦੇ ਹਨ। ਤੀਜੀ ਕਥਾ 'ਮੂਸਾ' ਵਿਚ ਵੀ ਅਜੋਕੇ ਬੁਰਜਆ, ਸਦਾਚਾਰ ਦਾ ਚਿਤਰਨ ਹੈ। ਜਿਸ ਵਿਚ ਇਕ ਪਤੀ ਆਪਣੀ ਪਤਨੀ ਦਾ ਦਲਾਲ ਬਣਦਾ ਹੈ ਤੇ ਇਸੇ ਦੇਹ ਵਪਾਰ ਦੇ ਆਸਰੇ ਆਪਣਾ ਜੀਵਨ ਜਿਉਂਦਾ ਹੈ। 'ਅਜਗਰ' ਵਿਚ ਅਜੋਕੇ ਅਕਾਦਮਿਕ ਮਾਹੌਲ ਦਾ ਵਰਨਣ ਹੈ। ਜਿਸ ਵਿਚ ਖੋਜ ਕਰ ਰਹੇ ਇਕ ਵਿਦਿਆਰਥੀ ਦੀ ਉਸਦੇ ਅਖੌਤੀ ਗਾਈਡ ਵਲੋਂ ਉਸ ਦੀ ਆਰਥਿਕ ਲੁੱਟ ਕੀਤੀ ਜਾਂਦੀ ਹੈ। ਇਥੇ ਲੇਖਕ ਅਚੇਤ ਹੀ ਅਜੋਕੇ ਬੁਰਜਵਾ ਵਰਤਾਰੇ ਦਾ ਵਰਨਣ ਕਰ ਗਿਆ ਹੈ। 'ਅਕਸ' ਇਥੇ ਇਕ ਮੱਧ ਵਰਗੀ ਛੋਕਰੀ ਦਾ ਵਰਨਣ ਹੈ ਜਿਹੜੀ ਨਵੀਨ ਤੇ ਪੁਰਾਤਨ ਸੰਸਕਾਰਾਂ ਦੇ ਦਵੰਦ ਵਿਚ ਫਸੀ ਹੋਈ ਹੈ। ਉਹ ਚਾਹੁੰਦੀ ਕੁਝ ਹੋਰ ਹੈ ਉਸ ਨਾਲ ਵਾਪਰਦਾ ਕੁਝ ਹੋਰ ਹੈ। ਉਹਨੂੰ ਧੋਖੇਬਾਜ਼ ਪਤੀ ਮਿਲਦਾ ਹੈ। ਆਪਣੀਆਂ ਭਾਵਨਾਵਾਂ ਉਸ ਨਾਲ ਜੋੜਦੀ ਹੈ। ਪ੍ਰੰਤੂ ਧੋਖੇ ਨਾਲ ਸਭ ਕੁਝ ਟੁੱਟ ਭੱਜ ਜਾਂਦਾ ਹੈ। ਉਸਨੂੰ ਇਕ ਹੋਰ ਪਤੀ ਮਿਲਦਾ ਹੈ। ਜਿਹੜਾ ਆਪਣਾ ਆਪ ਉਸਨੂੰ ਸਮਰਪਿਤ ਕਰ ਦਿੰਦਾ ਹੈ। ਪ੍ਰੰਤੂ ਉਹ ਇਸ ਨਾਲ ਵੀ ਖੁਸ਼ ਨਹੀਂ। ਉਹ ਭਾਵਨਾਵਾਂ ਨਹੀਂ ਹੱਡ ਮਾਸ ਦਾ ਜੀਵਨ ਲੋਚਦੀ ਹੈ। 'ਧਰਤੀ ਦੇ ਰੱਬ' ਕਥਾ ਇਕ ਮੱਧ ਵਰਗੀ ਘਰ ਦੀ ਹੈ ਜਿਸ ਵਿਚ



ਔਰਤਾਂ ਤੇ ਬੱਚਿਆਂ ਨੂੰ ਆਪੋ ਆਪਣੀ ਪਈ ਹੈ। ਹੋਰ ਕਿਸੇ ਗੱਲ ਦਾ ਖਿਆਲ ਨਹੀਂ। ਇਹਨਾਂ ਦੀ ਆਪ ਮੁਹਾਰਤਾ ਦੇਖ ਕੇ ਲੇਖਕ ਇਹਨਾਂ ਨੂੰ 'ਧਰਤੀ ਦੇ ਰੱਬ' ਕਹਿੰਦਾ ਹੈ। 'ਚੋਰਾਂ ਨੂੰ ਮੋਰ' ਨਵੀਨ ਵਿਸ਼ਾ ਹੋਣ ਦੀ ਥਾਂ ਇਕ ਪੁਰਾਤਨ ਲੋਕ ਕਥਾ ਵਾਂਗ ਹੈ ਜਿਸ ਵਿਚ ਮਰਦ ਤੇ ਔਰਤ ਇਕ ਕਾਮ ਦੇ ਭੁੱਖੇ ਧਨਾਢ ਨੂੰ ਲੁਟਦੇ ਹਨ। ਜਿਹੜਾ ਆਪ ਲੋਕਾਂ ਨੂੰ ਭਾਰੀ ਵਿਆਜ ਰਾਹੀਂ ਲੁੱਟਦਾ ਹੈ। 'ਪੰਖ ਵਿਹੂਣੇ' ਵਿਚ ਇਕ ਉਲਾਰ ਮਾਨਸਿਕਤਾ ਦੇ ਨਾਇਕ ਦਾ ਵਰਨਣ ਹੈ ਜਿਹੜਾ ਆਪਣੀ ਗੱਲ ਪੁਗਾਉਣ ਲਈ ਨਾਇਕਾ ਦਾ ਜੀਵਨ ਬਰਬਾਦ ਕਰ ਦਿੰਦਾ ਹੈ।

'ਲੀਰੋਂ ਪਰੇ' ਇਕ ਸਮਾਜਿਕ ਸਰੋਕਾਰ ਦੀ ਕਥਾ ਕਹੀ ਜਾ ਸਕਦੀ ਹੈ। ਇਸ ਵਿਚ ਇਕ ਨਾਇਕ ਸੱਤੂ ਇਕ ਸਾਧਨ ਵਿਹੂਣਾ ਵਿਅਕਤੀ ਹੈ। ਉਹ ਆਰਥਿਕ ਪੱਖੋਂ ਟੁਟਿਆ ਹੋਇਆ ਹੈ। ਇਸ ਦੇ ਨਾਲ ਹੀ ਉਹ ਪੁਰਾਣੇ ਸੰਸਕਾਰਾਂ ਨੂੰ ਤੋੜਨਾ ਚਾਹੁੰਦਾ ਹੈ। ਪ੍ਰੰਤੂ ਉਹਦੀ ਮਾਂ ਤੇ ਹੋਰ ਸਾਰਾ ਆਲਾ-ਦੁਆਲਾ ਉਹਨਾਂ ਪੁਰਤਾਨ ਸੰਸਕਾਰਾਂ ਨੂੰ ਲੋਹੇ ਦੀਆਂ ਜ਼ੰਜੀਰਾਂ ਵਾਂਗ ਕਾਇਮ ਰੱਖਣਾ ਚਾਹੁੰਦੇ ਹਨ। ਪ੍ਰੰਤੂ ਨਾਇਕ ਇਹਨਾਂ ਨੂੰ ਅੰਤ ਵਿਚ ਤੋੜਨ ਵਿਚ ਸਫਲ ਹੋ ਜਾਂਦਾ ਹੈ। 'ਬਦਲਦੇ ਸੰਸਕਾਰ' ਇਕ ਪੈਟੀ ਬੁਰਜ਼ਵਾ ਔਰਤ ਦਾ ਚਿਤਰ ਹੈ ਜਿਹੜੀ ਜਗੀਰੂ ਵਿਆਹ ਪ੍ਰਥਾ ਦੇ ਬੰਧਨਾਂ ਨੂੰ ਤੋੜ ਕੇ ਮੁਕਤ ਜੀਵਨ ਜਿਉਣਾ ਚਾਹੁੰਦੀ ਹੈ। ਉਹ ਇਕੋ ਸਮੇਂ ਕਈ ਵਿਅਕਤੀਆਂ ਨਾਲ ਸਬੰਧ ਰੱਖਦੀ ਹੈ। ਪਰ ਆਪਣਾ ਕਿਸੇ ਨੂੰ ਨਹੀਂ ਬਣਾਉਂਦੀ। ਇਹ ਨਵੀਨ ਬੁਰਜਵਾ ਸ਼ੈਲੀ ਦਾ ਚਿਤਰ ਹੈ। 'ਪਰਤ ਦਰ ਪਰਤ' ਇਹ ਵੀ ਅਜੋਕੇ ਬੁਰਜਵਾ ਵਰਤਾਰੇ ਦਾ ਵਰਨਣ ਹੈ। 'ਹੁਣ ਤਾਂ ਹੱਸ ਪਉ ਪਾਪਾ' ਇਕ ਨਿਮਨ ਮੱਧ-ਵਰਗੀ ਵਿਅਕਤੀ ਦਾ ਚਿਤਰ ਹੈ। ਜਿਹੜਾ ਘੱਟ ਆਮਦਨ ਹੋਣ ਕਾਰਨ ਆਪਣੀ ਬੱਚੀ ਦੀ ਮਹਿੰਗੀ ਗੁੱਡੀ ਲੈਣ ਦੀ ਮੰਗ ਪੂਰੀ ਨਹੀਂ ਕਰ ਸਕਦਾ। 'ਦੋਸ਼ੀ-ਕੌਣ' ਇਕ ਪੜ੍ਹੇ ਲਿਖੇ ਬੇਰੁਜ਼ਗਾਰ ਵਿਅਕਤੀ ਦੀ ਕਥਾ ਹੈ। ਜਿਸਨੂੰ ਪੜ੍ਹ ਲਿਖਕੇ ਵੀ ਕੋਈ ਚੱਜ ਦੀ ਨੌਕਰੀ ਨਹੀਂ ਮਿਲਦੀ। ਪ੍ਰੰਤੂ ਲੇਖਕ ਸਮਾਜਿਕ ਤੌਰ 'ਤੇ ਚੇਤਨ ਨਾ ਹੋਣ ਕਾਰਨ ਇਸ ਵਿਵਸਥਾ ਦਾ ਕਾਰਨ ਨਹੀਂ ਦੱਸ ਸਕਦਾ। 'ਤੇਰੇ ਦੁੱਖ ਮੇਰੇ ਨੇ' ਇਕ ਮੱਧ ਵਰਗੀ ਇਸਤਰੀ ਦੀ ਕਹਾਣੀ ਹੈ ਜਿਹੜੀ ਆਪ ਬਿਮਾਰ ਹੋਣ ਕਾਰਨ ਆਪਣੇ ਮਨ ਦੇ ਹਾਣੀ ਨਾਲ ਵਿਆਹ ਨਹੀਂ ਕਰਾਉਂਦੀ। ਪਹਿਲਾ ਹਾਣੀ ਜਾਤ-ਪਾਤ ਦੇ ਬੰਧਨ ਕਾਰਨ ਪ੍ਰਾਪਤ ਨਹੀਂ ਸੀ ਹੋ ਸਕਿਆ। ਦੂਜੇ ਦਾ ਵਿਆਹ ਆਪ ਇਕ ਬਿਨਾਂ ਵਿਆਹ ਤੋਂ ਜੰਮੀ ਕੁੜੀ ਨਾਲ ਕਰਵਾ ਦਿੰਦੀ ਹੈ ਤੇ ਆਪਣੀ ਸਾਰੀ ਜਾਇਦਾਦ ਉਸਦੇ ਨਾਂ ਕਰ ਦਿੰਦੀ ਹੈ। 'ਮੰਨੂ ਅਜੇ ਮਰਿਆ ਨਹੀਂ' ਵਿਚ ਇਕ ਪੁਰਾਤਨ ਸੰਸਕਾਰਾਂ ਵਿਚ ਜਕੜੇ ਪੁਰਸ਼ ਦੀ ਕਥਾ ਹੈ ਜਿਹੜਾ ਮਨੂੰ ਦੇ ਕਥਨ ਅਨੁਸਾਰ ਤੀਵੀਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਦਾ ਹੈ। 'ਸੰਸਕਾਰ' ਇਕ ਇਹੋ ਜਿਹੀ ਔਰਤ ਦੀ ਕਹਾਣੀ ਹੈ ਜਿਹੜੀ ਸਮਾਜਿਕ ਬੰਧਨ ਤੋੜ ਕੇ ਮੁਕਤ ਹੁੰਦੀ ਹੈ। ਪ੍ਰੰਤੂ ਹੱਥੀਂ ਪਾਲੇ ਪੁੱਤਰ ਰਾਹੀਂ ਮੁੜ ਗੁਲਾਮ ਹੋ ਜਾਂਦੀ ਹੈ। 'ਮੋਈਆਂ ਸੱਧਰਾਂ ਦਾ ਸੰਤਾਪ' ਇਕ ਅਜਿਹੇ ਕਲਾਕਾਰ ਦੀ ਕਥਾ ਹੈ ਜਿਸ ਦੀ ਕਲਾ ਰੋਟੀ ਦੇ ਟੁਕੜਿਆਂ ਹੇਠਾਂ ਦੱਬੀ ਜਾਂਦੀ ਹੈ।

ਅਮਰੀਕ ਸਿੰਘ 'ਕੰਡਾ' ਵਿਸ਼ੇ ਮੱਧ ਵਰਗੀ ਜੀਵਨ ਦੇ ਵੱਖੋ-ਵੱਖਰੇ ਪੱਖਾਂ ਵਿਚੋਂ ਚੁਣਦਾ ਹੈ ਅਤੇ ਰੌਚਿਕਤਾ ਨਾਲ ਬਿਆਨ ਕਰਦਾ ਹੈ। ਬੋਲੀ ਪੱਖੋਂ ਉਸਦੀ ਲੇਖਣੀ ਵਿਚ ਰਵਾਨਗੀ ਹੈ। ਮੈਂ ਇਸ ਕਥਾ ਸੰਗ੍ਰਹਿ ਦਾ ਇਸ ਆਸ ਉੱਤੇ ਸੁਆਗਤ ਕਰਦਾ ਹਾਂ ਕਿ ਭਵਿੱਖ ਵਿਚ ਉਹ ਸਮਾਜਿਕ ਸੁਆਲਾਂ ਨੂੰ ਵਿਸ਼ੇ ਵਜੋਂ ਗ੍ਰਹਿਣ ਕਰੇਗਾ ਤੇ ਡੂੰਘਾਈ ਨਾਲ ਉਹਨਾਂ ਨੂੰ ਪੇਸ਼ ਕਰੇਗਾ। ***(ਸੁਰਜੀਤ ਗਿੱਲ)***

## ਕਤਰਾ ਕਤਰਾ ਨੂਰ / *ਭੁਪਿੰਦਰ ਸਿੰਘ ਸੱਗੂ*

'ਕਤਰਾ ਕਤਰਾ ਨੂਰ' ਗ਼ਜ਼ਲ ਸੰਗ੍ਰਹਿ ਇੰਗਲੈਂਡ ਵੱਸਦੇ ਪੰਜਾਬੀ ਸ਼ਾਇਰ ਭੁਪਿੰਦਰ ਸਿੰਘ ਸੱਗੂ ਦੀ ਚੌਥੀ ਕਾਵਿ ਪੁਸਤਕ ਹੈ। ਇਸ ਤੋਂ ਪਹਿਲਾਂ ਉਹ 'ਰਿਸ਼ਤਿਆਂ ਦਾ ਜੰਗਲ', 'ਸੱਚ ਤੇ ਸੂਲੀ' ਅਤੇ 'ਸਿਮਟੇ ਹੋਏ' ਪਲ ਕਾਵਿ ਸੰਗ੍ਰਹਿ ਛਾਪ ਚੁੱਕਾ ਹੈ। ਹੱਥਲੀ ਪੁਸਤਕ ਨੈਸ਼ਨਲ ਬੁੱਕ ਸ਼ਾਪ, ਦਿੱਲੀ ਦੁਆਰਾ ਪ੍ਰਕਾਸ਼ਿਤ ਹੈ। 80 ਸਫਿਆਂ ਦੀ ਗਲਤੀਆਂ ਰਹਿਤ ਛਪਾਈ ਤੇ ਸੁੰਦਰ ਦਿੱਖ ਵਾਲੀ ਇਸ ਪੁਸਤਕ ਵਿੱਚ 65 ਗ਼ਜ਼ਲਾਂ

ਅਤੇ ਕਨੇਡਾ ਵਾਲੇ ਨਦੀਮ ਪਰਮਾਰ ਜੀ ਦਾ ਮੁਖ ਬੰਦ ਹੈ। ਡਾ. ਰਜਨੀਸ਼ ਬਹਾਦਰ ਦੀ ਰਾਹਦਾਰੀ ਬੈਕ ਟਾਈਟਲ ਉੱਤੇ ਸੱਗੂ ਦੀ ਫੋਟੋ ਨਾਲ ਨਥੀ ਹੈ। 100 ਰੁਪਏ ਮੁੱਲ ਦੀ ਇਹ ਸ਼ਾਇਰੀ ਪ੍ਰਗਤੀਵਾਦੀ ਸ਼ਾਇਰ ਨਰਿੰਜਣ ਸਿੰਘ ਨੂਰ ਨੂੰ ਸਮਰਪਿਤ ਹੈ।

ਭੁਪਿੰਦਰ ਸੱਗੂ ਜ਼ਿੰਦਗੀ ਦੀ ਸੁੰਦਰਤਾ, ਸੁਖੇਨਤਾ ਤੇ ਕਲਿਆਣਤਾ ਦਾ ਲੋਚਕ ਹੈ। ਲੋਕਤਾ ਪ੍ਰਤੀ ਉਸਦੀ ਪ੍ਰਤੀਬੱਧਤਾ ਉਸਦੇ ਸ਼ਿਅਰਾਂ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੀ ਹੈ। ਉਹ ਹਨੇਰੇ ਨੂੰ ਧਿਰਕਾਰਦਾ ਅਤੇ ਨੂਰ ਦਾ ਆਸ਼ਕ ਸ਼ਾਇਰ ਹੈ। ਏਸੇ ਲਈ ਸ਼ਬਦ 'ਨੂਰ' ਨੂੰ ਉਸ ਨੇ ਅਕੀਦਤ ਦਾ ਦਰਜਾ ਦੇ ਦਿੱਤਾ ਹੈ। ਸਾਰੀ ਸ਼ਾਇਰੀ ਵਿੱਚ ਨੁਮਾਇਆ ਪੱਖ ਉਸ ਯੂਨੀਵਰਸਲ ਟਰੁੱਥ ਵਜੋਂ ਉਭਰਦਾ ਹੈ ਕਿ ਅਖੀਰ ਇਸ ਧਰਤੀ ਉੱਤੇ ਕਰਮੀਆਂ ਦਾ ਰਾਜ ਹੋਣਾ ਹੈ। ਜ਼ਾਲਮਾਂ, ਚਾਲਬਾਜ਼ਾਂ, ਲੁਟੇਰਿਆਂ ਤੇ ਸਾਮਰਾਜੀਆਂ ਹਾਰ ਜਾਣਾ ਹੈ। ਸੱਗੂ ਦੀ ਸ਼ਾਇਰੀ ਵਿੱਚ ਅਮਲ ਪ੍ਰਤੀ ਤਾਂਘ ਪਰ ਜੰਗ ਪ੍ਰਤੀ ਘ੍ਰਿਣਾ ਹੈ। ਉਹ ਬੁਜ਼ਦਿਲੀ ਨੂੰ ਵੰਗਾਰਦੀ ਪੋਂਦ ਲੋਚਦਾ ਹੈ। ਮਜ਼ਬੀ ਜਨੂੰਨੀਆਂ ਤੇ ਬੁਨਿਆਦ ਪ੍ਰਸਤੀ 'ਤੇ ਵਿਅੰਗ ਕੱਸਦਾ ਹੈ। ਉਹ ਬੜੀ ਹੀ ਬੇਬਾਕੀ ਪਰ ਸਹਿਜ ਨਾਲ ਇਵੇਂ ਕਹਿੰਦਾ ਹੈ—ਕਿਸੇ ਪੱਥਰ ਦੀ ਪੂਜਾ ਵਾਂਗ ਹੀ ਸ਼ਬਦਾਂ ਦੀ ਪੂਜਾ ਹੈ' ਉਹ ਆਪਣੇ ਵਤਨ ਉਤੇ ਚੋਰ-ਰਾਜ ਉੱਤੇ ਹੰਝੂ ਕੇਰਦਾ ਹੈ।

ਸੱਗੂ ਨਿੱਕੇ ਬਹਿਰਾਂ ਦਾ ਪ੍ਰਬੀਨ ਸ਼ਾਇਰ ਹੈ। ਨਿੱਕੀ ਬਹਿਰ ਵਿਚ ਉਹ ਵੱਡੀ ਗੱਲ ਕਰ ਜਾਂਦਾ ਹੈ। ਉਸਨੇ 2 ਫੇਲੁਣ (4 ਮਾਤਰਾਂ) ਵਿੱਚ ਵੀ ਭਾਵਪੂਰਤ ਗ਼ਜ਼ਲ ਕਹੀ ਹੈ। ਭਾਵੇਂ ਉਸਦੀ ਸਰਲਤਾ ਕਈ ਵੇਰ ਸਪਾਟਤਾ ਬਣ ਜਾਂਦੀ ਹੈ ਪਰ ਪਾਠਕਾਂ ਨਾਲ ਰਾਬਤਾ ਗੂੜ੍ਹਾ ਹੁੰਦਾ ਹੈ।

ਅਸਲ ਵਿੱਚ ਪਰਵਾਸੀ ਗ਼ਜ਼ਲਗੋਆਂ ਨੂੰ ਸਮੁੱਚੀ ਪੰਜਾਬੀ ਗ਼ਜ਼ਲ ਦੇ ਬਰਅਕਸ ਰੱਖਕੇ ਨਿਰਖਿਆਂ ਪਰਖਿਆਂ ਉਹਨਾਂ ਨਾਲ ਜ਼ਿਆਦਤੀ ਹੋਵੇਗੀ। ਪੰਜਾਬ ਵਿੱਚ ਰਚੀ ਜਾ ਰਹੀ ਗ਼ਜ਼ਲ ਹੁਣ ਉਸ ਮੁਕਾਮ ਉੱਤੇ ਹੈ ਕਿ ਕਈ ਵੇਰ ਪਰਵਾਸੀ ਗ਼ਜ਼ਲ ਨਿਰੀ ਤੁਕ ਬੰਦੀ ਲਗਦੀ ਹੈ ਪਰ ਫੇਰ ਵੀ ਸੱਗੂ ਕੋਲ ਜੇ ਪੰਜਾਬ ਦੀ ਮਿੱਟੀ ਦੀ ਮਹਿਕ ਨਹੀਂ ਤਾਂ ਉਸ ਕੋਲ ਨਸਲਵਾਦ,ਰੰਗ ਭੇਦ, ਪਰਦੇਸਾਂ ਦੇ ਮਾਮਲੇ ਅਤੇ ਵਤਨ ਦੀ ਹੁੱਬ ਦੀ ਕਸਤੂਰੀ ਹੈ ਜੋ ਉਸਦੀ ਸ਼ਾਇਰੀ ਨੂੰ ਬਾਕੀ ਪਰਵਾਸੀਆਂ ਨਾਲੋਂ ਵੱਖਰੀ ਪਛਾਣ ਦਾ ਮਾਲਕ ਬਣਾਉਂਦੀ ਹੈ। ਹਰ ਪਾਸੇ ਬੇ-ਚੈਨੀ, ਬੇਰੁਜ਼ਗਾਰੀ, ਸ਼ੋਰ-ਸ਼ਰਾਬਾ, ਕਬਰਾਂ ਵਰਗੇ ਘਰ ਤੇ ਪੂਰਬ-ਪੱਛਮ ਦਾ ਤਜ਼ਾਦ ਵੀ ਉਸਦੇ ਸ਼ਿਅਰਾਂ ਵਿੱਚ ਤਿੱਖਾ ਹੈ।

ਸੱਗੂ ਨੇ 65 ਗ਼ਜ਼ਲਾਂ ਹੇਠ ਲਿਖੇ 16 ਛੰਦਾਂ-ਬਹਿਰਾਂ ਵਿੱਚ ਲਈਆਂ ਹਨ : ਦੋ ਫੇਲੁਨ ਵਿੱਚ 1 ਗ਼ਜ਼ਲ, ਤਿੰਨ ਫੇਲੁਨ+ਫੇ ਵਿੱਚ 14 ਗ਼ਜ਼ਲਾਂ, ਚਾਰ ਫੇਲੁਨ ਵਿੱਚ 14 ਗ਼ਜ਼ਲਾਂ, ਪੰਜ ਫੇਲੁਨ ਵਿੱਚ 2 ਗ਼ਜ਼ਲਾਂ, ਪੰਜ ਫੇਲੁਨ+ਫੇ ਵਿੱਚ 3 ਗ਼ਜ਼ਲਾਂ, ਛੇ ਫੇਲੁਨ ਵਿੱਚ 2, ਸੱਤ ਫੇਲੁਨ ਵਿੱਚ 2, ਅੱਠ ਫੇਲੁਨ ਵਿੱਚ 1, ਬਹਿਰ ਰਮਲ ਵਿੱਚ 13 ਗ਼ਜ਼ਲਾਂ, ਬਹਿਰ ਖਫੀਫ ਵਿੱਚ 2, ਬਹਿਰ ਹਜ਼ਜ ਵਿੱਚ 3,ਬਹਿਰ ਮੁਜਾਰਿਆ ਵਿੱਚ 7 ਗ਼ਜ਼ਲਾਂ, ਦੋਹਰਾ ਛੰਦ ਵਿੱਚ 1 ਗ਼ਜ਼ਲ ਅਤੇ ਤੇਰਵੀਂ ਗ਼ਜ਼ਲ ਬੇ ਬਹਿਰੀ ਹੈ।

ਸ਼ਾਇਰ ਭਾਵੇਂ ਬਾ ਬਹਿਰ ਹੈ ਪਰ ਬਹਿਰ ਨੂੰ ਥਾਂ ਥਾਂ 'ਤੇ ਭੰਗ ਕਰ ਦੇਂਦਾ ਹੈ। ਫੇਲੁਨ ਵਾਲੀਆਂ ਬਹਿਰਾਂ ਉਸ ਦੀਆਂ ਵਧੀਕ ਹਨ ਪਰ ਉਹ ਗੁਰੂ ਲਘੂ ਤੋਂ ਬਾਅਦ ਫਿਰ ਗੁਰੂ ਲਘੂ ਦਾ ਆਮ ਦੁਹਰਾਅ ਕਰਦਾ ਹੈ ਯਾਨਿ ਉਹ ਹਰਕਤੀ ਸ਼ਬਦਾਂ ਵਿੱਚ ਖੜੋਤ ਸਿਰਜ ਦੇਂਦਾ ਹੈ। ਬਹੁਤ ਸਾਰੇ ਸ਼ਬਦ ਗਲਤ ਵਜ਼ਨ ਵਿੱਚ ਬੰਨ੍ਹੇ ਹਨ ਜਿਵੇਂ, ਨ+ਰਕ, ਗ਼ਜ਼+ਲ, ਕਿ+ਰਨ ਅਤੇ ਕਿਰ+ਨ, ਉ+ਮਰ, ਕ+ਹਿਣ, ਇ+ਸ਼ਟ, ਅ+ਮਲ, ਹ+ਰਨ, ਚੱਲੀ ਨੂੰ ਚ+ਲੀ,ਜ+ਹਿਰ ਆਦਿ। ਬਹੁਤ ਸਾਰੇ ਸ਼ਿਅਰ ਜੋ ਰੂਪੋਂ ਡਿਗ ਗਏ ਹਨ ਉਹਨਾਂ ਨੂੰ ਥੋੜ੍ਹੀ ਮਿਹਨਤ ਨਾਲ ਠੀਕ ਕੀਤਾ ਜਾ ਸਕਦਾ ਸੀ। ਸੱਗੂ ਦੀ ਸ਼ਾਇਰੀ ਵਿੱਚ ਨਕਸਲੀਆਂ ਵਰਗੀ ਮੁਢਲੀ ਕਿਸਮ ਦੀ ਲਲਕਾਰੇਬਾਜ਼ੀ ਵਧੇਰੇ ਹੈ ਜਦੋਂ ਕਿ ਤਰਕਸ਼ੀਲਤਾ ਅਤੇ ਸਿਆਣਿਆਂ ਵਾਲੀ ਸੰਜੀਦਗੀ ਦੀ ਘਾਟ ਹੈ।

ਉਮੀਦ ਹੈ ਕਿ ਆਉਂਦੇ ਸਮੇਂ ਸੱਗੂ ਪੰਜਾਬ ਦੀ ਓਪਰੀ ਜਿਹੀ ਗੱਲ ਨਾ ਕਰਕੇ ਆਪਣੇ ਆਸੇ ਪਾਸੇ ਦੇ ਪਾਸਾਰੇ ਤੇ ਵਰਤਾਰੇ ਨੂੰ ਸ਼ਾਇਰੀ ਵਿੱਚ ਢਾਲ ਕੇ ਸਾਨੂੰ ਦੇਸੀ ਬੰਦਿਆਂ ਨੂੰ ਵਲੈਤੀ ਪੈਰਾਡੋਕਸੀਕਲ ਬਣਤਰ ਤੇ ਅਛੂਹ ਬਿੰਬਾਵਲੀ ਵਾਲੀ ਨਵੀਂ ਗ਼ਜ਼ਲ ਭੇਜੇਗਾ।

—*ਸੁਲੱਖਣ ਸਰਹੱਦੀ*



## ਜਾਣੇ ਅਣਜਾਣੇ ਸਫ਼ਰ / *(ਸੁਪਨਦੀਪ ਸੰਧੂ)*

ਜਵਾਨੀ, ਜੋਸ਼ ਅਤੇ ਉਤਸ਼ਾਹ ਦਾ ਸਮਾਂ ਹੁੰਦੀ ਹੈ। ਇਸ ਸਮੇਂ ਹੀ ਮਨੁੱਖ ਸਾਰੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਯਤਨਸ਼ੀਲ ਹੁੰਦਾ ਹੈ। ਅੱਖਾਂ ਵਿਚ ਲਟਕਦੇ ਬੇਅੰਤ ਸੁਪਨਿਆਂ ਦੇ ਹਾਣ ਦਾ ਹੋਣ ਲਈ ਬੰਦਾ ਅੱਕੀਂ ਪਲਾਹੀਂ ਹੱਥ ਮਾਰਦਾ ਹੈ। ਕੁਝ ਇਹੋ ਜਿਹੀ ਮਾਨਸਿਕਤਾ ਵਿਚੋਂ ਹੀ 'ਜਾਣੇ ਅਣਜਾਣੇ ਸਫ਼ਰ' ਦਾ ਲੇਖਕ ਸੁਪਨਦੀਪ ਸੰਧੂ ਲੰਘਿਆ ਹੈ। ਇਸ ਗੱਲ ਦਾ ਗਵਾਹ ਇਸ ਸਫ਼ਰਨਾਮਾ ਕਿਰਤ ਦਾ ਸ਼ਬਦ ਸੰਸਾਰ ਹੈ। ਵੈਸੇ ਤਾਂ ਯੂਰਪ ਅਤੇ ਅਮਰੀਕਾ ਵਰਗੇ ਦੇਸ਼ਾਂ ਦੀ ਆਰਥਿਕ ਖੁਸ਼ਹਾਲੀ ਕਾਰਨ ਪੈਦਾ ਹੋਈ ਚਮਕ ਦਮਕ ਨੇ ਪੱਛੜੇ ਵਿਸ਼ਵ ਦੇ ਸਭ ਦੇਸ਼ਾਂ ਦੇ ਨੌਜਵਾਨਾਂ ਦੀਆਂ ਅੱਖਾਂ ਨੂੰ ਚੁੰਧਿਆ ਛੱਡਿਆ ਹੈ। ਇਸ ਚਮਕ ਦਮਕ ਦੀ ਮਿਕਨਾਤੀਸੀ ਖਿੱਚ ਨੇ ਪੰਜਾਬੀ ਨੌਜਵਾਨ ਅੰਦਰ ਵੀ ਵਿਦੇਸ਼ ਜਾਣ ਦੀ ਅਮੋੜ ਖਾਹਸ਼ ਦਾ ਝੱਲਾ ਬੌਰਾ ਪੈਦਾ ਕਰ ਦਿੱਤਾ ਹੈ। ਉਸ ਨੂੰ ਆਪਣੇ ਸੁਪਨੇ ਸਿਰਫ਼ ਤੇ ਸਿਰਫ਼ ਪੌਂਡਾਂ/ਡਾਲਰਾਂ ਦੇ ਅੰਬਰਾਂ ਸੰਗ ਹੀ ਪੂਰੇ ਹੁੰਦੇ ਜਾਪਦੇ ਹਨ। ਇਨ੍ਹਾਂ ਸੁਪਨਿਆਂ ਦੀ ਪੂਰਤੀ ਲਈ ਉਹ ਕੁਝ ਵੀ ਕਰਨ ਲਈ ਤਿਆਰ ਹੋ ਜਾਂਦਾ ਹੈ। ਵਿਦੇਸ਼ ਜਾਣ ਦੀ ਅਮੋੜ ਲਾਲਸਾ ਅਤੇ ਉੱਥੇ ਜਾ ਕੇ ਪੌਂਡ ਕਮਾਉਣ ਦੇ ਚੱਕਰਵਿਊ ਵਿਚ ਆਮ ਨੌਜਵਾਨ ਕਿਵੇਂ ਫੱਸਦਾ ਅਤੇ ਇਸ ਸਭ ਨਾਲ ਉਸਦੇ ਸਵੈਮਾਣ ਨੂੰ ਕਿੱਥੇ-ਕਿੱਥੇ ਅਤੇ ਕਿਵੇਂ-ਕਿਵੇਂ ਜਰਬਾਂ ਪਹੁੰਚਦੀਆਂ ਹਨ, ਇਹ ਸਭ 'ਜਾਣੇ ਅਣਜਾਣੇ ਸਫ਼ਰ' ਦਾ ਰਚਨਾਤਮਕ ਸਰੋਕਾਰ ਬਣਦਾ ਹੈ। ਇਹ ਸਭ ਤਾਂ ਵੈਸੇ ਹਰ ਨੌਜਵਾਨ ਨਾਲ ਹੀ ਵਾਪਰਦਾ ਹੋਵੇਗਾ। ਸੁਪਨਦੀਪ ਸੰਧੂ ਦੀ ਸਿਫ਼ਤ ਇਸ ਗੱਲ ਵਿਚ ਹੈ ਕਿ ਉਹ ਇਸ ਬੇਅੰਤ ਪਸਾਰੇ ਵਿਚੋਂ ਨਿਪੁੰਨ ਕਾਰੀਗਰ ਵਾਂਗ ਕੁਝ ਵਿਸ਼ੇਸ਼ ਨੂੰ ਚੁਣ ਕੇ, ਇਸ ਦੀ ਕਾਂਟ ਛਾਂਟ ਕਰਕੇ ਜਿਵੇਂ ਛੋਟੀਆਂ ਛੋਟੀਆਂ ਘਟਨਾਵਾਂ ਨੂੰ ਜੋੜਦਾ ਬੀੜਦਾ ਹੈ ਉਹ ਰਲ-ਮਿਲ ਕੇ ਵੱਡੇ ਅਰਥਾਂ ਦੀਆਂ ਸਿਰਜਣਾ ਕਰਦੀਆਂ ਹਨ।

ਪੰਜਾਬੀ ਸਾਹਿਤ ਵਿਚ ਪਿਛਲੇ ਸਮੇਂ ਵਿਚ ਸਫ਼ਰਨਾਮਾ ਵਿਧਾ ਵਿਚ ਲਿਖੇ ਜਾਣ ਵਿਚ ਅਥਾਹ ਵਾਧਾ ਹੋਇਆ ਹੈ। ਇਸ ਲਈ ਬੁਨਿਆਦੀ ਤੌਰ 'ਤੇ ਦੋ ਕਾਰਨ ਹਨ। ਪਹਿਲਾ ਕਾਰਨ ਤਾਂ ਬਹੁਤ ਸਾਰੇ ਪੰਜਾਬੀਆਂ ਦੇ ਵਿਦੇਸ਼ਾਂ ਵਿਚ ਜਾ ਵਸਣ ਉਪਰੰਤ, ਚੰਗੀ ਤਰ੍ਹਾਂ ਸੈਟਲ ਹੋ ਕੇ ਆਪਣੇ ਦੋਸਤਾਂ ਨੂੰ ਉਥੇ ਬੁਲਾਉਣ ਦੇ ਕਾਰਨ ਪੈਦਾ ਹੋਏ ਮੌਕੇ ਹਨ। ਦੂਸਰਾ ਕਾਰਨ ਸਫ਼ਰਨਾਮਾ ਵਿਧਾ ਦੇ ਸੌਖਿਆਂ ਹੋਣ ਵਿਚ ਵੀ ਹੈ। ਸਫ਼ਰਨਾਮੇ ਲਈ ਕੋਈ ਖਾਸ ਕਲਾਤਮਕ ਸਟੈਂਡਰਡ ਨਿਰਧਾਰਨ ਵੀ ਨਹੀਂ ਹੋਏ ਅਤੇ ਲੇਖਕ ਕੋਲ ਇਸ ਵਿਚ ਵਧੇਰੇ ਖੁੱਲ੍ਹਾ ਮਾਣਨ ਦੇ ਮੌਕੇ ਹੁੰਦੇ ਹਨ। ਪਰ ਇਸ ਦੇ ਬਾਵਜੂਦ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਮਾਅਨੇਖੇਜ਼ ਅਤੇ ਦਿਲ ਦੀਆਂ ਡੂੰਘਾਣਾਂ ਨੂੰ ਛੂਹ ਜਾਣ ਵਾਲੀ ਕਿਰਤ ਕਿਸੇ ਵੀ ਵਿਧਾ ਵਿਚ ਲਿਖਣੀ ਅਸਾਨ ਨਹੀਂ ਹੁੰਦੀ। 'ਜਾਣੇ ਅਣਜਾਣੇ ਸਫ਼ਰ' ਦੀ ਯਾਤਰਾ ਦੇ ਇਸ ਨਾਲ ਜੁੜੇ ਪ੍ਰਸੰਗ ਸੁਪਨਦੀਪ ਸੰਧੂ ਦੁਆਰਾ ਆਪਣੀ ਹਿੰਮਤ ਨਾਲ ਇੰਗਲੈਂਡ ਦਾ ਵੀਜ਼ਾ ਪ੍ਰਾਪਤ ਕਰਨ ਅਤੇ ਉਥੇ ਜਾ ਕੇ ਰਹਿਣ ਅਤੇ ਕੰਮ ਕਰਨ ਦੌਰਾਨ ਸੰਪਰਕ ਵਿਚ ਆਏ ਵਿਭਿੰਨ ਰਿਸ਼ਤੇਦਾਰਾਂ, ਦੋਸਤਾਂ ਅਤੇ ਅਜਨਬੀਆਂ ਨਾਲ ਸੰਬੰਧਤ ਹਨ। ਪੰਜਾਬੀ ਸਫ਼ਰਨਾਮਿਆਂ ਦੀ ਭੀੜ ਵਿਚ ਇਹ ਸਫ਼ਰਨਾਮਾ ਇਸ ਕਾਰਨ ਵੱਖਰਾ ਹੈ ਕਿ ਇਸ ਵਿਚਲਾ ਜੀਵਨ ਅਨੁਭਵ ਉਹ ਹੈ ਜੋ ਅਜੇ ਤੱਕ ਪੰਜਾਬੀ ਵਿਚ ਪੇਸ਼ ਨਹੀਂ ਸੀ ਹੋਇਆ ਜਾਂ ਬਹੁਤ ਘੱਟ ਪੇਸ਼ ਹੋਇਆ ਹੈ। ਨੌਜਵਾਨ ਵੀਜ਼ੇ ਲੈਣ ਲਈ ਖੱਜਲ ਖੁਆਰ ਵੀ ਹੁੰਦੇ ਹਨ। ਪਰ ਉਹ ਇਸ ਅਨੁਭਵ ਨੂੰ ਲਿਖਦੇ ਨਹੀਂ। ਇਸੇ ਤਰ੍ਹਾਂ ਹੀ ਕਈ ਪ੍ਰੌੜ ਉਮਰ ਦੇ ਲੇਖਕ ਵਿਦੇਸ਼ ਜਾਂਦੇ ਹਨ, ਉਥੇ ਲੁਕ ਛਿਪ ਕੇ ਕੰਮ ਵੀ ਕਰਦੇ ਹਨ ਅਤੇ ਡਾਲਰ ਵੀ ਕਮਾਉਂਦੇ ਹਨ। ਪਰ ਸਾਥੀਆਂ ਵਿਚ ਨਮੋਸ਼ੀ ਦੇ ਡਰੋਂ ਇਸ ਨੂੰ ਕਲਮਬੱਧ ਨਹੀਂ ਕਰਦੇ। ਸੁਪਨਦੀਪ ਇਹ ਸਭ ਕੁਝ ਕਰਦਾ ਵੀ ਹੈ ਅਤੇ ਇਸ ਸਭ ਨੂੰ ਬੜੇ ਹੀ ਵਿਸ਼ੇਸ਼ ਢੰਗ ਨਾਲ ਪੰਜਾਬੀ ਪਾਠਕਾਂ ਅੱਗੇ ਪਰੋਸਦਾ ਵੀ ਹੈ ਸਗੋਂ ਉਹ ਇਸ ਰਾਹੀਂ ਮਨੁੱਖੀ ਮਨ ਦੀਆਂ ਕਈ ਪਰਤਾਂ ਦੇ ਅੰਦਰ ਡੂੰਘੀ ਝਾਤੀ ਵੀ

ਮਾਰ ਜਾਂਦਾ ਹੈ।

ਸੁਪਨਦੀਪ ਸੰਧੂ ਦਾ ਇਹ ਸਫ਼ਰਨਾਮਾ ਬਾਈ ਕਾਂਡਾਂ ਦੇ ਆਰ-ਪਾਰ ਫੈਲਿਆ ਹੋਇਆ ਹੈ। ਬੁਨਿਆਦੀ ਤੌਰ 'ਤੇ ਇਹ ਸਫ਼ਰਨਾਮਾ ਸਵੈਮਾਣ ਨਾਲ ਭਰੇ ਉਸ ਪੰਜਾਬੀ ਨੌਜਵਾਨ ਦਾ ਬਿੰਬ ਪੇਸ਼ ਕਰਦਾ ਹੈ ਜੋ ਆਪਣੀ ਮਿਹਨਤ ਅਤੇ ਪ੍ਰਤਿਭਾ ਲਈ ਢੁਕਵਾਂ ਧਰਾਤਲ ਲੱਭ ਰਿਹਾ ਹੋਵੇ। ਜਿਸਦਾ ਬੇਚੈਨ ਆਪਾ ਉਸ ਨੂੰ ਨਵੀਆਂ-ਨਵੀਆਂ ਧਰਤੀਆਂ ਅਤੇ ਨਵੇਂ ਨਵੇਂ ਲੋਕਾਂ ਨੂੰ ਖੋਜਣ ਦੇ ਰਾਹ ਤੋਰ ਰਿਹਾ ਹੋਵੇ। ਜੋ ਕਿਸੇ ਵੇਲੇ ਹਾਲਤਾਂ ਨਾਲ ਸਮਝੌਤਾ ਕਰਕੇ ਵੀ ਹਾਲਤਾਂ 'ਤੇ ਭਾਰੂ ਹੋ ਜਾਣ ਦੇ ਵੇਗ ਨਾਲ ਭਰਿਆ ਹੋਵੇ। ਜਿਸ ਵਿਚ ਸਭ ਖਿੱਚਾਂ, ਲਾਲਸਾਵਾਂ ਦੇ ਬਾਵਜੂਦ ਹਰ ਸਥਿਤੀ ਨੂੰ ਸੰਤੁਲਨਮਈ ਢੰਗ ਨਾਲ ਦੇਖਣ ਦੀ ਸੁਹਿਰਦ ਮਾਨਵੀ ਦ੍ਰਿਸ਼ਟੀ ਹੋਵੇ। ਅਜਿਹਾ ਪ੍ਰਭਾਵ 'ਜਾਣੇ ਅਣਜਾਣੇ ਸਫ਼ਰ' ਦੀ ਯਾਤਰਾ ਕਰਦਿਆਂ ਪਾਠਕ ਸੁੱਤੇ ਸਿਧ ਹੀ ਗ੍ਰਹਿਣ ਕਰ ਜਾਂਦਾ ਹੈ। ਪਹਿਲੇ ਚਾਰ ਕਾਂਡ ਅਜਿਹੇ ਵੇਰਵਿਆਂ ਨਾਲ ਭਰੇ ਪਏ ਹਨ ਜਿਸ ਵਿਚੋਂ ਅਕਸਰ ਹੀ ਪੰਜਾਬੀ ਨੌਜਵਾਨਾਂ ਨੂੰ ਏਜੰਟਾਂ/ਪ੍ਰੋਮਟਰਾਂ ਦੇ ਧੱਕੇ ਚੜ੍ਹ ਕੇ ਗੁਜ਼ਰਨਾ ਪੈਂਦਾ ਹੈ। ਇਸ ਦੇ ਨਾਲ ਹੀ ਸੁਪਨਦੀਪ ਸੰਧੂ ਦੀ ਸਖਸ਼ੀਅਤ ਦੇ ਬਾਰੇ ਵੀ ਪਤਾ ਚੱਲਦਾ ਹੈ।

ਸੁਪਨਦੀਪ ਦੇ ਸਫ਼ਰਨਾਮੇ ਦੀ ਸ਼ੈਲੀ ਉਸ ਵੇਲੇ ਆਪਣਾ ਪ੍ਰਭਾਵ ਵਧੇਰੇ ਛੱਡਣਾ ਸ਼ੁਰੂ ਕਰਦੀ ਹੈ ਜਦ ਉਹ ਛੋਟੀਆਂ-ਛੋਟੀਆਂ ਘਟਨਾਵਾਂ ਵਿਚੋਂ ਵੱਡੇ ਅਰਥਾਂ ਨੂੰ ਪਕੜਦਾ ਹੈ। ਇਸ ਕਾਰਨ ਲਈ ਕਾਂਡ ਛੋਟੀਆਂ-ਛੋਟੀਆਂ ਖ਼ੂਬਸੂਰਤ ਕਹਾਣੀਆਂ ਵਰਗੇ ਬਣ ਗਏ ਹਨ। ਮਿਸਾਲ ਵਜੋਂ 'ਦੁਕਾਨ ਦੀ ਰੌਣਕ', 'ਮਾਲਕ ਦਾ ਪੱਖ', 'ਕੌਂਟਿਆ ਵੌਂਢਿਆ ਆਦਮੀ', 'ਪਰਦੇਸਾਂ ਦੇ ਧੱਕੇ', 'ਬੰਦੇ ਵਿਚਲੇ ਰੰਗ' ਅਜਿਹੇ ਕਾਂਡ ਹਨ। ਇਨ੍ਹਾਂ ਕਾਂਡਾ ਵਿਚ ਉਹ ਸਾਰੀ ਗੱਲ ਨੂੰ ਕਿਸੇ ਨਾ ਕਿਸੇ ਪਾਤਰ ਦੁਆਲੇ ਉਣਦਾ, ਛੋਟੇ-ਛੋਟੇ ਵੇਰਵਿਆਂ ਰਾਹੀਂ ਸਥਿਤੀ ਨੂੰ ਇਸ ਤਰ੍ਹਾਂ ਉਘਾੜ ਦਿੰਦਾ ਹੈ ਕਿ ਪਾਤਰ ਅਤੇ ਉਸਦੇ ਦੀ ਸਥਿਤੀ ਇਕ ਦੂਜੇ ਦੇ ਸਮਰੂਪ ਬਣ ਜਾਂਦੇ ਹਨ। ਮਜ਼ੇ ਦੀ ਗੱਲ ਇਹ ਕਿ ਉਹ ਸਭ ਨੂੰ ਬਹੁਤ ਹੀ ਸੰਖੇਪ ਵਿਚ ਛੋਹਾਂ ਦਿੰਦਿਆਂ ਕਹਾਣੀ ਰਸ ਬਣਾਈ ਰੱਖਦਾ ਹੈ। ਵਿਚ-ਵਿਚ ਉਹ ਸਧਾਰਣ ਸਥਿਤੀਆਂ ਰਾਹੀਂ ਵੀ ਬਹੁਤ ਵੱਡੇ ਮਨੁੱਖੀ ਮਸਲਿਆਂ ਨੂੰ ਵੀ ਸੰਬੋਧਿਤ ਹੋ ਜਾਂਦਾ ਹੈ। ਜਿਵੇਂ 'ਦੁਕਾਨ ਦੀ ਰੌਣਕ' ਕਾਂਡ ਪੰਜਾਬੀ ਮੁੰਡਿਆਂ ਨਾਲ ਕੰਮ ਕਰਦੀ ਸਪੇਨ ਦੀ ਅਲੀਜ਼ਾ ਰਾਹੀਂ ਉਹ ਭਾਰਤੀ ਮਨੁੱਖ ਦੀ ਮਾਨਸਿਕਤਾ ਅਤੇ ਪੱਛਮੀ ਇਸਤਰੀ ਦੀ ਮਾਨਸਿਕਤਾ ਵਿਚਲੇ ਪਾੜੇ ਨੂੰ ਬੜੀ ਡੂੰਘੀ ਨਜ਼ਰੇ ਸਮਝ ਕੇ ਬੜੀ ਸਿਆਣੀ ਟਿੱਪਣੀ ਕਰਦਾ ਹੈ। ਉਸ ਨੂੰ ਅਲੀਜਾ ਦੀ ਉਸ ਮਾਨਸਿਕਤਾ ਦੀ ਸਮਝ ਆ ਗਈ ਹੈ ਜੋ ਮਹਿਕਮਿਆਂ ਨਾਲ ਮਿੱਠੇ ਸੰਬੰਧ ਬਣਾ ਕੇ ਵੀ ਉਨ੍ਹਾਂ ਤੋਂ ਨਿਰਲੇਪ ਬਣੇ ਰਹਿਣ ਦੀ ਹੈ।

'ਕੌਂਟਿਆ ਵੌਂਢਿਆ ਆਦਮੀ' ਇਕ ਹੋਰ ਦਿਲ ਨੂੰ ਛੂਹ ਜਾਣ ਵਾਲਾ ਕਾਂਡ ਹੈ। ਜਿਸ ਵਿਚ ਉਹ ਆਪਣੇ ਦੋਸਤ ਕਾਮੇ ਮਨਿੰਦਰ ਦੇ ਕੰਮ 'ਤੇ ਅੰਗੂਠਾ ਕੱਟੇ ਜਾਣ ਦੇ ਵੇਰਵੇ ਨੂੰ ਜਦ ਉਸ ਦੀ ਕੱਟੀ ਵੱਢੀ ਜ਼ਿੰਦਗੀ ਨਾਲ ਜੋੜਦਾ ਹੈ ਤਾਂ ਪਾਠਕ ਦੇ ਦਿਲ ਵਿਚ ਇਕ ਚੀਸ ਜਿਹੀ ਉੱਠਦੀ ਹੈ। 'ਪਰਦੇਸਾਂ ਦੇ ਧੱਕੇ' ਵਿਚ ਸੁਪਨਦੀਪ ਉਸ ਸੱਚ ਨੂੰ ਸੰਬੋਧਿਤ ਹੈ ਜਿਸ ਵਿਚ ਜਸਕਰਨ ਡੋਜੀ ਵਰਗਾ ਧਾਕੜ ਮੁੰਡਾ ਵਿਦੇਸ਼ੀ ਧਰਤੀ ਅਤੇ ਜ਼ਿੰਦਗੀ ਦੇ ਲਫੇੜਿਆ ਅੱਗੇ ਸਿੱਧਾ ਸਤੋਰ ਤੁਰਨ ਲਈ ਮਜਬੂਰ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ 'ਬੰਦੇ ਵਿਚਲੇ ਰੰਗ' ਕਾਂਡ ਵਿਚ ਉਹ ਜਸਦੀਪ ਕੌਰ ਦੇ ਉਸ ਮਾਨਵੀ ਰੰਗ ਨੂੰ ਪਕੜਨ ਦਾ ਯਤਨ ਕਰਦਾ ਹੈ ਜੋ ਉਸਦੇ ਗੈਰ ਮਨੁੱਖੀ ਬਿੰਬ ਥੱਲੇ ਦੱਬਿਆ ਹੋਇਆ ਹੈ।

ਕੁਲ ਮਿਲਾ ਕੇ ਸੁਪਨਦੀਪ ਸੰਧੂ ਦਾ ਇਹ ਪਲੇਠਾ ਸਾਹਿਤਕ ਯਤਨ ਪ੍ਰਸੰਸਾ ਦੇ ਕਾਬਲ ਹੈ। ਉਸ ਨੂੰ ਗਲ ਨੂੰ ਸ਼ੁਰੂ ਕਰਨ, ਅੱਗੇ ਵਧਾਉਣ ਅਤੇ ਅੰਤ ਵਿਚ ਹਲਕੀ ਜਿਹੀ ਲਿਸ਼ਕੋਰ ਨਾਲ ਖਤਮ ਕਰਨ ਦਾ ਵੱਲ ਹੈ। ਉਸ ਵਿਚ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਦਾਰਸ਼ਨਿਕ ਅਰਥ ਦੇਣ ਦੀ ਸੂਝ ਹੈ। ਸਭ ਤੋਂ ਵੱਡੀ ਵੱਲ ਇਹ ਹੈ ਕਿ ਉਸ ਵਿਚ ਵੀ ਆਪਣੇ ਪਿਤਾ ਵਰਿਆਮ ਸੰਧੂ ਵਾਂਗ ਆਪਣੇ ਅਤੇ ਦੂਸਰੇ ਦੇ ਸਵੈਮਾਣ



ਨੂੰ ਬਿਨਾਂ ਠੇਸ ਪਹੁੰਚਾਇਆ ਸਿਰਜਣਾ ਕਰਨ ਦੀ ਸਮਰੱਥਾ ਹੈ। ਦੂਸਰੇ ਦੇ ਸਵੈਮਾਣ ਨੂੰ ਜੇ ਕਿਤੇ ਆਂਚ ਆਉਂਦੀ ਵੀ ਜਾਪੇ ਤਾਂ ਉਹ ਉਸ ਨੂੰ ਕਿਤੇ ਨਾ ਕਿਤੇ ਕਲਾਤਮਿਕ ਨਿਆਇ ਦੇਣ ਦਾ ਯਤਨ ਕਰਦਾ ਹੈ। ਇਹ ਸੰਤੁਲਨਮਈ ਪਹੁੰਚ ਆਪਣੇ ਪਿਤਾ ਵਾਂਗ ਉਸ ਦੇ ਅੰਦਰ ਅਚੇਤੇ ਹੀ ਪਈ ਹੈ। ਮੈਂ ਸਮਝਦਾ ਹਾਂ ਕਿ ਸੁਪਨਦੀਪ ਨੇ ਆਪਣੀ ਮੰਮੀ ਰਾਜਵੰਤ ਸੰਧੂ ਦੀ ਖਾਹਿਸ਼ ਨੂੰ ਪੂਰਾ ਕਰਦਿਆਂ ਪਾਠਕਾਂ ਦੀ ਝੋਲੀ ਵਿਚ ਵਧੀਆ ਕਿਤਾਬ ਪਾਈ ਹੈ। ਵਰਿਆਮ ਸੰਧੂ ਹੋਰਾਂ ਨੂੰ ਨਿਸ਼ਚੰਤ ਹੋ ਜਾਣਾ ਚਾਹੀਦਾ ਹੈ। ਇਸ ਪੁਸਤਕ ਨੂੰ ਪੜ੍ਹਨ ਉਪਰੰਤ ਮੈਨੂੰ ਨਹੀਂ ਜਾਪਦਾ ਕਿ ਇਹੋ ਜਿਹੀ ਸੰਦੇਵਨਸ਼ੀਲ ਅਤੇ ਡੂੰਘੀ ਨੀਝ ਰੱਖਣ ਵਾਲਾ ਮਨੁੱਖ ਕਨੇਡਾ ਦੇ ਡਾਲਰਾਂ ਦੇ ਭਾਰ ਹੇਠ ਦੱਬ ਜਾਵੇਗਾ। ਨਵੀਂ ਪੀੜ੍ਹੀ ਵਾਲਿਆਂ ਨੂੰ ਆਪਣੀ ਇਸ ਨਵੀਂ ਲੱਭਤ 'ਤੇ ਪੂਰਾ ਮਾਣ ਹੈ।

*—ਸੁਖਪਾਲ ਸਿੰਘ ਥਿੰਦ (ਡਾ.)*

## ਚੁੱਪ ਦੇ ਖ਼ਿਲਾਫ਼ (ਗ਼ਜ਼ਲਾਂ)/ *ਸਤੀਸ਼ ਗੁਲਾਟੀ*

ਚਰਚਿਤ ਗ਼ਜ਼ਲ ਸੰਗ੍ਰਹਿ 'ਚੁੱਪ ਦੇ ਖਿਲਾਫ' ਗ਼ਜ਼ਲ ਦੇ ਨਵ ਤੇ ਸਸ਼ਕਤ ਹਸਤਾਖਰ ਸਤੀਸ਼ ਗੁਲਾਟੀ ਦੀ ਪਲੇਠੀ ਪੁਸਤਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਛਾਪੀ ਹੈ। ਵਧੀਆ ਛਪਾਈ ਤੇ ਸੁਹਣੀ ਦਿੱਖ ਵਾਲੀ ਪੁਸਤਕ ਲਈ ਅਜਾਇਬ ਚਿਤਰਕਾਰ ਅਤੇ ਸਰਬਜੀਤ ਸਿੰਘ ਨੇ ਦੋ ਮੁਖਬੰਦ ਲਿਖੇ ਹਨ। ਪੁਸਤਕ ਦੀ ਪਹਿਲੀ ਕਾਪੀ ਸਤੀਸ਼ ਨੇ ਆਪਣੇ ਮਾਣਯੋਗ ਪਿਤਾ ਸ੍ਰੀ ਸ਼ਾਹ ਚਮਨ ਨੂੰ ਭੇਟ ਕੀਤੀ ਹੈ ਪਰ ਪੁਸਤਕ ਡਾ. ਜਗਤਾਰ, ਪਾਤਰ ਅਤੇ ਅਜਾਇਬ ਚਿਤਰਕਾਰ ਦੇ ਨਾਮ ਕੀਤੀ ਹੈ ਇਵੇਂ ਸਹਿਜ ਪ੍ਰਣਾਲੀ ਰਾਹੀਂ ਛੇ ਬੰਦਿਆਂ ਦੀਆਂ ਨਾਮਕ ਸੇਵਾਵਾਂ ਪੁਸਤਕ ਨੂੰ ਹਾਸਲ ਹਨ।

ਸਤੀਸ਼ ਗੁਲਾਟੀ ਮਾਨਵੀ ਸਰੋਕਾਰਾਂ ਦਾ ਜ਼ਿੰਦਗੀ-ਮੱਤਾ ਸ਼ਾਇਰ ਹੈ। ਉਸ ਦੀ ਵਚਨਬਧਤਾ ਜ਼ਿੰਦਗੀ ਦੇ ਸਹਿਜ, ਸੁਹਜ ਅਤੇ ਨੂਰਪੱਖੀ ਹੈ। ਸ਼ਾਇਰੀ ਨੂੰ ਸਤੀਸ਼ ਨੇ ਫ਼ਰਜ਼ ਦੀ ਅਦਾਇਗੀ ਪਰ ਹਥਿਆਰ ਵਜੋਂ ਗ੍ਰਹਿਣ ਕੀਤਾ ਹੈ। ਸ਼ਾਇਰੀ ਦੀ ਰੌਸ਼ਨੀ ਲੈ ਕੇ ਉਹ ਜੀਵਨ ਦੀਆਂ ਨ੍ਹੇਰੀਆਂ ਕੁੰਦਰਾਂ ਰੁਸ਼ਨਾਉਣ ਦੇ ਆਹਰ ਵਿੱਚ ਹੈ। ਉਸਦੀ ਸ਼ਾਇਰੀ ਵਾਚਦਿਆਂ ਸੁਣਦਿਆਂ ਲੱਗਦਾ ਹੈ ਕਿ ਸਤੀਸ਼ ਨ੍ਹੇਰਿਆਂ, ਜ਼ੁਲਮਾਂ ਤੇ ਬੇ ਦਿਲਾਸੀਆਂ ਦੇ ਖਿਲਾਫ ਕਮਰਕੱਸਾ ਕੀਤੀ ਤਿਆਰ ਬਰ ਤਿਆਰ ਸਿਪਾਹੀ ਹੈ। ਚੁਪ ਦੇ ਖਿਲਾਫ ਸਤੀਸ਼ ਨੇ ਠੀਕ ਹੀ ਸ਼ੋਰ ਨੂੰ ਰੱਦ ਕੀਤਾ ਹੈ ਕਿਉਂਕਿ ਸ਼ੋਰ ਖਾਮੋਸ਼ੀ ਨਹੀਂ ਤੋੜਦਾ ਸਗੋਂ ਗੀਤ ਜ਼ਖ਼ਮੀ ਕਰਦਾ ਹੈ। ਤਰਕਸ਼ੀਲ ਅਤੇ ਜ਼ਿੰਦਗੀ ਦੇ ਬੁੱਲ੍ਹਾਂ ਦਾ ਸੰਗੀਤ ਹੀ ਖਾਮੋਸ਼ੀ ਤੋੜੇਗਾ। ਸਤੀਸ਼ ਮਾਨਵ ਚੋਂ ਮਨਫੀ ਹੋ ਰਿਹਾ ਮਾਨਵ ਫਿਲਾਸਫੀ ਭਰੇ ਜੀਵਨ ਦਾ ਅੰਤ ਤੇ ਖਪਤ ਕਲਚਰ ਪ੍ਰਤੀ ਮੋਹ, ਅਗਨ ਸਰਹੱਦਾਂ, ਦਹਿਸ਼ਤ, ਸੋਚਾਂ ਦਾ ਠਰਨ, ਮਖੌਟਿਆਂ ਦਾ ਤਾਂਡਵ,ਦੀਨ ਦਾ ਕਾਲ, ਸਹਿਮੇ ਪਿੰਡ ਤੇ ਸ਼ਹਿਰ, ਫੈਲ ਰਹੀ ਖਾਮੋਸ਼ੀ ਤੇ ਮਰ ਰਹੇ ਗੀਤ। ਸੋਨੇ ਦੀਆਂ ਸਲੀਬਾਂ ਵਰਗੇ ਦਿਲ ਵਿੰਨ੍ਹਵੇਂ ਬਿੰਬਾਂ ਪ੍ਰਤੀਕਾਂ ਰਾਹੀਂ ਆਪਣੇ ਪਾਠਕਾਂ ਸਰੋਤਿਆਂ ਦੇ ਦਿਲ ਤੀਕ ਤੇ ਫਿਰ ਦਿਮਾਗ ਤੀਕ ਪਹੁੰਚਦਾ ਹੈ। ਉਸਦੀ ਪਾਠਕਾਂ ਪ੍ਰਤੀ ਸੰਚਾਰ ਵਿਧੀ ਸਫਲ ਹੈ।

'ਚੁੱਪ ਦੇ ਖਿਲਾਫ' ਦੀ ਸਮੁੱਚੀ ਸ਼ਾਇਰੀ ਬਾਬਹਿਰ ਅਤੇ ਗ਼ਜ਼ਲ ਵਿਧਾਨ ਦੀਆਂ ਜੁਗਤਾਂ ਦੇ ਅਨੁਸਾਰੀ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਫਾ 47 ਉਤੇ ਸਤੀਸ਼ ਐਲਾਨ ਕਰਦਾ ਹੈ ਕਿ 'ਬਹਿਰ ਕੀ ਹੈ, ਵਜ਼ਨ ਕੀ ਹੈ, ਮੈਂ ਨਹੀਂ ਹਾਂ ਜਾਣਦਾ......' ਪਰ ਅਸੀਂ ਸਮਝਦੇ ਹਾਂ ਕਿ ਐਸੇ ਸਾਜ਼ਿਸ਼ੀ ਤੇ ਫੁਸਫੁਸੇ ਐਲਾਨ ਕਰਕੇ ਸਣੇ ਸੁਰਜੀਤ ਪਾਤਰ ਦੇ ਅਨੇਕਾਂ ਮੀਸ਼ੇ ਅਗ਼ਜ਼ਲੀ ਪ੍ਰੋਫੈਸਰ ਵਾਧੇ ਨੂੰ ਖੁਸ਼ ਕਰਨ ਲਈ ਵੱਢੀ ਤਾਰਦੇ ਰਹੇ ਹਨ ਜਦੋਂ ਕਿ ਉਹ ਬਾਬਹਿਰ ਹਨ। ਪਰ ਜੇਕਰ ਸਤੀਸ਼ ਗੁਲਾਟੀ ਵਾਕਈ ਬਹਿਰ ਵਜ਼ਨ ਤੋਂ ਨਾਵਾਕਿਫ਼ ਹੈ ਤਾਂ ਜ਼ਰੂਰ ਹੀ ਇਹ ਪੁਸਤਕ ਵਿਚ ਕਿਸੇ ਗ਼ਜ਼ਲ ਦੇ ਜਾਣਕਾਰ ਦੀ ਮਿਹਨਤ ਦਾ ਲਹੂ ਬੋਲਦਾ ਹੈ। ਇਸ ਸਥਿਤੀ ਵਿੱਚ ਅਸੀਂ ਸਤੀਸ਼ ਦੀ ਸ਼ਾਇਰੀ ਦੀ ਨਹੀਂ ਸਗੋਂ 'ਚੁੱਪ ਦੇ ਖਿਲਾਫ' ਪੁਸਤਕ ਦੇ ਰੂਪ ਵਿਧਾਨ ਬਾਰੇ ਗੱਲ ਕਰਾਂਗੇ।

ਪੁਸਤਕ ਵਿੱਚ ਕੁਲ 62 ਗ਼ਜ਼ਲਾਂ ਹਨ ਪਰ ਵਿਧਾਨ ਮੁਜਬ 15 ਗ਼ਜ਼ਲਾਂ ਜਾਂ ਤਾਂ ਤਿੰਨ ਸ਼ਿਅਰਾਂ ਦੀਆਂ ਹਨ ਜਾਂ ਚਾਰ ਸ਼ਿਅਰੀ। ਅਸੀਂ ਪੰਜਾਂ ਸ਼ਿਅਰਾਂ ਤੋਂ ਛੋਟੀ ਗ਼ਜ਼ਲ ਨੂੰ ਗ਼ਜ਼ਲ ਨਹੀਂ ਮੰਨਦੇ ਇਸ ਲਈ ਇਹ ਗ਼ਜ਼ਲਾਂ ਰੱਦ ਕਰਦੇ ਹਾਂ ਪਰ ਏਥੇ ਬਹਿਰਾਂ ਦਾ ਤਤਕਰਾ ਇਵੇਂ ਹੈ :

(ੳ) ਰਮਲ ਬਹਿਰ=18 ਗ਼ਜ਼ਲਾਂ (ਅ) ਹਜ਼ਜ਼ ਬਹਿਰ=13 (ੲ) ਮੁਤਦਾਰਕ=9 (ਸ) ਸਾਢੇ ਸਤ ਫੇਲੁਲ=5 (ਹ) ਮੁਤਕਾਰਿਬ ਬਹਿਰ=2 ਗ਼ਜ਼ਲਾਂ (ਕ) ਬਹਿਰ ਮੁਜਾਰਿਆ=2 (ਖ) ਬਹਿਰ ਖਫੀਫ=2 (ਗ) ਅੱਠ ਫੇਲੁਨ ਜਾਂ ਮੁਤਦਾਰਕ ਅਤੇ 4 ਫੇਲੁਨ=1+1 (ਘ) ਦੋਹਰਾ=1 (ਙ) ਨਿਸ਼ਾਨੀ=3 (ਚ) ਸਾਢੇ ਪੰਜ ਫੇਲੁਨ ਵਿੱਚ=1 ਗ਼ਜ਼ਲ।

ਪੁਸਤਕ ਵਿੱਚ ਤਿੰਨ ਅੱਖਰੀ ਟੁਕੜਿਆਂ ਨੂੰ ਨਾ ਤਾਂ ਉਰਦੂ ਦੇ ਵਜ਼ਨ ਵਿੱਚ ਅਤੇ ਨਾ ਪੰਜਾਬੀ ਦੇ ਵਿਗਿਆਨਕ ਉਚਾਰਣ ਮੁਜਬ ਬੱਧਾ ਹੈ ਏਸੇ ਲਈ ਰ+ਹਿਣ, ਤਰ+ਸ, ਦਿ+ਸਣ, ਜ+ਰਨਗੇ, ਕ+ਰਨਗੇ, ਭ+ਰਨਗੇ, ਛ+ਰਨਗੇ ਆਦਿ ਗਲਤ ਵਜ਼ਨ ਹਨ। ਸਫਾ 75 ਵਾਲੀ ਗ਼ਜ਼ਲ ਦਾ ਕਾਫੀਆਂ ਜਾਂਦੈ ਦੇ ਬਰਅਕਸ ਮਿਟਾਉਂਦੈ, ਦਿਵਾਉਂਦੈ ਆਦਿ ਗਲਤ ਹਨ। ਸਰਹੱਦਾਂ ਸ਼ਬਦ ਦਾ ਵਜ਼ਨ SIS ਵਿੱਚ ਗਲਤ ਬੱਧਾ ਹੈ। ਪੁਸਤਕ ਦੇ ਆਖਰੀ ਪੰਨਿਆਂ ਵਿੱਚ 20 ਤੋਂ ਵੱਧ ਅਫਰਾਊਂ ਸ਼ਿਅਰ ਦੇ ਕੇ ਗਲਤ ਰਵਾਇਤ ਪਾਉਣ ਦੀ ਹਿਮਾਕਤ ਹੈ।

ਸਤੀਸ਼ ਦੇ ਬਹੁਤ ਸਾਰੇ ਸ਼ਿਅਰ ਸੁਅਮਲ ਅਤੇ ਧੁੰਦਲੇ ਹਨ। ਉਹ ਮਹਿਬੂਬ ਦੇ ਉੱਡਣ ਦੀ ਸ਼ਰਤ ਤੇ ਪੌਣਾਂ 'ਤੇ ਗ਼ਜ਼ਲ ਲਿਖਦਾ ਹੈ ਪਰ ਧਰਤੀ ਨਾਲ ਖਹਿੰਦੀਆਂ ਪੌਣਾਂ 'ਤੇ ਨਹੀਂ, ਉਤਲੀਆਂ, ਹਵਾਵਾਂ ਉਤੇ। ਉਹ ਇਕੱਲਾ ਹੀ ਹੀਰੋ ਨੂੰ ਤਲਵਾਰ ਦੇ ਕੇ ਸਫਲ ਦਿਖਾਉਂਦਾ, ਦਰਿਆਵਾਂ ਨੂੰ ਕਿਨਾਰੇ ਹੀਣ ਕਰਦਾ, ਪੱਥਰਾਂ 'ਚੋਂ ਨਿੱਘ ਲੱਭਦਾ ਹੈ। ਬੜੀ ਥਾਈਂ ਆਵਣ ਤੇ ਜਾਵਣ ਸ਼ਬਦ ਲਿਖ ਕੇ ਵਜ਼ਨ ਪੂਰਤੀ ਕੀਤੀ ਹੈ।

ਸਤੀਸ਼ ਗੁਲਾਟੀ ਦੀ ਪੁਸਤਕ ਬਾਰੇ ਰੂਪ ਵਿਧਾਨ ਦੀ ਸੰਖੇਪ ਚਰਚਾ ਕਰਦਿਆਂ ਉਸ ਦੇ ਬਹੁਤ ਸੁੰਦਰ ਕੇ ਅਭੁੱਲ ਸ਼ਿਅਰ ਵੀ ਮੈਂ ਲਿਖਣੇ ਚਾਹੁੰਦਾ ਸਾਂ ਪਰ....। ਇਹ ਪੁਸਤਕ ਦੁਹਰੇ ਛਪੀ ਹੈ ਪਰ ਫੇਰ ਵੀ ਉਹ 15 ਗ਼ਜ਼ਲਾਂ ਦੇ ਪੰਜ ਪੰਜ ਸ਼ਿਅਰ ਪੂਰੇ ਨਹੀਂ ਕਰ ਸਕਿਆ। ਇਕ ਗੱਲ ਦੀ ਖੁਸ਼ੀ ਹੈ ਕਿ ਸਤੀਸ਼ ਗੁਲਾਟੀ ਭੀੜ ਦਾ ਹਿੱਸਾ ਨਹੀਂ। ਪੁਸਤਕ ਨੂੰ ਜੀ ਆਇਆਂ। *—ਸੁਲੱਖਣ ਸਰਹੱਦੀ*

## ਨੀਰੋ ਦੀ ਬੰਸਰੀ (ਭਗਵਾਨ ਢਿਲੋਂ)

ਪੰਜਾਬੀ ਕਵਿਤਾ ਦੇ ਖੇਤਰ ਵਿੱਚ ਭਗਵਾਨ ਢਿਲੋਂ ਵੱਖਰੀ ਤਰ੍ਹਾਂ ਦਾ ਚੰਗਾ ਕਵੀ ਹੈ। ਦਸ ਸਾਲ ਪਹਿਲਾਂ 1992 ਵਿੱਚ ਉਸ ਦਾ ਪਹਿਲਾ ਕਾਵਿ-ਸੰਗ੍ਰਹਿ "ਉਦਾਸੀ ਹੀਰੇ ਹਰਨ ਦੀ" ਛਪਿਆ ਸੀ। ਗੰਭੀਰ ਭਾਂਤ ਦੀ ਕਵਿਤਾ ਦੇ ਪਾਠਕਾਂ ਨੂੰ ਯਾਦ ਹੈ ਕਿ ਪਹਿਲੇ ਸੰਗ੍ਰਹਿ ਨਾਲ ਉਸ ਨੇ ਆਪਣੀ ਡੂੰਘੀ ਪਛਾਣ ਕਾਇਮ ਕਰ ਲਈ ਸੀ। ਹੁਣ ਐਨੇ ਵਰ੍ਹਿਆਂ ਦੀ ਚੁੱਪ ਬਾਅਦ ਉਸ ਦਾ ਦੂਸਰਾ ਸੰਗ੍ਰਹਿ "ਨੀਰੋ ਦੀ ਬੰਸਰੀ" ਛਪਿਆ ਹੈ। ਇਸ ਵਿੱਚ ਗਿਣਤੀ ਦੀਆਂ ਕੁੱਲ 26 ਨਜ਼ਮਾਂ ਹਨ, ਪਰ ਸਾਰੀਆਂ ਹੀ ਦੇਰ ਤੀਕਰ ਯਾਦ ਰਹਿਣ ਵਾਲੀਆਂ ਹਨ। ਉਸ ਕੋਲ ਵਿਅੰਗ ਦੀ ਪਰਖੀ ਹੋਈ ਵਿਧੀ ਹੈ, ਜਿਸ ਰਾਹੀਂ ਉਸ ਬੇਲਿਹਾਜ਼ ਤੇ ਬੇਦਰੇਗ ਹੋ ਕੇ ਗ਼ਲਤ ਨੀਤੀਆਂ, ਗ਼ਲਤ ਕਦਰਾਂ ਕੀਮਤਾਂ ਤੇ ਗ਼ਲਤ ਰੁਝਾਨਾਂ ਉੱਤੇ ਤੜਫਾ ਦੇਣ ਵਾਲਾ ਵਾਰ ਕਰਦਾ ਹੈ।

ਉਸ ਦੀਆਂ ਚਿੰਤਾਵਾਂ, ਫਿਕਰ ਤੇ ਸਰੋਕਾਰ ਨਿੱਜੀ ਭਾਂਤ ਦੇ ਨਹੀਂ। ਜੰਗ ਦਾ ਵਿਰੋਧ ਕਰਦਾ ਹੋਇਆ ਉਹ ਕੌਮੀ ਸ਼ਾਵਨਵਾਦ ਦਾ ਸ਼ਿਕਾਰ ਨਹੀਂ ਹੁੰਦਾ। ਉਹ ਹਿੰਦੂ ਫਿਰਕਾ ਪ੍ਰਸਤੀ ਵਰਗੇ ਗੰਭੀਰ ਰਾਸ਼ਟਰੀ ਮੁੱਦੇ ਉੱਤੇ ਸ਼ਾਨਦਾਰ ਨਜ਼ਮਾਂ ਲਿਖ ਕੇ ਇਕ ਤਿੱਖੇ ਵਿਅੰਗਕਾਰ ਤੇ ਜਨਵਾਦੀ ਕਵੀ ਦਾ ਫਰਜ਼ ਪੂਰਾ ਕਰਦਾ ਹੈ।

ਪਰ ਉਸ ਦਾ ਵਿਅੰਗ ਕਲਾ-ਵਿਹੂਣਾ ਨਹੀਂ ਹੁੰਦਾ। ਉਹ ਮੌਲਿਕ ਬਿੰਬਾਵਲੀ ਦੀ ਸਹਾਇਤਾ ਨਾਲ



ਸਾਰੀ ਸਥਿਤੀ ਅਥਵਾ ਵਾਤਾਵਰਣ ਦਾ ਉਸਾਰੀ ਕਰਦਾ ਹੈ ਤੇ ਕਿਤੇ ਵੀ ਸੁਹਜ-ਵਿਹੂਣਾ ਨਹੀਂ ਹੁੰਦਾ।

ਸਾਹਿਤ ਵਿੱਚ ਮੱਠ-ਧਾਰੀ ਆਲੋਚਕਾਂ ਬਾਰੇ ਅਤੇ ਔਰਤ-ਲੇਖਕਾਂ ਬਾਰੇ ਉਲਾਰ ਹੋਏ ਪਾਖੰਡੀ ਸਾਹਿਤਕਾਰਾਂ ਬਾਰੇ ਉਸ ਦੀ ਕਾਵਿ ਟਿੱਪਣੀ ਵੇਖਣ ਵਾਲੀ ਹੈ।

ਪਰ ਦਿਸ ਪਏ ਸਹੀ ਕਿਤੇ ਕੋਈ ਰਾਣੀ ਸੁੰਦਰਾਂ
ਤਾਂ ਇਹਨਾਂ ਦੀ ਨਜ਼ਰ ਬੜੀ ਸਵੱਲੀ ਹੋ ਜਾਂਦੀ ਹੈ
ਪਹੁੰਚ ਜਾਂਦੇ ਨੇ ਖੜਾਵਾਂ ਖੜਕਾਉਂਦੇ
ਮਹਿਲਾਂ ਦੇ ਸਿੰਘ-ਦਵਾਰ ਉੱਤੇ

ਭਾਰਤ-ਪਾਕ ਸਬੰਧਾਂ ਵਿੱਚ ਆਏ ਕੂਟਨੀਤਕ ਤਣਾਓ ਤੇ ਜੰਗੀ ਮਾਹੌਲ ਪੈਦਾ ਕਰਨ ਵਾਲਿਆਂ ਹਾਕਮਾਂ ਉੱਤੇ ਵੀ ਉਸ ਦੀ ਅੱਖ ਹੈ।

ਕੰਡਿਆਲੀ ਤਾਰ ਤੋਂ ਪਰੇ ਵੀ ਇਕ ਨੀਰੋ ਬੰਸਰੀ ਵਜਾਉਂਦਾ ਹੈ।
ਕੰਡਿਆਲੀ ਤਾਰ ਤੋਂ ਉਰੇ ਵੀ ਇੱਕ ਨੀਰੋ ਬੰਸਰੀ ਵਜਾਉਂਦਾ ਹੈ।

ਉਸ ਦੀ ਨਜ਼ਰ ਫਿਰਕੂ ਫਸਾਦਾਂ ਤੋਂ ਤੁਰ ਕੇ ਧਾਰਮਿਕ ਕੱਟੜ-ਵਾਦੀ ਬੁਨਿਆਦ ਪ੍ਰਸਤਾਂ ਤੀਕ ਸਫਰ ਕਰਦੀ ਹੈ। ਮੁਸਲਮ ਤੇ ਹਿੰਦੂ ਫਿਰਕਾ ਪ੍ਰਸਤੀ ਉਸ ਲਈ ਬਰਾਬਰ ਦੀ ਚਿੰਤਾ ਦਾ ਕਾਰਨ ਹੈ। ਬੱਸਾਂ ਦੇ ਅੱਡਿਆਂ ਤੇ ਰੁਜ਼ਗਾਰ ਵਜੋਂ ਛੱਲੀਆਂ ਭੁੰਨ ਕੇ ਵੇਚਦੇ ਬੱਚੇ ਤੇ ਮਟਕਾ ਚੌਂਕ ਵਿੱਚ ਹੱਕਾਂ-ਹਿਤਾਂ ਲਈ ਜੂਝਦੇ ਕਿਸਾਨ ਉਸ ਲਈ ਕਾਵਿ-ਮੁੱਦੇ ਬਣਦੇ ਹਨ।

ਭਗਵਾਨ ਢਿਲੋਂ ਨੇ ਨਿੱਕੇ ਜਹੇ ਸੰਗ੍ਰਹਿ ਵਿੱਚ ਵੱਡੇ ਮੁੱਦੇ ਉਠਾਏ ਨੇ। ਉਸ ਦੀ ਸ਼ਾਇਰੀ ਨਾਲ ਪੰਜਾਬੀ ਕਾਵਿ-ਖੇਤਰ ਵਿੱਚ ਇੱਕ ਗੰਭੀਰ ਭਾਂਤ ਦੇ ਵਿਅੰਗਕਾਰ ਦਾ ਪ੍ਰਵੇਸ਼ ਹੋਇਆ ਹੈ, ਜਿਸ ਕੋਲ ਸੂਝ ਵੀ ਹੈ ਤੇ ਸੁਹਜ ਵੀ। ਅਜਿਹੀ ਸ਼ਾਇਰੀ ਦੇਰ ਤੀਕ ਰੜਕਦੀ ਰਹਿੰਦੀ ਹੈ।

*—ਨਵਜੋਤ ਹੁੰਦਲ*

## 'ਅਸੀਂ ਕਾਲੇ ਲੋਕ ਸਦੀਂਦੇ' / (ਅਵਤਾਰ)

'ਅਸੀਂ ਕਾਲੇ ਲੋਕ ਸਦੀਂਦੇ' ਸੁਪ੍ਰਸਿੱਧ ਸ਼ਾਇਰ ਅਵਤਾਰ (ਜੰਡਿਆਲਵੀ) ਦਾ ਤੀਜਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ ਦੋ ਕਾਵਿ-ਸੰਗ੍ਰਹਿ 'ਕੱਪਰ ਛੱਲਾ' (1961) ਅਤੇ 'ਮੇਰੇ ਪਰਤ ਆਉਣ ਤੱਕ' (1983) ਕਾਫੀ ਨਾਮਣਾ ਖੱਟ ਚੁੱਕੇ ਹਨ। ਅਵਤਾਰ (ਜੰਡਿਆਲਵੀ) ਉਹਨਾਂ ਚੰਦ ਇਕ ਲੇਖਕਾਂ ਵਿਚੋਂ ਹੈ ਜਿਹੜੇ ਵੀਹਵੀਂ ਸਦੀ ਦੇ ਅਰੰਭਕੀ ਸੱਠਵਿਆਂ ਵਰ੍ਹਿਆਂ ਵਿਚ ਇੰਗਲੈਂਡ ਪਰਵਾਸ ਧਾਰਨ ਤੋਂ ਪਹਿਲਾਂ ਪੰਜਾਬੀ ਸਾਹਿਤਕ ਜਗਤ ਵਿਚ ਹੋਣਹਾਰ, ਨੌਜਵਾਨ, ਪ੍ਰਤਿਭਾਸ਼ੀਲ ਕਵੀ ਹੋਣ ਦੇ ਨਾਤੇ ਆਪਣੇ ਹਸਤਾਖਰ ਸਥਾਪਤ ਕਰਨ ਦੇ ਦੌਰ ਵਿਚੋਂ ਲੰਘ ਰਹੇ ਸਨ। ਇੰਗਲੈਂਡ ਵਿਚ ਵਿਚਰਨ ਸਮੇਂ ਅਵਤਾਰ ਪਹਿਲਾਂ ਪੰਜਾਬੀ ਸਾਹਿਤ ਸਭਾ ਲੰਡਨ ਅਤੇ ਪਿਛੋਂ ਪ੍ਰਗਤੀਸ਼ੀਲ ਲਿਖਾਰੀ ਸਭਾ ਲੰਡਨ ਦਾ ਮਾਨਯੋਗ ਸਦੱਸ ਹੀ ਨਹੀਂ, ਇਹਨਾਂ ਜਥੇਬੰਦੀਆਂ ਦੀਆਂ ਸਰਗਰਮੀਆਂ ਵਿਚ ਭਰਪੂਰ ਯੋਗਦਾਨ ਪਾਉਂਦਾ ਰਿਹਾ ਹੈ। ਇਸ ਸਮੇਂ ਦੌਰਾਨ ਅਵਤਾਰ (ਜੰਡਿਆਲਵੀ) ਨੇ ਆਪਣੇ ਪਿਛਲੇ ਪਿੰਡ (ਯਾਦ ਰਹੇ ਇਹ ਪਿੰਡ ਜੰਡਿਆਲਾ ਮੰਜਕੀ ਜਿਲ੍ਹਾ ਜਲੰਧਰ ਦਾ ਹੈ) ਵਾਲੇ 'ਜੰਡਿਆਲਵੀ' ਤਖੱਲਸ ਨੂੰ ਤਿਲਾਂਜਲੀ ਦੇ ਕੇ ਆਪਣੀਆਂ ਰਚਨਾਵਾਂ ਕੇਵਲ ਅਵਤਾਰ ਦੇ ਨਾਮ ਹੇਠ ਪ੍ਰਕਾਸ਼ਤ ਕਰਵਾਉਣੀਆਂ ਆਰੰਭ ਕਰ ਦਿੱਤੀਆਂ ਸਨ। ਸਿੱਟੇ ਵਜੋਂ ਇਸ ਦੇ ਦੋ ਪਿਛਲੇ ਕਾਵਿ-ਸੰਗ੍ਰਹਿ ਕੇਵਲ 'ਅਵਤਾਰ' ਦੇ ਨਾਮ ਹੇਠ ਪ੍ਰਕਾਸ਼ਤ ਹੋਏ ਹਨ।

ਹਥਲੇ ਕਾਵਿ-ਸੰਗ੍ਰਹਿ 'ਅਸੀਂ ਕਾਲੇ ਲੋਕ ਸਦੀਂਦੇ' ਦਾ ਗਹਿਰ ਗੰਭੀਰ ਪਾਠ ਕਰਦਿਆਂ ਸਭ ਤੋਂ ਪਹਿਲਾਂ ਧਿਆਨ ਅਵਤਾਰ ਦੀ ਸਮਰਪਣਾਤਮਿਕ ਸਤਰ "ਨਵੀਂ ਦੁਨੀਆਂ ਦੇ ਸਿਰਜਣਹਾਰ ਕਾਲਿਆਂ ਲਈ" ਵੱਲ ਕੇਂਦਰਤ ਹੁੰਦਾ ਹੈ। ਮਨ ਵਿਚ ਤੁਰੰਤ ਪ੍ਰਸ਼ਨ ਜਾਗਦਾ ਹੈ ਕਿ ਕੀ ਨਵੀਂ

ਦੁਨੀਆਂ ਦੀ ਸਿਰਜਣਾ ਵਿਚੋਂ ਵਿਸ਼ਵ ਭਰ ਦੇ ਤਮਾਮ ਚਿੱਟਿਆਂ/ਗੋਰਿਆਂ ਨੂੰ ਮਨਫ਼ੀ ਕਰਨਾ ਸੰਭਵ
ਹੈ ? ਕੀ ਚਿੱਟੇ ਅਧਿਆਪਕ ਬਲੇਅਰ ਪੀਚ ਵਰਗੀ ਮਹਾਨ ਇਤਿਹਾਸਕ ਹਸਤੀ ਦੀ ਇੰਗਲੈਂਡ ਵਿਚ
ਕਾਲਿਆਂ ਦੇ ਹੱਕਾਂ ਲਈ ਚਿੱਟਿਆਂ ਦੀ ਨਸਲਵਾਦੀ ਫ਼ਾਸ਼ਿਸਟ ਜਥੇਬੰਦੀ ਨੈਸ਼ਨਲ ਫਰੰਟ ਦੇ ਵਿਰੁੱਧ
ਸਾਊਥਲ ਸ਼ਹਿਰ ਵਿਚ ਹੋ ਰਹੇ ਮੁਜ਼ਾਹਰੇ ਵਿਚ ਪੁਲੀਸ ਦੀ ਕੁੱਟ ਮਾਰ ਨਾਲ ਪ੍ਰਾਪਤ ਕੀਤੀ ਸ਼ਹੀਦੀ ਨੇ
ਸਾਬਕਾ ਸਾਊਥਲ ਨਿਵਾਸੀ ਅਵਤਾਰ ਦੀ ਨਵੀਂ ਦੁਨੀਆਂ ਦੀ ਸਿਰਜਣਾ ਵਿਚ ਕੋਈ ਯੋਗਦਾਨ ਨਹੀਂ
ਪਾਇਆ। ਅੱਜ ਵੀ ਵਿਸ਼ਵੀਕਰਣ ਦੀ ਇਕ ਕੜੀ ਵਜੋਂ ਅਮਰੀਕਨ ਸਾਮਰਾਜ ਅਤੇ ਉਸ ਦੀਆਂ
ਇਤਹਾਦੀ ਫੌਜਾਂ ਵਲੋਂ ਈਰਾਕ ਉੱਤੇ ਨੰਗੇ ਚਿੱਟੇ ਹਮਲੇ ਦੇ ਵਿਰੁੱਧ ਪੱਛਮੀ ਦੇਸ਼ਾਂ ਦੇ ਚਿੱਟਿਆਂ ਵਸਨੀਕਾਂ
ਨੇ ਸਭ ਤੋਂ ਵੱਧ ਅਵਾਜ਼ ਬੁਲੰਦ ਕੀਤੀ ਹੈ। ਕੀ ਇਸ ਇਤਿਹਾਸਕ ਸੱਚਾਈ ਨੂੰ ਅਣਗੌਲਿਆ ਜਾ ਸਕਦਾ
ਹੈ ? ਮਜ਼ੇਦਾਰ ਤੱਥ ਇਹ ਹੈ ਕਿ ਅਵਤਾਰ ਆਪਣੇ ਕਾਲੇ ਨਸਲਵਾਦੀ ਸਿਧਾਂਤ ਨੂੰ ਸਤਾਰ੍ਹਵੀਂ ਅਠਾਰ੍ਹਵੀਂ
ਸਦੀ ਦੇ ਕਾਮਲ ਸੂਫੀ ਫਕੀਰ ਸਾਈਂ ਬੁੱਲ੍ਹੇ ਸ਼ਾਹ ਨਾਲ ਜਾ ਜੋੜਦਾ ਹੈ ਅਤੇ ਪੁਸਤਕ ਦੀ ਭੂਮਿਕਾ ਵਿਚ
ਪੰਜਾਬੀ ਸਾਹਿਤਕ ਜਗਤ ਦਾ ਪ੍ਰਸਿੱਧ ਵਿਦਵਾਨ ਪ੍ਰੋ. ਸਤਿੰਦਰ ਸਿੰਘ ਨੂਰ ਇਸ ਨੂੰ ਵਿਸਥਾਰ ਦਿੰਦਾ
ਲਿਖਦਾ ਹੈ : "ਇਹ ਚੇਤਨਾ ਪ੍ਰੰਪਰਕ ਪ੍ਰਗਤੀਸ਼ੀਲ ਚੇਤਨਾ ਤੋਂ ਵੱਖਰੀ ਕਿਸਮ ਦੀ ਹੈ। ਇਸ ਦੀਆਂ ਪਰਤਾਂ
ਕੇਵਲ ਭਾਵੁਕ ਨਹੀਂ ਬੌਧਿਕ ਹਨ ਕਿਉਂਕਿ ਅਜਿਹੀ ਚੇਤਨਾ ਵਿਚੋਂ ਹੀ ਕੂ-ਕਲਕਸ-ਕਲਾ ਤੇ ਕਟਾਖਸ਼
ਜਾਗਦੀ ਹੈ।" ਏਥੇ ਇਸ ਤੱਥ ਦਾ ਵਰਨਣ ਕਰਨਾ ਅਣ-ਉਚਿੱਤ ਨਹੀਂ ਹੋਵੇਗਾ ਕਿ ਸਾਈਂ ਬੁੱਲ੍ਹੇ ਸ਼ਾਹ ਨੇ
'ਕਾਲਾ' ਸ਼ਬਦ ਬਿਲਕੁਲ ਵੱਖਰੇ ਅਰਥਾਂ ਵਿਚ ਵਰਤਿਆ ਸੀ ਜਿਸ ਦੇ ਵਿਸਥਾਰ ਵਿਚ ਜਾਣ ਦੀ ਏਥੇ
ਗੁੰਜਾਇਸ਼ ਨਹੀਂ। ਇਸ ਸੰਗ੍ਰਹਿ ਦਾ ਪਾਠਗਤ ਅਧਿਅਨ ਕਰਦਿਆਂ ਇਸ ਦੀ ਸਭ ਤੋਂ ਪ੍ਰਥਮ ਕਵਿਤਾ
'ਪੱਛਮ' ਹੀ ਆਕਰਸ਼ਣ ਦਾ ਬਿੰਦੂ ਬਣ ਜਾਂਦੀ ਹੈ ਜਿਸ ਵਿਚ ਸ਼ਾਇਰ ਅਵਤਾਰ ਨੇ ਨੌਜਵਾਨ ਨੂੰ ਸੰਬੋਧਨੀ
ਸ਼ੈਲੀ ਵਿਚ 'ਪੱਛਮ' ਵੱਲ ਜਾਣ ਲਈ ਪ੍ਰੇਰਨਾ ਦਿੰਦਾ ਹੋਇਆ, ਵਿਸ਼ਵ ਇਤਿਹਾਸ ਦੀ ਪ੍ਰਮਾਣਿਕ ਧਾਰਾ
ਦੇ ਵਿਪਰੀਤ ਇਕ ਵੱਖਰੀ ਭਾਂਤ ਦੀ ਨਿਵੇਕਲੀ ਇਤਿਹਾਸਕ ਧਾਰਨਾ ਪ੍ਰਸਤੁਤ ਕਰ ਜਾਂਦਾ ਹੈ—

ਪੱਛਮ ਵਲ ਨੂੰ ਜਾਈਂ ਜਵਾਨਾ
ਪੱਛਮ ਵਲ ਨੂੰ ਜਾਈਂ।
ਪੱਛਮ ਵਲ ਨੂੰ ਗਈ ਹਕੂਮਤ
ਪੱਛਮ ਵਲ ਨੂੰ ਰਾਣੇ
ਪੱਛਮ ਵਲ ਲੋਕਾਈ ਜਾਂਦੀ
ਪੱਛਮ ਵੱਲ ਜਰਵਾਣੇ। (ਪੰਨਾ 15)

ਅਵਤਾਰ ਦੀਆਂ ਬਹੁਤ ਸਾਰੀਆਂ ਨਜ਼ਮਾਂ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਬੜੇ ਤਿੱਖੇ ਵੇਗ ਅਤੇ
ਮੌਲਿਕ ਅੰਦਾਜ਼ ਨਾਲ ਆਰੰਭ ਹੁੰਦੀਆਂ ਹਨ। ਇਹਨਾਂ ਵਿਚ ਅਵਤਾਰ ਆਪਣੀ ਵਿਲੱਖਣ ਪ੍ਰਤਿਭਾ
ਰਾਹੀਂ ਰਵਾਨਗੀ ਅਤੇ ਸੰਗੀਤ ਪੈਦਾ ਕਰਦਾ ਹੈ। ਇਹਨਾਂ ਵਿਚ ਉਹ ਨਵੀਨ ਵਿਧੀ ਅਤੇ ਬਿੰਬ-ਵਿਧਾਨ
ਰਾਹੀਂ ਕਲਾਤਮਿਕਤਾ ਦੇ ਵਿਭਿੰਨ ਰੰਗ ਭਰਨ ਦਾ ਆਹਰ ਕਰਦਾ ਤੇ ਪ੍ਰੰਤੂ ਇਸ ਪ੍ਰਕਿਰਿਆ ਦੌਰਾਨ ਜਦੋਂ
ਵੀ ਆਪਣੀ ਵਿਚਾਰਧਾਰਾ ਉੱਤੇ ਅਧਾਰਤ ਆਪਣੇ ਮਾਨਵੀ ਜੀਵਨ ਦ੍ਰਿਸ਼ਟੀਕੋਣ ਨੂੰ ਨਜ਼ਮ ਵਿਚ
ਰੂਪਾਂਤਰਣ ਕਰਨ ਵਿਚ ਜੁੱਟਦਾ ਹੈ ਤਾਂ ਜਾਂ ਉਸ ਦੀ ਵਿਚਾਰਲੜੀ ਟੁੱਟ ਕੇ ਦੁਬਿਧਾ ਦਾ ਸ਼ਿਕਾਰ ਹੋ ਜਾਂਦੀ
ਹੈ ਜਾਂ ਫਿਰ ਉਲਾਰ ਹੋ ਜਾਂਦੀ ਹੈ। ਇਸ ਪ੍ਰਸੰਗ ਵਿਚ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚੋਂ
ਉਦਾਹਰਣਾਂ ਉਪਲਬਧ ਹਨ ਜਿਨ੍ਹਾਂ ਵਿਚੋਂ ਉਸ ਦੀ ਇਕ ਕਵਿਤਾ 'ਗੋਰੀਆਂ' ਦੀਆਂ ਕੁਝ ਤੁਕਾਂ ਹਾਜ਼ਰ ਹਨ।

ਬੀਚ ਉੱਤੇ ਲੇਟੀਆਂ ਹਨ ਗੋਰੀਆਂ।
ਅੱਖਾਂ ਮੀਟੀ, ਖਿਲਰੀਆਂ ਖਿਲਰੀਆਂ।
ਜਿਉਂ ਕੋਈ ਵੱਤਰ ਧਰਤੀਆਂ।
ਇਨ੍ਹਾਂ ਵਿਚ ਕੋਈ ਤਾਂ ਕੱਢੇਗਾ ਸਿਆੜ।
ਛਾਤੀਆਂ ਦੇ ਤੋੜ ਸੁੱਟੇਗਾ ਬੈਲੂਨ।

ਉਪਰੋਕਤ ਤੁਕਾਂ ਵਿਚ ਅਵਤਾਰ ਦੀ ਵਿਚਾਰਧਾਰਾ ਅਨੁਸਾਰ ਔਰਤ ਜ਼ਾਤੀ ਕੇਵਲ ਅਤੇ ਕੇਵਲ



ਜਿਣਸੀ ਤੌਰ ਉੱਤੇ ਵਰਤੀ ਜਾਣ ਵਾਲੀ ਕਿਸੇ ਸ਼ੈਅ ਦਾ ਚਿੰਨ-ਮਾਤਰ ਹੀ ਹੈ।

ਪ੍ਰੰਤੂ ਜਦੋਂ ਉਹ ਆਪਣੀ ਇਸ ਦੂਸ਼ਤ ਮੂਲ-ਪ੍ਰਵਿਰਤੀ ਉੱਤੇ ਕਾਬੂ ਪਾ ਕੇ ਸੰਤੁਲਨ ਮਾਨਸਿਕ ਵਿਵਹਾਰ ਦੀ ਪ੍ਰਦਰਸ਼ਨੀ ਕਰਦਾ ਹੈ ਤਾਂ ਉਸ ਦੀ ਰਚਨਾ ਵਿਚ ਵਸਤੂ ਯਥਾਰਥ ਦੀ ਸੰਵੇਦਨਸ਼ੀਲਤਾ ਅਜਿਹਾ ਕਲਾਤਮਿਕ ਰੂਪ ਗ੍ਰਹਿਣ ਕਰਦੀ ਹੈ ਕਿ ਉਹ ਰਚਨਾ ਅਵਤਾਰ-ਕਾਵਿ ਦੀ ਇਕ ਉੱਤਮ ਪ੍ਰਾਪਤੀ ਬਣ ਜਾਂਦੀ ਹੈ ਜਿਵੇਂ :-

ਪੱਛਮੀ ਸੱਭਿਅਤਾ ਤੋਂ ਸਿੱਖ
ਕਰਨੀ ਕਿਵੇਂ ਹੈ 'ਹੈਲੋ ਤੇ ਹਾਏ'
ਨਫ਼ਰਤ ਦੇ ਸ਼ਬਦ ਕਹਿਣੇ ਹਨ
ਤਾਂ ਸ਼ਹਿਦ ਵਿਚ ਪਾ ਕੇ ਕਹਿ। (ਸੱਭਿਅਤਾ ਪੰਨਾ 30)

ਇਸ ਕਵਿਤਾ ਵਿਚ ਸੂਖਸ਼ਮ ਅਤੇ ਤਿੱਖਾ ਵਿਅੰਗ ਹੈ। ਏਸੇ ਤਰ੍ਹਾਂ 'ਮੋਟਰ ਵੇ ਤੇ ਮਰਿਆ ਸੈਹਾ' 'ਫ਼ਾਸਲਾ' ਅਤੇ 'ਗੁਆਂਢ' ਆਦਿ ਕਵਿਤਾਵਾਂ ਦੀ ਸੰਰਚਨਾ ਵਿਚ ਕਲਾਤਮਿਕ ਤੱਤ ਮੌਜੂਦ ਹਨ।

ਇਸ ਪੁਸਤਕ ਦੇ ਪਾਠ ਉਪਰੰਤ ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਅਵਤਾਰ-ਕਾਵਿ ਦੀ ਵੱਖਰੀ ਸਿਨਟੈਕਸ ਅਤੇ ਵੱਖਰਾ ਹੀ ਸਟਾਈਲ ਹੈ। ਕਈ ਵਾਰੀ ਉਹ ਉੱਤਰ-ਆਧੁਨਿਕ ਬਣਨ ਦੀ ਰੁਚੀ ਅਧੀਨ ਆਪਣੇ ਅਸਲੀ ਕਾਵਿਕ-ਪੈਰਾਡਾਈਮ ਨੂੰ ਭਟਕਣ ਦੇ ਰਾਹ ਪਾ ਲੈਂਦਾ ਹੈ। ਪ੍ਰੰਤੂ ਤਸੱਲੀ ਵਾਲਾ ਤੱਥ ਇਹ ਹੈ ਕਿ ਉਹ ਬੁਨਿਆਦੀ ਤੌਰ 'ਤੇ ਇਕ ਕਵੀ ਹੈ। ਉਸ ਦੀ ਇਸ ਪੁਸਤਕ ਵਿਚ ਇਕ ਵੀ ਅਜਿਹੀ ਰਚਨਾ ਸ਼ਾਮਿਲ ਨਹੀਂ ਜਿਹੜੀ ਅਕਵਿਤਾ, ਵਾਰਤਕੀ-ਕਵਿਤਾ ਜਾਂ ਕਾਵਿ-ਮਈ ਵਾਰਤਕ ਅਖਵਾਉਣ ਦੀ ਚੁਗਲੀ ਖਾਂਦੀ ਹੋਵੇ। ਉਸ ਦੀ ਕਵਿਤਾ ਵਿਚ ਲੈਅ, ਤਾਲ ਅਤੇ ਸੰਗੀਤ ਹੈ। ਉਸ ਦੀ ਕਲਪਨਾ ਵਿਚ ਸ਼ਕਤੀ ਹੈ। ਸੌਂਦਰਯ ਸ਼ਾਸਤਰ ਤੋਂ ਉਹ ਭਲੀਭਾਂਤ ਜਾਣੂ ਹੈ। ਹੁਣ ਉਸ ਪਾਸ ਵਕਤ ਵੀ ਬਹੁਤ ਹੈ। ਮੈਂ ਆਸ ਰੱਖਦਾ ਹਾਂ ਕਿ ਅਵਤਾਰ 'ਮੁਹਾਲੀ' ਦਾ ਅਗਲਾ ਕਾਵਿ-ਸੰਗ੍ਰਹਿ ਅਜਿਹਾ ਹੀ ਉਤਕ੍ਰਿਸ਼ਟ ਹੋਵੇਗਾ, ਜਿਸ ਦੀ ਉਸ ਵਰਗੇ ਪ੍ਰਤਿਭਾਸ਼ੀਲ ਕਵੀ ਪਾਸੋਂ ਅਸੀਂ ਸਾਰੇ ਤਵੱਕੋਂ ਰੱਖਦੇ ਹਾਂ।

ਮੈਂ ਇਹ ਪੁਸਤਕ ਪੰਜਾਬੀ ਪਾਠਕਾਂ ਨੂੰ ਸਾਵਧਾਨੀ ਨਾਲ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ।

*—ਗੁਰਨਾਮ ਢਿੱਲੋਂ-ਯੂ.ਕੇ.*


**ਪੰਜਾਬੀ ਦੇ ਜਨ-ਵਾਦੀ ਕਵੀ**

ਹਰਭਜਨ ਸਿੰਘ ਹੁੰਦਲ

ਦੀ ਸੰਨ 2000 ਤੀਕ ਦੀ ਰਚੀ ਗਈ ਸਮੁੱਚੀ

ਕਾਵਿ ਰਚਨਾ ਦਾ ਵੱਡਾ ਗ੍ਰੰਥ

**ਕਵਿਤਾ ਦੀ ਤਲਾਸ਼**

ਸੰਪਾਦਕ : ਨਵਜੋਤ ਹੁੰਦਲ
ਹਰਪ੍ਰੀਤ ਸਿੰਘ ਹੁੰਦਲ (ਡਾ.)

ਮੁੱਲ—ਪੇਪਰ ਬੈਕ-ਮੁੱਲ 100/-

ਕੁਕਨੁਸ ਪ੍ਰਕਾਸ਼ਨ, ਜਲੰਧਰ

## ਪੁਸਤਕ-ਪ੍ਰਾਪਤੀ

1. ਅੰਤਹੀਣ (ਕਹਾਣੀਆਂ) ਗੁਰਦਰਸ਼ਨ ਕੌਰ, ਪੰਨੇ 96, ਮੁੱਲ 50/- ਸ਼ਿਵ ਪ੍ਰਕਾਸ਼ਨ, ਜਲੰਧਰ।
2. ਮੋਹ ਦੀਆਂ ਪੌਣਾਂ (ਕਵਿਤਾਵਾਂ) ਗੁਰਿੰਦਰ ਕਲਸੀ, ਪੰਨੇ 64, ਮੁੱਲ 30/-, ਪ੍ਰਤੀਕ ਪ੍ਰਕਾਸ਼ਨ, ਲੁਧਿਆਣਾ।
3. ਰੋੜੀ ਕੁੱਟ ਰਹੀਆਂ ਮੁਟਿਆਰਾਂ (ਗੀਤ/ਕਵਿਤਾਵਾਂ) ਜੁਗਿੰਦਰ ਮਤਵਾਲਾ, ਪੰਨੇ 95, ਮੁੱਲ 40/, ਕੁਕਨੁਸ ਪ੍ਰਕਾਸ਼ਨ, ਜਲੰਧਰ।
4. ਨਵੀਂ ਫਸਲ ਦਾ ਬੀਜ (ਕਵਿਤਾ) ਅਮਿਤ, ਪੰਨੇ 80, ਮੁੱਲ 100/- ਪ੍ਰਤੀਕ ਪ੍ਰਕਾਸ਼ਨ, ਲੁਧਿਆਣਾ।
5. ਮਾਇਆ (ਲੰਮੀ ਕਵਿਤਾ) ਤਰਸੇਮ, ਪੰਨੇ 96, ਮੁੱਲ 150/-, ਜਸ਼ਨ ਪ੍ਰਕਾਸ਼ਨ, ਬਰਨਾਲਾ।
6. ਪੰਜਾਬ ਦੀ ਨਕਸਲਬਾੜੀ ਲਹਿਰ (ਇਤਿਹਾਸ) ਬਲਬੀਰ ਪਰਵਾਨਾ, ਮੁੱਲ ਪੇਪਰ ਬੈਕ 30/-, ਪੰਨੇ 108 ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
7. The Red Rose (Punjabi Poems) Harbhajan Singh Hundal Pages 32 Price 30. Chiragh Parkashan.
8. ਮਰਜਾਣੀ ਜੀਤੋ (ਕਹਾਣੀਆਂ) ਬਲਜੀਤ ਕੌਰ ਬੱਲੀ, ਪੰਨੇ 112, ਮੁੱਲ 125/-, ਸ਼ਿਵ ਪ੍ਰਕਾਸ਼ਨ, ਜਲੰਧਰ।
9. ਉੱਚਾ ਬੁਰਜ ਲਾਹੌਰ ਦਾ (ਗੀਤ, ਗ਼ਜ਼ਲਾਂ) ਸੁਲੱਖਣ ਸਰਹੱਦੀ, ਪੰਨੇ 104, ਮੁੱਲ 40/- ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ।
10. ਦਰਦ-ਭਰੇ ਬੋਲ (ਕਵਿਤਾਵਾਂ) ਸੁਖਦੇਵ ਸਿੰਘ ਪ੍ਰੇਮੀ, ਮੁੱਲ 80/-, ਪੰਨੇ 96, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ।
11. ਨਿਸ਼ਾਨਦੇਹੀ (ਮਿਡਲ) ਅਮਰਜੀਤ ਬੱਬਰੀ, ਪੰਨੇ 96, ਮੁੱਲ 40/-, ਕੁਕਨੁਸ ਪ੍ਰਕਾਸ਼ਨ, ਜਲੰਧਰ।
12. ਟਿੱਬਿਆਂ ਦੀ ਜੂਨ (ਕਹਾਣੀਆਂ) ਜਸਵੀਰ ਕਲਸੀ, ਪੰਨੇ 96, ਮੁੱਲ 40/-, ਕੁਕਨੁਸ ਪ੍ਰਕਾਸ਼ਨ, ਜਲੰਧਰ।
13. ਰੇਤ ਦੀਆਂ ਕੰਧਾਂ (ਕਹਾਣੀਆਂ) ਭੋਲਾ ਸਿੰਘ ਸੰਘੇੜਾ, ਪੰਨੇ 120 ਮੁੱਲ 60/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
14. ਗ਼ਜ਼ਲਨਾਮਾ (ਗ਼ਜ਼ਲਾਂ) ਅਜੀਤ ਸਿੰਘ ਢੰਗਰਾਲੀ, ਪੰਨੇ 96, ਮੁੱਲ 100/- ਤਰਕਸ਼ ਪਬਲੀਕੇਸ਼ਨਜ਼, ਮਲੇਰਕੋਟਲਾ
15. ਅੰਨਦਾਤਾ (ਨਾਵਲ) ਬਲਦੇਵ ਸਿੰਘ ਮੋਗਾ ਪੰਨੇ 350/-, 150 ਆਰਸੀ ਪਬਲਿਸ਼ਰ, ਦਿੱਲੀ।
16. ਹਨੇਰਿਆਂ ਨੂੰ ਅਲਵਿਦਾ (ਗ਼ਜ਼ਲ) ਅਮਰਜੀਤ ਕੌਰ ਨਾਜ਼, ਪੰਨੇ 119 ਮੁੱਲ 60/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ।
17. ਭੱਥੇ ਵਿਚਲੇ ਤੀਰ (ਨਾਵਲ) ਡਾ. ਅਮਰਜੀਤ ਸਿੰਘ, ਪੰਨੇ 141 ਮੁੱਲ 125/-, ਨੈਸ਼ਨਲ ਬੁੱਕ ਸ਼ਾਪ, ਦਿੱਲੀ।
18. ਮੈਨੀਟੋਬਾ ਦਾ ਇਤਿਹਾਸ (ਵਾਰਤਕ) ਜੋਗਿੰਦਰ ਸ਼ਮਸ਼ੇਰ ਪੰਨੇ 152 ਮੁੱਲ 150/-, ਕੁਕਨੁਸ ਪ੍ਰਕਾਸ਼ਨ।
19. ਮੈਂ ਤੇ ਕਵਿਤਾ (ਕਵਿਤਾਵਾਂ) ਮੰਗਾ ਸਿੰਘ ਬਾਸੀ, ਪੰਨੇ 88, ਮੁੱਲ 50/-, ਕੁਕਨੁਸ ਪ੍ਰਕਾਸ਼ਨ, ਜਲੰਧਰ।
20. ਆਲੋਚਕ, ਹੀਰੋ ਜਾਂ ਜ਼ੀਰੋ (ਵਿਅੰਗ-ਲੇਖ) ਬਿਪਨ ਗੋਇਲ ਪੰਨੇ 96, ਮੁੱਲ 50/- ਕੁਕਨੁਸ ਪ੍ਰਕਾਸ਼ਨ।
21. ਆਥਣ ਵੇਲਾ (ਕਵਿਤਾਵਾਂ) ਹਰਬਖਸ਼ ਸਿੰਘ ਮਕਸੂਦਪੁਰੀ ਪੰਨੇ 96, ਮੁੱਲ 50/- ਕੁਕਨੁਸ ਪ੍ਰਕਾਸ਼ਨ।
22. ਕੌਰਵ ਸਭਾ (ਨਾਵਲ) ਮਿੱਤਰ ਸੈਨ ਮੀਤ, ਪੰਨੇ 366, ਮੁੱਲ ਪੇਪਰ ਬੈਕ 120/-, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
23. ਵਿਹੜਾ (ਗਲਪ-ਕਾਵਿ) ਸੁਖਵੰਤ ਕੌਰ ਮਾਨ, ਪੰਨੇ 80, ਮੁੱਲ 80/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ।
24. ਆਪਣਾ ਆਪਣਾ ਸੁਰਗ (ਕਹਾਣੀਆਂ) ਜਰਨੈਲ ਸਿੰਘ ਸੇਖਾ, ਮੁੱਲ 40/- ਪੰਨੇ 70, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
25. ਦੀਵਾ ਬੁਝਿਆ ਨਹੀਂ (ਨਾਵਲ) ਰ.ਸ.ਰਿਖੀ, ਮੁੱਲ 200/- ਪੰਨੇ 248,ਚੇਤਨਾ ਪ੍ਰਕਾਸ਼ਨ ਲੁਧਿਆਣਾ।
26. ਖੁਸ਼ਬੂਆਂ ਦੇ ਕੰਗਣ (ਕਵਿਤਾਵਾਂ) ਸੁਦਰਸ਼ਨ ਗਾਸੋ, ਪੰਨੇ 80 ਮੁੱਲ 80/-, ਚੇਤਨਾ ਪ੍ਰਕਾਸ਼ਨ ਲੁਧਿਆਣਾ।
27. ਦੋਸਤੀ (ਗ਼ਜ਼ਲ) ਸਵਰਨ ਸਿੰਘ ਪਰਵਾਨਾ, ਪੰਨੇ 96, ਮੁੱਲ 100, ਚੇਤਨਾ ਪ੍ਰਕਾਸ਼ਨ, ਲੁਧਿਆਣਾ।
28. ਬਿਨ ਸਿੰਗੋ ਸਾਨ (ਕਹਾਣੀਆਂ) ਪ੍ਰੋ. ਹਰਭਜਨ ਸਿੰਘ, ਪੰਨੇ 177, ਮੁੱਲ 150, ਚੇਤਨਾ ਪ੍ਰਕਾਸ਼ਨ, ਲੁਧਿਆਣਾ।
29. ਇੱਛਰਾਂ (ਨਾਵਲ) ਬਸੰਤ ਕੁਮਾਰ ਰਤਨ, ਪੰਨੇ 199, ਮੁੱਲ 140/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
30. ਧੁੱਪ 'ਚ ਜਗਦਾ ਦੀਵਾ (ਕਵਿਤਾਵਾਂ) ਦਰਸ਼ਨ ਬੁਲੰਦਵੀ, ਪੰਨੇ 96, ਮੁੱਲ 50/-, ਕੁਕਨੁਸ ਪ੍ਰਕਾਸ਼ਨ।
31. ਪਰਬਤਾਂ ਸੰਗ ਸੰਵਾਦ (ਯਾਤਰਾ ਪ੍ਰਸੰਗ) ਡਾ. ਰਜਨੀਸ਼ ਬਹਾਦਰ ਸਿੰਘ, ਪੰਨੇ 96, ਮੁੱਲ 50, ਕੁਕਨੁਸ ਪ੍ਰਕਾਸ਼ਨ, ਜਲੰਧਰ।
32. ਵਿਅੰਗ ਲੋਕ (ਲੇਖ) ਬਿਪਨ ਗੋਇਲ, ਪੰਨੇ 104, ਮੁੱਲ 120/-, ਸ਼ਿਲਾਲੇਖ, ਦਿੱਲੀ।
33. ਸਪੰਦਨ (ਕਵਿਤਾਵਾਂ) ਅਰਤਿੰਦਰ ਸੰਧੂ, ਪੰਨੇ 96, ਮੁੱਲ 42/-, ਕੁਕਨੁਸ ਪ੍ਰਕਾਸ਼ਨ, ਜਲੰਧਰ।
34. ਆਕਟੋਪਸ (ਕਵਿਤਾਵਾਂ) ਸੋਮਾ ਸਬਲੋਕ, ਪੰਨੇ 72, ਮੁੱਲ 40/- ਕੁਕਨੁਸ ਪ੍ਰਕਾਸ਼ਨ ਜਲੰਧਰ।
35. ਲੋਕ ਗੀਤਾਂ ਦੇ ਨਾਲ ਨਾਲ (ਲੇਖ) ਡਾ. ਕਰਮਜੀਤ ਸਿੰਘ, ਪੰਨੇ 104, ਮੁੱਲ 50/- ਕੁਕਨੁਸ ਪ੍ਰਕਾਸ਼ਨ।



ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਲ

ਅਮਰ ਪ੍ਰੀਤ

ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ :

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ :-(O) 01852-222927

(R) 98140-75265

(Fax) : 225327

**Chiragh Quarterly** **April-June, 2003**
**Registered with the Registrar of News-Papers of India No – PUN-PUN O 2776/AL/TC/94**

## ਮਿਆਰੀ ਅਤੇ ਕਿਫ਼ਾਇਤੀ ਪੁਸਤਕਾਂ (20 ਰੁਪਏ ਸੀਰੀਜ਼ ਵਿਚ)

### ਚੋਣਵੀਆਂ ਕਹਾਣੀਆਂ

ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਜਸਵੰਤ ਸਿੰਘ ਵਿਰਦੀ, ਰਵਿੰਦਰ ਰਵੀ, ਮੈਕਸਿਮ ਗੋਰਕੀ, ਗੁਲਜ਼ਾਰ ਸਿੰਘ ਸੰਧੂ, ਪਾਕਿਸਤਾਨੀ ਪੰਜਾਬੀ ਕਹਾਣੀ/ ਪਾਕਿਸਤਾਨੀ ਉਰਦੂ ਕਹਾਣੀ

| | |
|---|---|
| ਅਰਧਨਾਰੀਸ਼ਵਰ | (ਬਿਹਾਰ ਦੀਆਂ ਕਹਾਣੀਆਂ) |
| ਉਣੇ | ਗੁਰਮੀਤ ਕੜਿਆਲਵੀ |
| ਕਥਾ ਜਾਪਾਨੀ | ਸੰ. ਪਰਮਿੰਦਰ ਸੋਢੀ |
| ਟਿੱਬਿਆਂ ਦੀ ਜੂਨ | ਜਸਵੀਰ ਕਲਸੀ |

### ਨਾਵਲ

| | |
|---|---|
| ਪੰਧ | ਅਫ਼ਜ਼ਲ ਅਹਿਸਨ ਰੰਧਾਵਾ |
| ਕਮਜ਼ਾਤ | ਫ਼ਖ਼ਰ ਜ਼ਮਾਨ |
| ਚਾਨਣੀਆਂ ਪੈੜਾਂ (ਰੂਸੀ) | ਤਿਖੋਨ ਸਾਈਮੁਸ਼ਕਿਨ |
| ਤ੍ਰੇਹ | ਮੀਰ ਤਨਹਾ ਯੂਸਫ਼ੀ |
| ਇਕ ਸਮੁੰਦਰ ਪਾਰ | ਮੀਰ ਤਨਹਾ ਯੂਸਫੀ |
| ਰੇਤ ਦਾ ਦਰਵਾਜ਼ਾ | ਤਾਹਿਰ ਬਿਨ ਜੈਲੋਨ |

ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ/ਵੇਦਾ
ਮਰਦ ਵਿਚਲੀ ਔਰਤ : ਅਜਾਇਬ ਕਮਲ
ਆਲੋਚਕ : ਹੀਰੋ ਜਾਂ ਜ਼ੀਰੋ (ਵਿਅੰਗ) ਬਿਪਨ ਗੋਇਲ

### ਕਾਵਿ ਸੰਗ੍ਰਹਿ

| | |
|---|---|
| ਪੰਜਾਬੀ ਸ਼ਾਇਰੀ | ਹਬੀਬ ਜਾਲਿਬ |
| ਖੰਡਰ, ਖ਼ਾਮੋਸ਼ੀ ਤੇ ਰਾਤ | ਸੁਰਿੰਦਰ ਸੋਹਲ |
| ਜੋਗ ਜੁਗਤਿ | ਸ਼ਹਰਯਾਰ |
| ਰੇਤ ਦਾ ਖ਼ੁਦਾ | ਭੁਪਿੰਦਰਪ੍ਰੀਤ |
| ਆਕਟੋਪਸ | ਸੋਮਾ ਸਬਲੋਕ |
| ਸਪੰਦਨ | ਅਰਤਿੰਦਰ ਸੰਧੂ |
| ਆਥਣ ਵੇਲਾ | ਹਰਬਖਸ਼ ਮਕਸੂਦਪੁਰੀ |
| ਮੈਂ ਸ਼ਬਦਾਂ ਨੂੰ ਕਿਹਾ | ਭੁਪਿੰਦਰ ਕੌਰ ਪ੍ਰੀਤ |
| ਧੁਪ 'ਚ ਜਗਦਾ ਦੀਵਾ | ਦਰਸ਼ਨ ਬੁਲੰਦਵੀ |
| ਰੋੜ ਕੁਟ ਰਹੀਆਂ ਮੁਟਿਆਰਾਂ | ਜੁਗਿੰਦਰ ਮਤਵਾਲਾ |
| ਸਮੁੰਦਰ ਬੁਲਾਉਂਦਾ ਹੈ | ਹਰਮੀਤ ਵਿਦਿਆਰਥੀ |
| ਸੋਨੇ ਦੀ ਸਲੀਬ ਤੋਂ | ਕ੍ਰਿਸ਼ਨ ਭਨੋਟ |
| ਕੋਮਲ ਸਿੰਘ ਆਖਦਾ ਹੈ | ਬਲਵਿੰਦਰ ਸੰਧੂ |
| ਜੰਗਲੀ ਸਫ਼ਰ | ਜਗਤਾਰਜੀਤ |
| ਮੁਖ਼ਬਰੀ ਕਰਦੇ ਦਿਨ | ਹਰਭਜਨ ਸਿੰਘ ਹੁੰਦਲ |
| ਅੰਤਿਮ ਲੜਾਈ | ਸ਼ਿਵਨਾਥ |

### ਯਾਤਰਾ ਪ੍ਰਸੰਗ

| | |
|---|---|
| ਪਰਬਤਾਂ ਸੰਗ ਸੰਵਾਦ | ਰਜਨੀਸ਼ ਬਹਾਦਰ ਸਿੰਘ |
| ਜਾਣੇ ਅਣਜਾਣੇ ਸਫਰ | ਸੁਪਨਦੀਪ ਸੰਧੂ |
| ਜੜ੍ਹਾਂ ਦੀ ਪਰਿਕਰਮਾ | ਗੁਰਚਰਨ ਸੱਗੂ |

ਦੱਖਣੀ ਭਾਰਤ ਦੀ ਯਾਤਰਾ : ਡਾ. ਗੁਰਚਰਨ ਮਹਿਤਾ

### ਵਿਸ਼ੇਸ਼ ਪੁਸਤਕਾਂ

| | |
|---|---|
| ਜੀਵਨ ਯਾਦਾਂ (ਪਾਬਲੋ ਨੇਰੂਦਾ) | 60/- |
| ਚੋਣਵੀਂ ਕਵਿਤਾ (ਨਾਜ਼ਿਮ ਹਿਕਮਤ) | 40/- |
| ਮੌਤ ਦੀ ਉਡੀਕ 'ਚ (ਸ਼ਿਵ ਵਰਮਾ) | 20/- |
| ਲੋਕ ਗੀਤਾਂ ਦੇ ਨਾਲ-ਨਾਲ (ਡਾ. ਕਰਮਜੀਤ) | 30/- |
| ਫੈਜ਼ ਦੇ ਖ਼ਤ ਬੇਗਮ ਸਰਫ਼ਰਾਜ ਇਕਬਾਲ ਦੇ ਨਾਂ | 20/- |
| ਮੰਟੋ ਦੇ ਖ਼ਤ | 20/- |
| ਸ਼ੀਸ਼ਾ (40 ਕਹਾਣੀਆਂ) ਗੁਰਦੇਵ ਸਿੰਘ ਰੁਪਾਣਾ | 75/- |
| ਧਰਤੀ ਪੁੱਤਰ (ਕਹਾਣੀਆਂ) ਪ੍ਰੇਮ ਗੋਰਖੀ | 30/- |
| ਜਲਾਵਤਨ (ਕਹਾਣੀਆਂ) ਸੁਕੀਰਤ | 30/- |
| ਅੱਧੇ ਅਧੂਰੇ (ਕਹਾਣੀਆਂ) ਲਾਲ ਸਿੰਘ | 30/- |
| ਖਾਰਾ ਬੱਦਲ (ਕਹਾਣੀਆਂ) ਦਲਬੀਰ ਚੇਤਨ | 30/- |

### ਵਿਸ਼ੇਸ਼ ਕਾਵਿ ਸੰਗ੍ਰਹਿ

| | |
|---|---|
| ਕਵਿਤਾ ਦੀ ਤਲਾਸ਼ : ਹਰਭਜਨ ਸਿੰਘ ਹੁੰਦਲ (2000 ਤੱਕ ਦੀ ਸਮੁੱਚੀ ਕਵਿਤਾ) | 100/- |
| ਚੁਪ ਚੁਪੀਤੇ ਚੇਤਰ ਚੜ੍ਹਿਆ : ਸੁਖਪਾਲ | 30/- |
| ਅਰਜਨ ਸਿੰਘ 'ਗੜਗਜ', ਸਮੁੱਚੀ ਰਚਨਾ | 75/- |
| ਵਗਦੀ ਏ ਰਾਵੀ : ਵਰਿਆਮ ਸਿੰਘ ਸੰਧੂ | 50/- |
| ਸਮਕਾਲੀ ਮਾਰਕਸੀ ਚਿੰਤਨ (ਡਾ. ਭੀਮ ਇੰਦਰ ਸਿੰਘ) | 60/- |
| ਮਾਰਕਸੀ ਵਿਸ਼ਵ ਚਿੰਤਨ ,, | 60/- |
| ਆਧੁਨਿਕ ਪੰਜਾਬੀ ਕਹਾਣੀ ,, | 60/- |
| ਸਹਿ ਚਿੰਤਨ (ਲੇਖ) ਭੰਡਾਲ-ਤਸਕੀਨ | 30/- |

**ਕੁਕਨੂਸ ਪ੍ਰਕਾਸ਼ਨ/ਨਵਾਂ ਜ਼ਮਾਨਾ ਬੁੱਕ ਸ਼ਾਪ**
ਨਹਿਰੂ ਗਾਰਡਨ ਰੋਡ, ਜਲੰਧਰ। ਫੋਨ ਨੰ. 2214028 (ਘਰ), 2220290, 2230466 (ਦਫ਼ਤਰ)